ਵਰਿਆਮ

੩੧ਵਾਂ ਸਾਲ
ਜੂਨ, ੨੦੦੬



"ਜਪਿਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ"

ਗੁਰੂ ਅਰਜਨ ਦੇਵ ਜੀ (ਸ਼ਹੀਦੀ ੧੬੦੬ ਈ.)

ਸੇਵਕ ਕੀ ਓੜਕ
ਨਿਭਹੀ ਪ੍ਰੀਤ



ਦਲੀਪ ਸਿੰਘ ਨਾਮਧਾਰੀ

(ਸੁਰਗਵਾਸ ੩੦ ਅਪ੍ਰੈਲ, ੨੦੦੬)

ਯਾਦਾਂ ਦੇ ਦੇਸ਼ 'ਚੋਂ



ਸੰਤ ਅਜੀਤ ਸਿੰਘ ਲਾਇਲ, ਸੁਰਿੰਦਰ ਸਿੰਘ ਨਾਮਧਾਰੀ, ਕਸ਼ਮੀਰ ਸਿੰਘ,
ਸੰਤ ਦਲੀਪ ਸਿੰਘ, ਸ. ਹ.ਸ. ਹੰਸਪਾਲ ਅਤੇ ਡਾ. ਸੁਰਜੀਤ ਪਾਤਰ



ਸੰਤ ਦਲੀਪ ਸਿੰਘ ਨਾਮਧਾਰੀ, ਸ. ਹਰਵਿੰਦਰ ਸਿੰਘ ਹੰਸਪਾਲ,
ਸ. ਤਰਲੋਚਨ ਸਿੰਘ ਐਮ.ਪੀ. ਅਤੇ ਡਾ. ਸੁਰਜੀਤ ਪਾਤਰ



ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ
ਖੱਬੇ ਤੋਂ ਸੱਜੇ ਹੈੱਡ ਬੁਆਏ, ਸੰਤ ਹਰਪਾਲ ਸਿੰਘ ਹਜ਼ੂਰੀ ਸੇਵਕ,
ਸੰਤ ਦਲੀਪ ਸਿੰਘ ਚੇਅਰਮੈਨ ਅਤੇ ਸ. ਤਰਲੋਚਨ ਸਿੰਘ ਮਠਾੜੂ

ਵਰਿਆਮ

ਜੂਨ -੨੦੦੬

ਜਿਲਦ-੩੧

ਅੰਕ- ੮

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-:੦੧੮੧- ੨੨੨੨੫੪੩
ਘਰ : ੦੧੮੧-੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. :0181-2222543 (O)
0181-2456289 (R)

ਵਰਿਆਮ ਦੇ ਦਰ

ਇਹ ਅੰਕ	੧੫-੦੦
ਸਲਾਨਾ ਚੰਦਾ	੧੫੦-੦੦
ਪੰਜ ਸਾਲ ਲਈ	੬੦੦-੦੦
ਜੀਵਨ ਮੈਂਬਰ	੧੫੦੦-੦੦
ਵਿਦੇਸ਼ ਲਈ	੨੫ ਪੌਂਡ ਜਾਂ ੩੫ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸੰਪਾਦਕੀ

ਮਹੀਨਾ ਜੂਨ ਦਾ

ਮਹੀਨਾ ਜੂਨ ਬਹੁਤ ਇਤਿਹਾਸਕ ਯਾਦਾਂ ਸਮੋਈ ਬੈਠਾ ਹੈ। ਸੰਨ ੧੬੦੬ ਈ. ਨੂੰ ਉਸ ਈਸ਼ਵਰੀ ਹਸਤੀ ਨੂੰ ਸ਼ਹੀਦ ਕੀਤਾ ਗਿਆ ਜਿਸ ਬਾਰੇ ਭੱਟਾਂ ਨੇ ਕਿਹਾ ਕਿ "ਜਪਿਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ"

ਅਤੇ ਅੱਜ ਸੰਨ ੨੦੦੬ ਵਿਚ ਉਸ ਮਹਾਨ ਘਟਨਾ ਨੂੰ ਚਾਰ ਸੌ ਸਾਲ ਹੋ ਰਹੇ ਹਨ। ਸਿੱਖ ਭਾਈਚਾਰਾ ਇਸ ਅਦੁੱਤੀ ਸ਼ਹੀਦੀ ਨੂੰ ਸ਼ਤਾਬਦੀ ਦੇ ਰੂਪ ਵਿਚ ਲੰਬੇ-ਚੌੜੇ ਪ੍ਰੋਗਰਾਮ ਉਲੀਕ ਕੇ ਮਨਾ ਰਿਹਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਪੰਜਾਬ ਦੇ ਇਤਿਹਾਸ ਵਿਚ ਚਿਰ ਸਥਾਈ ਅਸਰ ਪਾਇਆ ਅਤੇ ਸਦੀਆਂ ਦੀ ਤਵਾਰੀਖ ਦੀ ਧਾਰਾ ਹੀ ਬਦਲ ਦਿੱਤੀ। ਇਸ ਸ਼ਹੀਦੀ ਬਾਰੇ ਬਹੁਤ ਕੁਝ ਅਸੀਂ ਆਪਣੇ ਜੀਵਨ ਵਿਚ ਪ੍ਰਚਾਰਕਾਂ ਕੋਲੋਂ ਸੁਣਦੇ ਰਹੇ ਹਾਂ। ਇਸ ਅੰਕ ਵਿਚ ਸਾਡੇ ਪੁਰਾਣੇ ਬਜ਼ੁਰਗ ਮਿੱਤਰ ਅਤੇ ਇਕ ਸਦੀ ਦੇ ਹਾਣੀ ਵਿਦਵਾਨ ਪ੍ਰੋ. ਡਾ. ਹਰਨਾਮ ਸਿੰਘ ਸ਼ਾਨ ਨੇ ਇਕ ਲੇਖ ਵਿਚ ਉਸ ਸ਼ਹੀਦੀ ਦੇ ਮੂਲ ਕਾਰਨਾਂ ਅਤੇ ਅਸਲ ਦੋਸ਼ੀਆਂ ਦੀ ਪਛਾਣ ਕੀਤੀ ਹੈ।

ਨਾਮਧਾਰੀ ਦਰਬਾਰ ਵੱਲੋਂ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਗੁਰਗੱਦੀ ਸੰਭਾਲਣ ਦੀ ਪਹਿਲੀ ਸ਼ਤਾਬਦੀ ਮਨਾਈ ਜਾ ਰਹੀ ਹੈ। ਸਤਿਗੁਰੂ ਹਰੀ ਸਿੰਘ ਇਕ ਧੀਰ ਵੀਰ ਸ਼ਾਂਤੀ ਦੀ ਮੂਰਤੀ ਵਜੋਂ ਜਾਣੇ ਜਾਂਦੇ ਹਨ। ਅਜਿਹੀ ਸ਼ਾਂਤ ਮੂਰਤ ਦੇ ਸਮੇਂ ਸਭ ਤੋਂ ਵੱਧ ਕਰੋਪੀ, ਜ਼ੁਲਮ ਦਾ ਪਰਹਾਰ ਬਦੇਸ਼ੀ ਸਰਕਾਰ ਅਤੇ ਆਪਣੇ ਭਾਈਬੰਦਾਂ ਵੱਲੋਂ ਹੋਇਆ ਪਰ ਕਮਾਲ ਦੀ ਪਰਬੀਨਤਾ ਨਾਲ ਉਸ ਅਤੀ ਬਿਖੜੇ ਸਮੇਂ ਵਿਚ ਵਿਦਰੋਹੀ ਨਾਮਧਾਰੀ ਅੰਦੋਲਨ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਰਮਾ, ਰੂਸ ਤੱਕ ਫੈਲਾਇਆ ਗਿਆ, ਸਭ ਤੋਂ ਵੱਧ ਜਬਰ ਦਾ ਮੁਕਾਬਲਾ ਕੀਤਾ ਗਿਆ। ਇਹ ਬਹੁਤ ਲੂੰ ਕੰਢੇ ਖੜੇ ਕਰਨ ਵਾਲਾ ਇਤਿਹਾਸ ਹੈ ਪਰ ਨਾਮਧਾਰੀ ਕੂਕਾ ਪੰਥ ਇਸ ਵਿਚੋਂ ਕੁੰਦਨ ਹੋ ਕੇ ਨਿਕਲਿਆ। ਇਸ ਗਾਥਾ ਨੂੰ ਅਸੀਂ ਵੱਖਰੇ ਕਿਸੇ ਲੇਖ ਵਿਚ ਉਜਾਗਰ ਕਰਨ ਦਾ ਯਤਨ ਕਰਾਂਗੇ। ਸ੍ਰੀ ਭੈਣੀ ਸਾਹਿਬ ਵਿਚ ਸ਼ਤਾਬਦੀ ਸਮਾਰੋਹ ਧੂਮਧਾਮ ਨਾਲ ਮਨਾਇਆ ਜਾ ਚੁੱਕਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਨਾਮ ਅਨੁਸਾਰ ਹੀ ਮਹਾਨ ਪ੍ਰਤਾਪੀ ਅਥਵਾ ਅੱਟਲ ਪ੍ਰਤਾਪੀ ਸ਼ਖਸੀਅਤ ਸਨ। ਉਨ੍ਹਾਂ ਦੀ ਆਮਦ ਨਾਲ ਹੀ ਨਾਮਧਾਰੀਆਂ ਉਤੇ ਛਾਏ ਘੋਰ ਸੰਕਟ ਦੇ ਬੱਦਲ ਛਟਣੇ ਸ਼ੁਰੂ ਹੋਏ। ਸ੍ਰੀ ਭੈਣੀ ਸਾਹਿਬ ਗੁਰੂ ਦਰਾਂ ਅੱਗੇ ਬੈਠਾਈ ਵਿਸ਼ੇਸ਼ ਪੁਲਿਸ ਚੌਕੀ ਅੱਧੀ ਸਦੀ ਬਾਅਦ ਚੁਕਾਈ ਗਈ। ਦੇਸ਼ ਦੇ ਆਜ਼ਾਦੀ ਅੰਦੋਲਨ ਵਿਚ ਬੜੀ ਸਰਗਰਮੀ ਨਾਲ ਨਾਮਧਾਰੀ ਸਿੰਘਾਂ ਨੇ ਹਿੱਸਾ ਲਿਆ। ਨਾਮਧਾਰੀ ਪੰਥ ਵੱਲੋਂ ਬਰਦਾਸ਼ਤ ਕੀਤੀਆਂ ਸਖਤੀਆਂ ਅਤੇ ਦੇਸ਼ ਦੀ ਪਰਾਧੀਨਤਾ ਦੇ ਸੰਗਲ ਕੱਟਣ ਲਈ ਕੀਤੇ ਜਤਨਾਂ ਦਾ ਉਸ ਸਮੇਂ ਵਿਆਪਕ ਪੱਧਰ 'ਤੇ ਪਰਚਾਰ ਹੋ ਸਕਿਆ। ਕੌਮੀ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦੇ ਸੋਨ ਸੁਨਿਹਰੀ ਯੋਗਦਾਨ ਦੀ ਚਰਚਾ ਕੌਮੀ ਪੱਧਰ ਦੇ ਲੀਡਰਾਂ ਅਤੇ ਜਨਤਾ ਵਿਚ ਹੋਈ। ਇਕ ਧਾਰਮਿਕ ਜਥੇਬੰਦੀ ਵਜੋਂ ਨਾਮਧਾਰੀ ਪੰਥ ਹੋਰ ਸੁਦ੍ਰਿੜ ਹੋਇਆ ਅਤੇ ਵੱਖ-ਵੱਖ ਫਿਰਕਿਆਂ ਅਤੇ ਭਾਈਚਾਰਿਆਂ ਵਿਚ ਏਕਤਾ ਦੀ ਇਕ ਲਹਿਰ ਚਲ ਪਈ। ਜਿਸ ਦੇ ਸਾਲਾਰੇ ਆਜ਼ਮ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ।

ਜੂਨ ਮਹੀਨੇ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਇਸਤਰੀ ਜਾਗ੍ਰਤੀ ਅਤੇ ਸਨਮਾਨ ਦੇ ਸਬੰਧ ਵਿਚ ਯਾਦਗਾਰੀ ਦਿਨ ਆਉਂਦੇ ਹਨ। ਇਸਤ੍ਰੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਦੇਣੀ ਅਤੇ ਅਨੰਦ ਕਾਰਜ ਪ੍ਰਣਾਲੀ ਦਾ ਆਰੰਭ ਕਰਨਾ। ਇਸ ਸਬੰਧ ਵਿਚ ਪ੍ਰਸਿੱਧ ਵਿਦਵਾਨ ਸ. ਕਰਤਾਰ ਸਿੰਘ ਨੀਲਧਾਰੀ ਜੀ ਦਾ ਲੇਖ ਪੁਜਾ ਹੋਇਆ ਹੈ ਜੋ ਛੱਪਦਾ ਛਪਦਾ ਰਹਿ ਗਿਆ ਹੈ। ਅਨੰਦ ਕਾਰਜ ਆਰੰਭ ਕਰਨ ਬਾਰੇ ਹੁਣ ਵਿਦਵਾਨ ਵੱਖਰੀਆਂ ਵੱਖਰੀਆਂ ਰਾਵਾਂ ਅਤੇ ਤੱਥ ਪੇਸ਼ ਕਰ ਰਹੇ ਹਨ ਪਰ ਜੋ ਸਮਾਜ ਵਿਚ ਬੁਨਿਆਦੀ ਤਬਦੀਲੀ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਲਿਆਂਦੀ ਹੈ ਉਸ ਨੇ ਸਮਾਜ ਦੇ ਗਰੀਬ ਤਬਕੇ ਦਾ ਬਹੁਤ ਭਲਾ ਕੀਤਾ ਹੈ। ਇਹ ਕੇਵਲ ਵੇਦ ਮੰਤਰਾਂ ਦੀ ਥਾਂ 'ਤੇ ਗੁਰਬਾਣੀ ਸ਼ਬਦਾਂ ਦੇ ਉਚਾਰਨ ਦਾ ਮਸਲਾ ਨਹੀਂ ਸਗੋਂ ਲੋਕਾਂ ਦੀ ਸੋਚ ਵਿਚ ਬੁਨਿਆਦੀ ਤਬਦੀਲੀ ਦਾ ਮਸਲਾ ਵੀ ਹੈ। ਇਸਤਰੀ ਜਾਤੀ ਨਾਲ ਸਬੰਧਿਤ ਅਜੋਕੇ ਸਰੋਕਾਰ ਦਾਜ ਦਹੇਜ ਦੇ ਮਸਲੇ, ਬਾਲੜੀ ਹੱਤਿਆ ਅਤੇ ਭਰੂਣ ਹੱਤਿਆ, ਬਰਾਬਰੀ ਦਾ ਮਸਲਾ, ਔਰਤ ਦੀ ਵਿੱਦਿਆ ਅਤੇ ਆਜ਼ਾਦੀ ਦੀ ਸਮੱਸਿਆ ਇਨ੍ਹਾਂ ਸਾਰੀਆਂ ਗੱਲਾਂ ਨੂੰ ਛੋਂਹਦਾ ਹੈ ਸਤਿਗੁਰੂ ਰਾਮ ਸਿੰਘ ਜੀ ਵੱਲੋਂ ੨-੩ ਜੂਨ ੧੮੬੩ ਨੂੰ ਪਿੰਡ ਖੋਟਿਆਂ ਵਿਚ ਅਨੰਦ ਕਾਰਜ ਲਾਗੂ ਕਰਨ ਲਈ ਕੀਤਾ ਮੇਲਾ ਜਿਸ ਦੇ ਫਲਸਰੂਪ ਸਰਕਾਰੀ ਦਖਲ ਨਾਲ ਮੇਲਾ ਬਰਖਾਸਤ ਕੀਤਾ ਗਿਆ ਅਤੇ ਸਤਿਗੁਰੂ ਜੀ ਨੂੰ ਥਾਣਿਓਂ ਥਾਨੀਂ ਭੈਣੀ ਸਾਹਿਬ ਭਿਜਵਾਇਆ ਗਿਆ। ਸੋ ਜੂਨ ਦੇ ਮਹੀਨੇ ਵਿਚ ਇਸ ਪਰੋਪਕਾਰ ਦੀ ਯਾਦ ਵੀ ਜੁੜੀ ਹੋਈ ਹੈ।

ਪਿਛਲੇ ਦਿਨੀਂ ਲੁਧਿਆਣਾ ਦੇ ਸੂਬਾ ਹਰਭਜਨ ਸਿੰਘ ਜੀ ਦਾ ਇਕ ਫੋਨ ਆਇਆ ਜੋ ਝਾਰਖੰਡ ਵਿਚੋਂ ਹਜ਼ਾਰੀ ਬਾਗ ਤੋਂ ਬੋਲ ਰਹੇ ਸਨ। ਕਾਰਨ ਇਹ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਸਿੱਧ ਮੁਖਤਿਆਰੇ ਆਮ-ਸੂਬਾ ਸਾਹਿਬ ਸਿੰਘ ਆਪਣੀ ਨਜ਼ਰਬੰਦੀ ਤੇ ਕੈਦ ਦੌਰਾਨ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਸ਼ਹੀਦ ਹੋ ਗਿਆ ਸੀ ੧੦ ਜੂਨ ੧੮੬੯ ਨੂੰ। ਇਹ ਉਹ ਲੋਕ ਸਨ ਜੋ ਮਰਦੇ ਮਰ ਗਏ ਪਰ ਕੋਈ ਸਮਝੌਤਾ ਨਹੀਂ ਕੀਤਾ ਕੋਈ ਟੈਂ ਨਹੀਂ ਮੰਨੀ ਅਤੇ ਕਦੇ ਅਦਨ (ਅਰਬ) ਵਿਚ ਕਦੇ ਹਜ਼ਾਰੀ ਬਾਗ

(ਬਿਹਾਰ) ਦੀ ਸਪੈਸ਼ਲ ਜੇਲ੍ਹ ਵਿਚ ਅੰਗਰੇਜ਼ ਹੁਕਮਰਾਨ ਰੋਲਦੇ ਰਹੇ। ਹਜ਼ਾਰੀ ਬਾਗ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਦੀ ਅਦੁੱਤੀ ਯਾਦ ਵਿਚ ਸਮਾਰਕ ਕਾਇਮ ਕੀਤਾ ਹੈ ਜਿਥੇ ਅਖੰਡ ਨਾਮ ਸਿਮਰਨ ਦੀ ਵਰਨੀ ਵੀ ਚੱਲਦੀ ਹੈ। ਪੰਜਾਬ ਤੋਂ ਕਿਤੇ ਦੂਰ ਇਹ ਅਸਥਾਨ ਨਾਮਧਾਰੀ ਸੰਘਰਸ਼ ਦੀਆਂ ਯਾਦਾਂ ਸਾਂਭੀ ਬੈਠਾ ਹੈ। ਸੂਬਾ ਸਾਹਿਬ ਸਿੰਘ ਦੀ ਸ਼ਹਾਦਤ ਨੂੰ ਅਸੀਂ ਯਾਦ ਹੀ ਕਰ ਸਕਦੇ ਹਾਂ ਸਾਡੇ ਵਾਸਤੇ ਇਹ ਸਦਾ ਪ੍ਰੇਰਣਾ ਸ੍ਰੋਤ ਹੈ।

ਜੂਨ ਦਾ ਤਪਦਾ ਮਹੀਨਾ ਸਾਡੇ ਇਤਿਹਾਸ ਦੀਆਂ ਅਨਗਿਣਤ ਹੋਣੀਆਂ ਦਾ ਸੋਕ ਸਾਂਭੀ ਬੈਠਾ ਹੈ।

ਦਲੀਪ ਸਿੰਘ ਨਾਮਧਾਰੀ

ਸਾਡਾ ਦੋਸਤ ਸਾਡਾ ਅਜ਼ੀਜ਼ ਸ. ਦਲੀਪ ਸਿੰਘ ਕਾਹਲੀ ਤੋਰ ਵਾਲਾ ਵਿਅਕਤੀ ਸੀ ਅਤੇ ਕਾਹਲੀ ਨਾਲ ਹੀ ਉਹ ਆਪਣਾ ਜੀਵਨ ਪੰਧ ਮੁਕਾ ਗਿਆ ਹੈ। ਜਿਸ ਗੱਲ ਦਾ ਇਕ ਗੁੱਝਾ ਭੈਅ ਮਿੱਤਰਾਂ ਦੇ ਮਨ ਵਿਚ ਸੀ ਉਹੀ ਹੋ ਗਈ। ਕੈਂਸਰ ਦੇ ਰੋਗ ਨਾਲ ਅੰਦਰੋਂ ਅੰਦਰੀਂ ਜੂਝ ਰਹੇ ਪਰ ਬਾਹਰੋਂ ਸ਼ਾਂਤ ਦਲੀਪ ਸਿੰਘ ਬਾਰੇ ਕਿਸੇ ਮੋਅਜਜ਼ੇ ਦੀ ਉਡੀਕ ਖਤਮ ਹੋ ਗਈ ਅਤੇ ਅਸੀਂ ਸਤਿ ਕਰ ਕੇ ਭਾਣੇ ਅੱਗੇ ਸਿਰ ਝੁਕਾ ਦਿੱਤੇ।

ਜੇ ਉਤਸ਼ਾਹ, ਜੋਸ਼, ਉਮਾਹ ਅਤੇ ਜਜ਼ਬੇ ਦੀ ਗੱਲ ਕਰਨੀ ਹੋਵੇ ਤਾਂ ਉਸਦਾ ਨਾਂਅ ਸ੍ਰੀ ਦਲੀਪ ਸਿੰਘ ਨਾਮਧਾਰੀ। ਜੇ ਸਮਰਪਣ ਅਤੇ ਗੁਰੂ ਹੁਕਮ ਨੂੰ ਸਿਰ ਮੱਥੇ ਮੰਨਣ ਦੀ ਮਿਸਾਲ ਦੇਣੀ ਹੋਵੇ ਤਾਂ ਉਹ ਦਲੀਪ ਸਿੰਘ ਸੀ। ਨਾਮਧਾਰੀ ਪੰਥ ਲਈ ਦੌੜ ਭੱਜ ਕਰਨਾ ਇਸ ਦੀਆਂ ਸਫਲਤਾਵਾਂ ਉਤੇ ਖੁਸ਼ ਹੋਣਾ ਅਤੇ ਇਕ ਵਿਸਮਾਦ ਵਿਚ ਦੌੜੇ ਫਿਰਨਾ ਇਹ ਦਲੀਪ ਸਿੰਘ ਦਾ ਸ਼ੌਕ ਸੀ।

ਵੱਡੇ ਛੋਟੇ ਸਮਾਗਮਾਂ ਤੇ ਆਏ ਵੱਡੇ ਮਹਿਮਾਨਾਂ ਦਾ ਸਵਾਗਤ ਕਰਨਾ, ਉਨ੍ਹਾਂ ਦੇ ਨਾਲ ਹੋ ਕੇ ਜਾਣਕਾਰੀ ਲੈਣੀ ਦੇਣੀ ਅਤੇ ਆਦਰ ਸਤਿਕਾਰ ਦੇਣਾ ਇਹ ਦਲੀਪ ਸਿੰਘ ਜੀ ਦੀ ਆਪੇ ਸਹੇੜੀ ਜ਼ਿੰਮੇਵਾਰੀ ਸੀ।

ਵੱਖ-ਵੱਖ ਅਖਬਾਰਾਂ ਵਿਚ ਨਾਮਧਾਰੀ ਇਤਿਹਾਸਕ ਵਿਅਕਤੀਆਂ, ਸਮਾਗਮਾਂ, ਮੇਲਿਆਂ ਅਤੇ ਸਰਗਰਮੀਆਂ ਸਬੰਧੀ ਲੇਖ ਅਤੇ ਖ਼ਬਰਾਂ ਛਪਵਾਉਣੀਆਂ ਇਹ ਵੀ ਦਲੀਪ ਸਿੰਘ ਜੀ ਦਾ ਸ਼ੌਕ ਸੀ ਅਤੇ ਆਪੂੰ ਕਬੂਲੀ ਜ਼ਿੰਮੇਵਾਰੀ ਸੀ ਜਿਸ ਨੂੰ ਉਨ੍ਹਾਂ ਅੰਤ ਵੇਲੇ ਤੱਕ ਨਿਭਾਇਆ।

ਉਨ੍ਹਾਂ ਬੜੇ ਜੋਸ਼ ਨਾਲ ਮਹਾਰਾਜ ਬੀਰ ਸਿੰਘ ਜੀ ਦੀ ਅਗਵਾਈ ਵਿਚ ਕੁਝ ਸਮਾਂ ਗੁਰਸਿੱਖੀ ਵਿਚਾਰਧਾਰਾ ਅਤੇ ਨਿਰੀਖਿਅਕ ਪਰਚੇ ਕੱਢੇ ਅਤੇ ਚਲਾਏ। ਇਹੀ ਸ਼ੌਕ ਉਨ੍ਹਾਂ ਨੂੰ ਨਾਮਧਾਰੀ ਕੂਕਾ ਸਮਾਜ ਵਾਸਤੇ ਪੁਸਤਕਾਂ ਲਿਖਣ ਤੱਕ ਲੈ ਗਿਆ।

ਸਰਗਰਮੀਆਂ 'ਚ ਉਹ ਖੁਸ਼ ਰਹਿੰਦੇ ਸਨ। ਨਾਮਧਾਰੀ ਵਿੱਦਿਅਕ ਜਥਾ, ਜਿਸਦੇ ਉਹ ਕੁਲ ਹਿੰਦ ਪੱਧਰ ਦੇ ਪ੍ਰਧਾਨ ਰਹੇ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਜਿਸ ਦੀ ਅਗਜ਼ੈਕਟਿਵ ਦੇ ਉਹ ਮੈਂਬਰ ਰਹੇ ਅਤੇ ਇਸਦੇ ਵੱਡੇ ਵੱਡੇ ਸਮਾਗਮਾਂ ਵਿਚ ਉਹ ਲੰਗਰ ਦਾ ਪ੍ਰਬੰਧ ਕਰਦੇ ਅਤੇ ਲੇਖਕਾਂ ਨੂੰ ਪ੍ਰੇਰ ਪ੍ਰੇਰ ਕੇ ਖੀਰ ਵਾਲਾ ਲੰਗਰ ਛਕਾਉਂਦੇ, ਸਭ ਥਾਂ ਦਲੀਪ ਸਿੰਘ ਜੀ ਦੌੜ ਦੌੜ ਕੰਮ ਕਰਦੇ ਰਹੇ। ਅਸੀਂ ਉਨ੍ਹਾਂ ਨੂੰ ਆਰਾਮ ਕਰਦੇ ਨਹੀਂ ਵੇਖਿਆ। ਬਸ ਅੰਤਿਮ ਆਰਾਮ ਵੇਲੇ ਹੀ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਫੁੱਲ ਸਟਾਪ ਲੱਗਾ। ਉਹ ਭਾਸ਼ਨ ਕਲਾ ਅਤੇ ਸਟੇਜ ਪ੍ਰਬੰਧ ਦੇ ਵੀ ਮਾਹਿਰ ਸਨ ਅਤੇ ਇਹ ਕੰਮ ਕਰਦੇ ਉਹ ਥੱਕਦੇ ਨਹੀਂ ਸਨ। ਨੌਜਵਾਨਾਂ ਦੀ ਜਥੇਬੰਦੀ ਨਾਮਧਾਰੀ ਵਿੱਦਿਅਕ ਜਥੇ ਜਿਸ ਦੇ ਉਹ ਪ੍ਰਧਾਨ ਰਹੇ, ਦੀਆਂ ਥਾਂ ਪਰ ਥਾਂ ਜਥੇਬੰਦੀਆਂ ਕਾਇਮ ਕਰਨ ਵਿਚ ਉਨ੍ਹਾਂ ਸੰਤ ਅਜੀਤ ਸਿੰਘ ਨਾਮਧਾਰੀ ਲੁਧਿਆਣਾ (ਸਕੱਤਰ) ਦੀ ਸਹਾਇਤਾ ਨਾਲ ਪਿੰਡ ਪਿੰਡ ਦਾ ਦੌਰਾ ਕੀਤਾ ਅਤੇ ਵਿਦੇਸ਼ਾਂ ਵਿਚ ਵੀ ਗਏ। ਇਸ ਜੋੜੀ ਦਾ ਇਕ ਮਾਅਰਕੇ ਵਾਲਾ ਕੰਮ ਅਸੀਂ ਨਹੀਂ ਭੁੱਲ ਸਕਦੇ। ਸੰਨ ੧੯੯੩ ਵਿਚ ਬੰਗਲੌਰ ਵਾਲਾ ਵਿੱਦਿਅਕ ਸੰਮੇਲਨ। ਪੰਜਾਬ ਤੋਂ ਗੱਡੀਆਂ ਭਰ ਭਰ ਕੇ ਦਖਣ ਨੂੰ ਗਈਆਂ। ਸੈਂਕੜੇ ਡੈਲੀਗੇਟਾਂ ਦੀ ਰੀਜ਼ਰਵੇਸ਼ਨ ਸੀਟਾਂ ਦੀ ਅਲਾਟਮੈਂਟ ਅਤੇ ਜਲ ਪਾਣ ਦੇ ਪ੍ਰਬੰਧ ਹਿਮਾਲੀਆ ਵਰਗਾ ਉੱਚਾ ਕਾਰਜ ਸੀ ਜੋ ਇਨ੍ਹਾਂ ਨੇ ਬਹੁਤ ਪਰਬੀਨਤਾ ਅਤੇ ਸ਼ਾਂਤੀ ਨਾਲ ਸਿਰੇ ਚਾੜ੍ਹਿਆ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਨਾਮਧਾਰੀ ਮੇਲਿਆਂ ਦੇ ਕਵੀ ਦਰਬਾਰ, ਨਾਮਧਾਰੀ ਵਿੱਦਿਅਕ ਜਥਾ, ਨਾਮਧਾਰੀ ਦਰਬਾਰ, ਨਾਮਧਾਰੀ ਸੰਗਤ ਲੁਧਿਆਣਾ ਅਤੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਵੱਖ-ਵੱਖ ਥਾਵਾਂ 'ਤੇ ਹੁੰਦੇ ਸੈਮੀਨਾਰਾਂ, ਸਾਹਿਤਕ ਤੇ ਸਮਾਜਿਕ ਸਮਾਗਮਾਂ ਵਿਚ ਉਹ ਹਾਜ਼ਰ ਹੁੰਦੇ।

ਪੱਛਮੀ ਪੰਜਾਬ ਵਿਚ ਸਿਆਲਕੋਟ ਦੇ ਪਿੰਡ ਕੰਧਾਲਾ ਦੇ ਸ. ਕਿਸ਼ਨ ਸਿੰਘ ਦਾ ਹੋਣਹਾਰ ਅਤੇ ਸੁੰਦਰ ਸਪੁੱਤਰ ਦਲੀਪ ਸਿੰਘ ਚਿਰਾਂ ਤੀਕ ਯਾਦ ਰਹੇਗਾ। ਉਸਦੀ ਸਵਰਗੀ ਜੀਵਨ ਸਾਥਨ ਬੀਬੀ ਰਜਵੰਤ ਕੌਰ ਦੀ ਘਾਲਣਾ ਸਾਥ ਅਤੇ ਅਗਵਾਈ ਵੀ ਯਾਦ ਕਰਨ ਯੋਗ ਹੈ ਜਿਸ ਨੇ ਦਲੀਪ ਸਿੰਘ ਨੂੰ ਸਮਾਜਿਕ ਕਾਰਜਾਂ ਵਾਸਤੇ ਲਗਪਗ ਚਿੰਤਾ ਮੁਕਤ ਕਰ ਦਿੱਤਾ ਸੀ।

ਅੰਤਿਮ ਸਮੇਂ ਦੀ ਬਿਮਾਰੀ ਵਿਚ ਦਲੀਪ ਸਿੰਘ ਦੇ ਭਰਾਵਾਂ ਅਤੇ ਹੋਰ ਪਰਿਵਾਰ ਨੇ ਜੋ ਦੇਖਭਾਲ ਅਤੇ ਸੇਵਾ ਕੀਤੀ। ਉਸ ਦੀ ਪਰਸੰਸਾ ਮਈ ਚਰਚਾ ਹਰ ਪਾਸੇ ਹੈ।

ਦਲੀਪ ਸਿੰਘ ਬਹੁਤ ਕੁਝ ਸੀ। ਉਨ੍ਹਾਂ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ੭ ਮਈ ੨੦੦੬ ਨੂੰ ਜੋ ਅਦੁੱਤੀ ਸਮਾਗਮ ਹੋਇਆ ਉਹ ਹਾਜ਼ਰੀ ਅਤੇ ਸ਼ਰਧਾਂਜਲੀਆਂ ਦੇ ਪੱਖੋਂ ਇਕ ਲਾ ਮਿਸਾਲ ਮੇਲਾ ਸੀ।

ਮੇਲੇ ਹੁਣ ਵੀ ਹੁੰਦੇ ਰਹਿਣਗੇ, ਸਮਾਗਮ ਰਚੇ ਜਾਣਗੇ, ਸੰਮੇਲਨ ਹੋਣਗੇ ਪਰ ਦਲੀਪ ਸਿੰਘ ਜੀ ਦੀ ਹੱਸੂ ਹੱਸੂ ਕਰਦੀ ਸ਼ਖਸੀਅਤ ਨਹੀਂ ਵੇਖ ਸਕਾਂਗੇ। ਇਹ ਹੀ ਰਜ਼ਾ ਹੈ ਇਹ ਹੀ ਭਾਣਾ ਹੈ।

—ਜਗਦੀਸ਼ ਸਿੰਘ ਵਰਿਆਮ

ਸੁਪਨਾ ਹੋ ਗਿਉਂ ਯਾਰਾ !

— ਸੁਵਰਨ ਸਿੰਘ ਵਿਰਕ

ਪੂਰੇ ਇਕਤਾਲੀ ਵਰ੍ਹੇ ਪਹਿਲਾਂ, ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੁਆਨਾਂ ਨੂੰ ਲਾਮਬੰਦ ਕਰਨ ਦੇ ਚਿਤਵੇ ਸੰਕਲਪ ਸਦਕਾ, ਪਹਿਲਾ ਵਿਦਿਅਕ ਸੰਮੇਲਨ ਸਕੂਲਾਂ ਕਾਲਜਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਹੋਇਆ। ਮੌਜ ਮਸਤੀ ਦੇ ਦਿਨ ਸਨ। ਜੀਵਨ ਨੂੰ ਇਸ ਸੰਮੇਲਨ ਨੇ ਅਨੁਸ਼ਾਸਨ ਦੀ ਡੋਰ ਵਿਚ ਬੰਨ੍ਹਣ ਦਾ ਵੱਲ ਦੱਸਿਆ। ੭-੮ ਦਿਨ ਅੱਖ ਪਲਕਦਿਆਂ ਹੀ ਬਤੀਤ ਹੋ ਗਏ। ਕੁਝ ਆਪਣੀ ਉਮਰ ਦੇ, ਕੁਝ ਆਪਣੇ ਤੋਂ ਪੰਜ ਸੱਤ ਵਰ੍ਹੇ ਵੱਡੇ ਜਿਹੜੇ ਹਮਜੋਲੀਆਂ ਦੇ ਨਾਂ, ਸੰਮੇਲਨ ਤੋਂ ਬਾਅਦ ਵੀ ਮਨ ਮਸਤਕ ਦੀਆਂ ਤਹਿਆਂ ਵਿਚ ਸੰਭਾਲੇ ਗਏ ਉਹਨਾਂ ਵਿਚੋਂ ਇਕ ਨਾਂ ਸੀ ਸੰਤ ਦਲੀਪ ਸਿੰਘ ਜੀ ਜਮਨਾ ਨਗਰ ਵਾਲਿਆਂ ਦਾ। ਫਿਰ ਮੈਂ ਲਗਾਤਾਰ ਚਾਰ ਹੋਰ ਵਰ੍ਹੇ ਵਿਦਿਅਕ ਸੰਮੇਲਨਾਂ ਵਿਚ ਹਾਜ਼ਰੀ ਭਰਦਾ ਰਿਹਾ। ਕਦੇ ਮੰਡੀ, ਕਦੇ ਸ੍ਰੀ ਭੈਣੀ ਸਾਹਿਬ ਤੇ ਕਦੇ ਸ੍ਰੀ ਜੀਵਨ ਨਗਰ। ਉਂਞ ਤਾਂ ਸਾਡੇ ਬਜ਼ੁਰਗ ਅਗਵਾਨੂੰ ਮਾਸਟਰ ਨਿਹਾਲ ਸਿੰਘ ਜੀ, ਪ੍ਰੀਤਮ ਸਿੰਘ ਜੀ ਕਵੀ ਹਰ ਸੰਮੇਲਨ ਵਿਚ ਹਾਜ਼ਰ ਹੁੰਦੇ ਪਰ ਹਰ ਜਗ੍ਹਾ ਤੇ ਪੇਸ਼ ਪੇਸ਼ ਰਹਿਣ ਵਾਲਿਆਂ ਵਿਚ ਜਗਦੀਸ਼ ਸਿੰਘ ਜੰਮੂ (ਹੁਣ ਵਰਿਆਮ) ਅਤੇ ਦਲੀਪ ਸਿੰਘ ਜਮਨਾ ਨਗਰ (ਹੁਣ ਨਾਮਧਾਰੀ) ਹੁੰਦੇ ਬਹੁਤ ਸਾਰੇ ਹੋਰ ਸੱਜਣਾਂ ਸੰਗ। ਇਕ ਵਲਵਲਾ ਇਕ ਜਜ਼ਬਾ, ਇਕ ਤੜਪ, ਇਕ ਸ਼ਰਧਾ ਅਤੇ ਆਪਣੇ ਪੰਥ ਨੂੰ ਸਤਿਗੁਰੂ ਜੀ ਦੀ ਅਗਵਾਈ ਵਿਚ ਚੜ੍ਹਦੀ ਕਲਾ ਵਿਚ ਵੇਖਣ ਦੀ ਰੀਝ ਹਮੇਸ਼ਾਂ ਦਲੀਪ ਸਿੰਘ ਹੋਰਾਂ ਦੇ ਚਿਹਰੇ ਤੋਂ ਪੜ੍ਹੀ ਜਾ ਸਕਦੀ ਸੀ। ਇਸੇ ਸਮਰਪਣ ਭਾਵਨਾ ਸਦਕਾ ਹੀ ਪਾਰਖੂ ਨੇਤਰਾਂ ਨੇ ਉਹਨਾਂ ਨੂੰ ਤਾੜ ਲਿਆ। ਪਹਿਲਾਂ ਨਾਮਧਾਰੀ ਵਿਦਿਅਕ ਜਥੇ ਵਿਚ ਅਤੇ ਫਿਰ ਨਾਮਧਾਰੀ ਦਰਬਾਰ ਵਿਚ ਉਹਨਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਦੇ ਕੇ ਨਿਵਾਜਿਆ ਗਿਆ।

ਫਿਰ ਜੀਵਨ ਦਾ ਘਟਨਾ ਪ੍ਰਵਾਹ ਕੁਝ ਇਸ ਤਰ੍ਹਾਂ ਚੱਲਿਆ ਕਿ ਤਕਰੀਬਨ ਵੀਹ ਬਾਈ ਵਰ੍ਹੇ ਦਲੀਪ ਸਿੰਘ, ਜਗਦੀਸ਼ ਸਿੰਘ ਆਦਿ ਮਿੱਤਰਾਂ ਦੇ ਦਰਸ਼ਨ ਦੀਦਾਰ ਤੋਂ ਵਿਰਵਿਆਂ ਰਹਿਣਾ ਪਿਆ ਕਿਉਂਕਿ ਮੇਰਾ ਇਲਾਕਾ ਸ੍ਰੀ ਜੀਵਨ ਨਗਰ ਇਹਨਾਂ ਦੇ ਟਿਕਾਣਿਆਂ ਤੋਂ ਕਾਫੀ ਦੂਰ ਸੀ। ਫਿਰ ੧੯੯੩ ਈ. ਵਿਚ ਮਲੇਰਕੋਟਲੇ ਦੇ ਰੱਕੜ ਵਿਚ ਕੂਕਾ ਸ਼ਹੀਦੀ ਯਾਦਗਾਰ ਦਾ ਉਦਘਾਟਨ ਹੋਣਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਰਾਟ ਵਿਅਕਤਤਵ ਦੀ ਵਿਸ਼ਾਲਤਾ ਦੇ ਸਦਕਾ ਹਰ ਰੰਗਾਂ ਦੇ ਨਾਮਧਾਰੀ, ਕਾਂਗ੍ਰਸੀ, ਲੋਕ ਦਲੀਏ ਅਤੇ ਕਮਿਊਨਿਸਟ ਵੀ ਇਸ ਸੰਮੇਲਨ ਵਿਚ ਸ਼ਾਮਲ ਹੋਏ। ਜ਼ਾਹਿਰ ਹੈ ਕਿ ਹੋਰ ਮਿੱਤਰਾਂ ਜਿਉਂ ਦਲੀਪ ਸਿੰਘ ਨਾਮਧਾਰੀ ਜੀ ਨੂੰ ਵੀ ਮੈਨੂੰ ਮਿਲ ਕੇ ਬੜਾ ਚਾਅ ਚੜ੍ਹਿਆ। ਭਾਵੇਂ ਉਹਨਾਂ ਹੁਣ ਤਕ ਬਹੁਤ ਸਫਰ ਤਹਿ ਕਰ ਲਿਆ ਸੀ। ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰ ਕੇ ਯਮੁਨਾਨਗਰ ਤੋਂ ਘੁੰਮਦੇ ਘੁਮਾਉਂਦੇ ਉਹ ਲੁਧਿਆਣੇ ਇਸਥਿਤ ਹੋ ਚੁੱਕੇ ਸਨ। ਤੇਰਾਂ ਸਾਲ ਨਾਮਧਾਰੀ ਇਤਿਹਾਸ, ਸਾਹਿਤ ਅਤੇ ਹੋਰ ਸਰਗਰਮੀਆਂ ਬਾਰੇ 'ਨਿਰੀਖਿਅਕ' ਨਾਂ ਦੇ ਇਕ ਛਈਂ ਮਹੀਨੀ ਛਪਣ ਵਾਲੇ ਪਰਚੇ ਨੂੰ ਵੀ ਉਹ ਸੰਪਾਦਿਤ ਕਰ ਚੁੱਕੇ ਸਨ। ਪੰਜਾਬੀ ਅਖਬਾਰਾਂ ਨੇ ਉਹਨਾਂ ਦੀ ਕਲਮ ਦੀ ਸ਼ਕਤੀ ਅਤੇ ਰਵਾਨੀ ਨੂੰ ਕਬੂਲਦਿਆਂ ਨਾਮਧਾਰੀਆਂ ਬਾਰੇ, ਗੁਰਮਤ ਬਾਰੇ ਵਿਸ਼ੇਸ਼ ਇਤਿਹਾਸਕ ਦਿਨਾਂ ਤੇ ਅਤੇ ਗਾਹੇ ਬਗਾਹੇ ਵੀ ਉਹਨਾਂ ਦੀਆਂ ਲਿਖਤਾਂ ਨੂੰ ਆਪਣੇ ਪੰਨਿਆਂ ਤੇ ਛਾਪਣਾ ਸ਼ੁਰੂ ਕਰ ਦਿੱਤਾ। ਸੋ ਪਿਛਲੇ ਤੇਰਾਂ ਸਾਲਾਂ ਤੋਂ ਉਹਨਾਂ ਨਾਲ ਨਿਰੰਤਰ ਸੰਪਰਕ ਬਣਿਆ ਰਿਹਾ। ਸ੍ਰੀ ਭੈਣੀ ਸਾਹਿਬ, ਲੁਧਿਆਣੇ, ਪਟਿਆਲੇ, ਜਲੰਧਰ ਅਤੇ ਅੰਮ੍ਰਿਤਸਰ ਦੇ ਅਨੇਕ ਸਮਾਗਮਾਂ ਗੋਸ਼ਟੀਆਂ ਅਤੇ ਸੈਮੀਨਾਰਾਂ ਵਿਚ ਦਲੀਪ ਸਿੰਘ ਨਾਮਧਾਰੀ, ਆਪਣੇ ਮੁਸਕਾਨਾਂ ਬਿਖੇਰਦੇ ਦਰਸ਼ਨਾਂ ਨਾਲ, ਆਪਣਿਆਂ ਅਤੇ ਬੇਗਾਨਿਆਂ ਸਭ ਦਾ ਮਨ ਮੋਹੀ ਜਾਂਦੇ ਸਨ। ਦਰਅਸਲ ਉਹਨਾਂ ਦੀ ਮਿਕਨਾਤੀਸੀ ਸ਼ਖਸੀਅਤ ਦਾ ਇਹ ਮੌਰੀ ਗੁਣ ਸੀ ਕਿ ਉਹਨਾਂ ਦੇ ਸੰਗ ਸਾਥ ਵਿਚ ਆਉਣ ਵਾਲਾ ਕੋਈ ਵੀ ਵਿਅਕਤੀ ਉਹਨਾਂ ਦਾ ਆਪਣਾ ਬਣ ਜਾਂਦਾ ਸੀ। ਅਸੀਂ ਤੇ ਭਲਾ ਸਾਂ ਹੀ ਇੱਕੋ ਵੱਗ ਦੀਆਂ ਵੱਛੀਆਂ! ਦਲੀਪ ਸਿੰਘ ਹੋਰਾਂ ਦੀ ਸ਼ਮੂਲੀਅਤ ਕਿਸੇ ਵੀ ਪ੍ਰੋਗਰਾਮ ਵਿਚ ਰੰਗ ਭਰਨ ਵਾਲੀ ਸੀ। ਲੁਧਿਆਣਾ ਅੱਜ ਕੱਲ੍ਹ ਪੰਜਾਬ ਦੀ ਉਦਯੋਗਿਕ ਹੀ ਨਹੀਂ ਸਾਹਿਤਕ ਰਾਜਧਾਨੀ ਵੀ ਬਣ ਚੁੱਕਾ ਹੈ। ਨਾਮਧਾਰੀ ਜੀ ਦੀ ਸਥਿਤੀ ਨਾਮਧਾਰੀ ਦਰਬਾਰ ਦੇ ਲਈਅਨ ਆਫੀਸਰ ਵਾਲੀ ਵੀ ਸੀ ਅਤੇ ਉਹ ਸਾਹਿਤ, ਸਭਿਆਚਾਰ ਜਗਤ ਦੇ ਉੱਘੇ ਸਿਤਾਰਿਆਂ ਨੂੰ, ਆਪਣੀਆਂ ਨਿਜੀ ਕੋਸ਼ਿਸ਼ਾਂ ਦੁਆਰਾ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕਰਵਾਉਂਦੇ ਰਹਿੰਦੇ ਅਤੇ ਗੁਰੂ ਦਰਬਾਰ ਦੀਆਂ ਖੁਸ਼ੀਆਂ ਨਾਲ ਉਹਨਾਂ ਨੂੰ ਸਦਾ ਨਿਵਾਜਦੇ ਰਹਿੰਦੇ। ਪੰਜਾਬੀ ਸਾਹਿਤ ਦਾ, ਛੋਟੇ ਤੋਂ ਲੈ ਕੇ ਵੱਡੇ ਤੱਕ

ਕਿਹੜਾ ਐਸਾ ਹਸਤਾਖਰ ਹੈ, ਜਿਸ ਪ੍ਰਿਥਮ ਸੁਤੰਤਰਤਾ ਸੰਗਰਾਮ ਦੀ ਇਸ ਭੂਮੀ ਨੂੰ ਰਾਮਸਰ ਦੇ ਸ਼ਾਂਤ ਪਾਣੀਆਂ ਸਾਹਵੇਂ ਖਲੋ ਕੇ ਨਿਹਾਰਿਆ ਨਾ ਹੋਵੇ। ਇਸ ਦੇ ਰੁੱਖਾਂ ਬੂਟਿਆਂ ਵਿੱਚੋਂ ਫੁੱਲਾਂ ਅਤੇ ਸੁਗੰਧੀਆਂ ਵਿਚੋਂ ਇਤਿਹਾਸ ਦੇ ਪਾਤਰਾਂ ਦੇ ਨਕਸ਼ ਪਛਾਨਣ ਦੀ ਕੋਸ਼ਿਸ਼ ਨਾ ਕੀਤੀ ਹੋਵੇ। ਇਸ ਕਾਰਵਾਈ ਦੇ ਪਿੱਛੇ ਨੀਵੀਂ ਪਾਕੇ ਆਪਣੀ ਟਿਕੀ ਤੋਰ ਨਾਲ ਤੁਰਨ ਵਾਲਾ ਦਲੀਪ ਸਿੰਘ ਨਾਮਧਾਰੀ ਹੀ ਨਜ਼ਰ ਆਉਂਦਾ ਹੈ।

ਪਿਛਲੇ ਵਰ੍ਹੇ ਦੇ ਅਖੀਰ ਵਿਚ ਉਹ ਸ੍ਰੀ ਸਤਿਗੁਰੂ ਜੀ ਦੀ ਅਫਰੀਕਾ ਮਹਾਂਦੀਪ ਦੀ ਯਾਤਰਾ ਵਿਚ ਸ਼ਾਮਲ ਸਨ। ਸਰੀਰ ਨੇ ਕੁਝ ਥਿੜਕਣ ਫੜ ਲਈ, ਉਹ ਵਾਪਸ ਆ ਗਏ। ਅਫਰੀਕਾ ਯਾਤਰਾ ਦਾ ਬ੍ਰਿਤਾਂਤ ਉਹਨਾਂ ਗੁਰਾਇਆ ਦੇ ਮਿੰਨੀ ਵਿਦਿਅਕ ਸੰਮੇਲਨ ਵਿਚ ਸੁਣਾਇਆ। ਬਿਲਕੁਲ ਨਹੀਂ ਸੀ ਜਾਪਦਾ ਕਿ ਏਨੀ ਕਾਹਲੀ ਕਰਨਗੇ। ਗੁਰਾਇਆ ਤੋਂ ਆ ਕੇ ਅਨਜਾਣ-ਜਸਵਿੰਦਰ ਜੋੜੀ ਤਾਂ ਦਿੱਲੀ ਲਈ ਰਵਾਨਾ ਹੋ ਗਈ, ਮੈਂ ਨਾਮਧਾਰੀ ਜੀ ਦੇ ਪਾਸ ਉਹ ਰਾਤ ਬਿਤਾਈ। ਕਾਫੀ ਸਮਾਂ ਉਹਨਾਂ ਨਾਲ ਬਚਨ ਬਿਲਾਸ ਹੁੰਦੇ ਰਹੇ। ਉਹਨਾਂ ਨੇ ਆਪਣੀਆਂ ਸਰਗਰਮੀਆਂ, ਬੱਚਿਆਂ ਬਾਰੇ ਦੱਸਿਆ। ਇੱਕ ਪਰਸੰਗ ਉਹਨਾਂ ਵਿਸ਼ੇਸ਼ ਸਨੇਹ ਨਾਲ ਮੈਨੂੰ ਸੁਣਾਇਆ। ਪੰਜਾਬ ਦੇ ਕਾਲੇ ਦਿਨਾਂ ਦਾ ਸਮਾਂ ਸੀ। ਯਮੁਨਾਨਗਰ ਸ਼ਾਇਦ ਸੰਤ ਨਿਸ਼ਚਲ ਸਿੰਘ ਜੀ ਸੇਵਾ ਪੰਥੀਏ ਹੋਰਾਂ ਨਾਲ ਸਬੰਧਤ ਕੋਈ ਸਮਾਗਮ ਸੀ। ਜਿੱਥੇ (ਸੰਤ) ਜਰਨੈਲ ਸਿੰਘ ਭਿੰਡਰਾਂ ਵਾਲੇ ਵੀ ਪੁੱਜੇ ਸਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉੱਥੇ ਪਹੁੰਚਣਾ ਸੀ। ਜਾਣ ਤੋਂ ਪਹਿਲਾਂ ਦਲੀਪ ਸਿੰਘ ਨਾਮਧਾਰੀ ਹੋਰਾਂ ਨੂੰ ਭੇਜਿਆ ਗਿਆ ਕਿ ਉੱਥੋਂ ਦੀ ਤਿਆਰੀ ਵੇਖ ਕੇ ਆਵੇ। ਸੰਤਾਂ ਨੇ ਵੀ ਕਿਹਾ ਕਿ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣ। ਹੁਣ ਜਦੋਂ ਸਤਿਗੁਰੂ ਜੀ ਸੰਗਤ ਸਮੇਤ ਪਹੁੰਚੇ ਸ੍ਰੀ ਆਦਿ ਗਰੰਥ ਸਾਹਿਬ ਨੂੰ ਸੀਸ ਨਿਵਾ ਕੇ ਤਾਂ ਮੰਚ ਉੱਤੇ ਜ਼ਿਆਦਾਤਰ ਥਾਂ ਭਿੰਡਰਾਂ ਵਾਲਿਆਂ ਦੇ ਹਥਿਆਰ ਬੰਦ ਸਮਰਥਕਾਂ ਨੇ ਘੇਰਿਆ ਸੀ। ਲੰਘਣ ਦਾ ਕੋਈ ਰਾਹ ਨਹੀਂ ਸੀ ਲੱਭ ਰਿਹਾ। ਸਤਿਗੁਰੂ ਜੀ ਨੇ ਇਕ ਹਥਿਆਰ ਬੰਦ ਸਿੰਘ ਨੂੰ ਕਿਹਾ, ਸਿੰਘ ਸਾਹਿਬ ਸ਼ਸਤਰ ਦੀ ਬੇਅਦਬੀ ਨਾ ਕਰੋ (ਸ਼ਸਤਰ ਸ਼ਾਇਦ ਪੈਰ ਨੂੰ ਛੋਹ ਰਿਹਾ ਸੀ) ਉਹ ਸਿੰਘ ਤਰੱਭਕ ਕੇ ਸ਼ਸਤਰ ਸੰਭਾਲਣ ਲੱਗ ਪਿਆ। ਰਾਹ ਬਣ ਗਿਆ ਅਤੇ ਸਤਿਗੁਰੂ ਜੀ ਵੀ ਮੰਚਾਸੀਨ ਹੋ ਗਏ। ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਇਤਿਹਾਸਕ ਯਾਦਾਂ ਦਾ ਭੰਡਾਰ ਉਹ ਆਪਣੇ ਨਾਲ ਹੀ ਲੈ ਗਏ ਹਨ। ਕਿਹਨੂੰ ਪਤਾ ਸੀ ਇਸ ਸਮੇਂ ਦਾ ਨਹੀਂ ਕਹਿੰਦੇ ਆਤਮ-ਕਥਾ ਹੀ ਲਿਖ ਛੱਡੋ।

ਉਹਨਾਂ ਨਾਮਧਾਰੀ ਇਤਿਹਾਸ ਨਾਲ ਸਬੰਧਿਤ 'ਗਾਥਾ ਸੁਤੰਤਰਤਾ ਸੰਗਰਾਮ ਦੀ', 'ਕੂਕਾ ਲਹਿਰ', ਦੋ ਵੱਡਮੁੱਲੀਆਂ ਪੁਸਤਕਾਂ ਲਿਖ ਕੇ ਛਪਵਾਈਆਂ ਹਨ। ਇਸ ਤੋਂ ਇਲਾਵਾ ਸਤਿਜੁਗ ਤੇ ਹੋਰ ਪੱਤਰਾਂ ਵਿਚ ਬੇਅੰਤ ਲੇਖ, ਨਾਮਧਾਰੀ ਸੰਤ ਖਾਲਸਾ ਅਤੇ ਸਿੱਖ ਇਤਿਹਾਸ ਵਿਚੋਂ ਚੋਣਵੇਂ ਸਵਾਲ ਜਵਾਬ (ਅਜੀਤ ਸਿੰਘ ਨਾਮਧਾਰੀ ਦੇ ਸਹਿਯੋਗ ਨਾਲ) ਵੀ ਲਿਖੀਆਂ ਹਨ।

ਇਸ ਵਰ੍ਹੇ ਦੇ ਹੋਲੇ ਮਹੱਲੇ ਤੇ ਪਤਾ ਲੱਗਾ ਕਿ ਭਿਆਨਕ ਬੀਮਾਰੀ ਦੀ ਪਕੜ ਵਿਚ ਹਨ। ਹਰਪਾਲ ਸਿੰਘ ਸੇਵਕ ਦੇ ਸਹਿਯੋਗ ਨਾਲ ਜਸਵਿੰਦਰ ਸਿੰਘ ਹਿਸਟੋਰੀਅਨ ਤੇ ਮੈਂ ਹੋਲੇ ਦੀ ਪੂਰਬ ਸੰਧਿਆ, ਢਾਈ ਤਿੰਨ ਘੰਟੇ ਉਹਨਾਂ ਪਾਸ ਬਤੀਤ ਕੀਤੇ। ਤਕਲੀਫ ਸੀ ਫਿਰ ਵੀ ਖਿੜੇ ਮੱਥੇ ਮਿਲੇ। ਨਾਮਧਾਰੀ ਇਤਿਹਾਸ ਬਾਰੇ ਵਿਚਾਰਾਂ ਕਰਦੇ ਰਹੇ। ਉਦੋਂ ਉਹ ਆਪਣੇ ਭਾਈ ਦੇ ਘਰ ਸਨ। ਪੁੱਤਰਾਂ, ਨੂੰਹਾਂ, ਭਰਾਵਾਂ, ਭਰਜਾਈਆਂ, ਭੈਣਾਂ, ਭਣੋਵੀਆਂ ਗਲ ਕੀ ਸਾਰਾ ਪਰਿਵਾਰ ਉਹਨਾਂ ਦੀ ਤੀਮਾਰਦਾਰੀ ਵਿੱਚ ਸੀ। ਬੁੱਝੇ ਮਨ ਨਾਲ ਅਸੀਂ ਮੁੜ ਆਏ। ਜੀਵਨ ਜੋਤੀ ਤਿਲ ਤਿਲ ਕਰ ਕੇ ਬੁੱਝ ਰਹੀ ਸੀ।

ਪਹਿਲੀ ਮਈ ਨੂੰ ਸਵੇਰ ਸਾਰ ਜਗਦੀਸ਼ ਸਿੰਘ ਵਰਿਆਮ ਹੋਰਾਂ ਦਾ ਜਲੰਧਰੋਂ ਫੋਨ ਆਇਆ। ਮੈਂ ਘਰੋਂ ਬਾਹਰ ਸਾਂ। ਸੁਣ ਨਾ ਸਕਿਆ। ਪਰ ਕਿਸੇ ਅਨਿਸ਼ਟ ਦੀ ਆਸ਼ੰਕਾ ਮੱਥੇ ਵਿਚ ਬਿੱਛੂ ਡੰਗ ਮਾਰ ਰਹੀ ਸੀ। ਇਕ ਸੱਜਣ ਦੇ ਮੋਬਾਇਲ ਤੇ ਦੁਪਹਿਰੇ ਐਲਨਾਬਾਦ ਤੋਂ ਵਰਿਆਮ ਜੀ ਨੂੰ ਫੋਨ ਕੀਤਾ ਉਹ ਬੋਲੇ, "ਦਲੀਪ ਸਿੰਘ ਹੋਰਾਂ ਬਾਰੇ ਸੁਣ ਲਿਆ ਹੈ ?" ਸਸਕਾਰ ਵਿਚ ਇਲਾਕਾ ਜੀਵਨਨਗਰ ਦੇ ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ ਆਦਿ ਸ਼ਾਮਲ ਹੋਏ ਸਨ। ਪਰ ਅਜੇ ਉਹਨਾਂ ਨੂੰ ਮਿਲੇ ਨਹੀਂ ਸੀ। ਮੈਂ ਵਰਿਆਮ ਜੀ ਨੂੰ ਫੂਨ ਤੇ ਜੁਆਬ ਦਿੱਤਾ "ਜੀ ਹੁਣ, ਸੁਣਨ ਵਾਲਾ ਰਹਿ ਕੀ ਗਿਆ ਹੈ ? "ਇਹੋ ਜਹੀ ਪੰਥਕ ਸਪਿਰਟ ਵਾਲੀ ਲੱਕ ਬੰਨ੍ਹ ਕੇ ਚੱਲ ਪੈਣ ਵਾਲੀ ਹਸਤੀ ਫਿਰ ਕਦੋਂ ਮਿਲੇਗੀ ?" ਵਰਿਆਮ ਜੀ ਕਹਿ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਗ ਦਾ ਇਕ ਖਿੜਿਆ ਫੁੱਲ ਆਪਣੀਆਂ ਮਹਿਕਾਂ ਬਿਖੇਰ ਕੇ ਮੁਰਝਾ ਗਿਆ ਹੈ।

ਨਵਤੇਜ ਸਿੰਘ ਤੇ ਉਸਦਾ ਪ੍ਰਦੇਸ ਵੱਸਦਾ ਭਾਈ ਕੁਲਵੰਤ ਸਿੰਘ, ਕੁਝ ਵਰ੍ਹੇ ਪਹਿਲਾਂ ਮਾਤਰੀ ਪ੍ਰੇਮ ਤੋਂ ਵਿਰਵੇ ਹੋ ਗਏ ਸਨ ਅਤੇ ਹੁਣ ਠੰਢੀਆਂ ਕੂਲਾਂ ਜਿਹਾ ਪਿਤਾ ਦਾ ਸੀਤਲ ਸਾਇਆ ਉਹਨਾਂ ਦੇ ਸਿਰ ਤੋਂ ਉੱਠ ਗਿਆ ਹੈ। ਅੱਗੇ ਪਿੱਛੇ ਭੱਜੇ ਫਿਰਨ ਵਾਲੇ ਭਾਈਆਂ ਦੀ ਬਾਂਹ ਭੱਜ ਗਈ ਹੈ। ਤੇ ਮੈਨੂੰ ਪੰਜਾਬੀ ਦਾ ਉਹ ਲੋਕ ਗੀਤ ਯਾਦ ਆ ਰਿਹਾ ਹੈ :-

"ਸੁਪਨਾ ਹੋ ਗਿਉਂ ਯਾਰਾ, ਖੂਹ ਦੇ ਚੱਕ ਵਾਂਗੂੰ।"

ਕਰੀ ਵਾਲਾ (ਸਿਰਸਾ), ੬-੫-੦੬

ਸੰਤ ਦਲੀਪ ਸਿੰਘ ਇਕ ਚੁੰਬਕੀ ਸ਼ਖਸੀਅਤ

—ਸੁਰਜੀਤ ਸਿੰਘ ਜੀਤ-ਲੰਡਨ

ਅਰਜ ਹੈ ਕਿ ਦਾਸ ਨੂੰ ਅੱਜ ਹੀ ਪਤਾ ਲਗਾ ਹੈ ਕਿ ਸੰਤ ਦਲੀਪ ਸਿੰਘ ਜੀ ਸੁਰਗਵਾਸ ਹੋ ਗਏ ਹਨ ਜੀ ਬਹੁਤ ਬਹੁਤ ਦੁੱਖ ਤੇ ਅਫਸੋਸ ਹੋਇਆ ਹੈ ਜੀ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਪਵਿਤਰ ਚਰਨਾਂ 'ਚ ਅਰਦਾਸ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਪਵਿਤਰ ਚਰਨਾਂ 'ਚ ਨਿਵਾਸ ਬਖਸ਼ਣ ਜੀ ਅਤੇ ਸਾਨੂੰ ਉਹਨਾਂ ਦਾ ਵਿਛੋੜਾ ਉਹਨਾਂ ਝੱਲਣ ਦਾ ਬੱਲ ਬਖਸ਼ਣ ਜੀ।

ਸੰਤ ਦਲੀਪ ਸਿੰਘ ਜੀ ਨੂੰ ਸਦਾ ਹੀ ਬਹੁਤ ਚੁੱਸਤ, ਫੁਰਤੀਲੇ ਰੂਪ ਵਿਚ ਵੇਖਿਆ ਸੀ ਜੀ ਜਦੋਂ ਵੀ ਦਾਸ ਨੇ ਇਸ ਦਾ ਰਾਜ਼ ਜਾਨਣ ਦੀ ਕੋਸ਼ਿਸ਼ ਕੀਤੀ ਤਦ ਸੰਤ ਜੀ ਨੇ ਕਹਿਣਾ ਸੁਰਜੀਤ! "ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ।....

ਅਸੀਂ ਕਹਿ ਸਕਦੇ ਹਾਂ ਕਿ ਸੰਤ ਦਲੀਪ ਸਿੰਘ ਜੀ ਦਾ ਵਿਅਕਤੀਤਵ ਚੁੰਬਕੀ ਸ਼ਕਤੀ ਰਖਦਾ ਸੀ ਉਹਨਾਂ ਲਈ ਕੋਈ ਮੇਰ-ਤੇਰ ਨਹੀਂ ਸੀ। ਜਿਸ ਨੂੰ ਵੀ ਉਹ ਮਿਲਦੇ ਉਸੇ ਨੂੰ ਹੀ ਆਪਣਾ ਬਣਾ ਲੈਂਦੇ ਸਨ। ਬਹੁਤ ਸਾਰੇ ਵਿਅਕਤੀ ਉਹਨਾਂ ਦੇ ਜੀਵਨ ਤੇ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ ਕੇ ਹੀ ਨਾਮਧਾਰੀ ਸੰਤ ਖਾਲਸਾ ਦੇ ਪਾਂਧੀ ਬਨਣ ਲਈ ਪ੍ਰੇਰੇ ਗਏ। ਆਪ ਜੀ ਨੇ ਕਲਮੀ ਸੇਵਾ ਵੀ ਪੰਥ ਦੀ ਬਹੁਤ ਕੀਤੀ। ਹਮੇਸ਼ਾਂ ਹੀ ਆਪਣੇ ਆਪ ਨੂੰ ਅਖਰਾਂ ਨਾਲ ਜੋੜੀ ਰਖਣਾ ਉਹਨਾਂ ਦਾ ਰੁਝਾਣ ਬਣ ਗਿਆ ਸੀ। 'ਨਰੀਖਿਅਕ' ਦੀ ਸੰਪਾਦਕੀ ਤੋਂ ਚੱਲ ਕੇ ਤਕਰੀਬਨ ੪-੫ ਪੁਸਤਕਾਂ ਸਾਹਿਤ ਅਤੇ ਇਤਿਹਾਸ ਨੂੰ ਦਿੱਤੀਆਂ। ਹਮੇਸ਼ਾਂ ਹੀ ਨਿਮਾਨਤਾ ਵੱਲ ਜਾ ਰਹੀਆਂ ਕੌਮਾਂ ਅਤੇ ਗੁਮਰਾਹ ਹੋਈ ਜੁਆਨੀ ਨੂੰ ਅਮੀਰ ਸਾਹਿਤ ਅਤੇ ਅਮਲੀ ਜੀਵਨ ਨੇ ਹੀ ਕੌਮਾਂ ਨੂੰ ਨਵ-ਜੀਵਨ ਪ੍ਰਦਾਨ ਕੀਤਾ ਹੈ; ਇਹੋ ਸੰਤ ਦਲੀਪ ਸਿੰਘ ਜੀ ਦੀ ਵੱਡੀ ਸੇਵਾ ਅਤੇ ਦੇਣ ਹੈ ਜੀ। ਉਹਨਾਂ ਦਾਸ ਨੂੰ ਅਨੰਦ ਕਾਰਜ ਸਮੇਂ ਅੰਮ੍ਰਿਤ ਛਕਾਣ ਦੀ ਕ੍ਰਿਪਾ ਕੀਤੀ। ਸ਼ੁਰੂ ਤੋਂ ਹੀ (੧੯੬੫) ਉਹਨਾਂ ਦਾ ਦਾਸ ਉਪਰ ਬਹੁਤ ਗਹਿਰਾ ਪ੍ਰਭਾਵ ਰਿਹਾ ਹੈ ਜੀ। ਉਹਨਾਂ ਦਾ ਨਿੱਜੀ ਆਚਰਣ ਕੰਚਣ ਵਰਗਾ ਸ਼ੁੱਧ, ਜਵਾਨੀ ਦੀ ਅੰਨ੍ਹੇਰੀ ਦੀ ਥਾਂ ਆਪ ਜੀ ਨੂੰ 'ਗੁਰੂ ਹੁਕਮ' ਗੁਰੂ ਸੇਵਾ' ਤੇ ਗੁਰਬਾਣੀ ਚਾਨਣ ਦੀਆਂ ਰਮਜ਼ਾਂ ਭਰੀਆਂ ਤਰੰਗਾਂ ਸੰਤ ਨਾਮਧਾਰੀ ਜੀ ਦੀ ਸੁਹਲ ਸੁਥਕ ਜਵਾਨੀ-ਫੁਰਤੀਲੇ, ਸਦਾ ਅਣਥੱਕ ਸੇਵਾ ਨਾਲ ਖਿਡਾਉਂਦੀਆਂ ਰਹਿੰਦੀਆਂ ਸਨ। ਸੰਤ ਦਲੀਪ ਸਿੰਘ ਜੀ ਜਦੋਂ ਵੀ ਲੈਕਚਰ ਕਰਦੇ ਸਨ ਤਦ ਉਸ ਦਾ ਆਧਾਰ ਹਉਮੈ, ਵਿਦਿਆ ਦਲੀਲ ਅਤੇ ਚਤਰਾਈ ਨੂੰ ਨਹੀਂ ਸੀ ਬਨਣ ਦਿੰਦੇ ਸਗੋਂ ਉਹਨਾਂ ਦੇ ਸਤਿਗੁਰੂ ਆਪ ਵਾਲੀ ਹੁੰਦੇ ਸਨ। ਅੰਤਰ-ਆਤਮੇ 'ਚੋਂ ਸਹਿਜ ਸੁਭਾਇ ਸ਼ਬਦ ਨਿਕਲਦੇ ਸਨ। ਸੰਗਤਾਂ ਨੂੰ ਮੁਗਧ ਕਰ ਦਿੰਦੇ ਸਨ। ਉਹ ਆਖਦੇ ਸਨ ਨਿਤਨੇਮ-ਨਾਮ ਸਿਮਰਨ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਸਿੱਖੀ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ।

ਸੰਤ ਦਲੀਪ ਸਿੰਘ ਜੀ ਦੀ ਗੁਰਸਿਖੀ ਪ੍ਰਤੀ ਪ੍ਰੀਤ ਤੇ ਗੁਰਮਤਿ ਵਿਚ ਆਪਾਰ ਨਿਸ਼ਠਾ, ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਪ੍ਰਤੀ ਸ਼ਰਧਾ; ਉਹਨਾਂ ਦੇ ਜੀਵਨ-ਦਰਸ਼ਨ ਤੇ ਕ੍ਰਿਤਾਂ ਤੋਂ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ। ਗੁਰੂ ਜੀ ਦੀ ਅਪਾਰ ਕ੍ਰਿਪਾ ਅਤੇ ਬਖਸ਼ਸ਼ ਨਾਲ ਅਜਿਹੇ ਅੱਮੁਲੇ ਲਾਲ ਕਦੀ-ਕਦੀ ਹੀ ਆਇਆ ਕਰਦੇ ਹਨ, ਜੋ ਆਪਣੀ ਘਾਲ ਕਮਾਈ ਨਾਲ ਨਵੇਂ ਕੀਰਤੀਮਾਨ ਸਥਾਪਿਤ ਕਰ, ਮਨੁੱਖਤਾ ਲਈ ਪੱਥ-ਪ੍ਰਦਰਸ਼ਨ ਕਰਦੇ ਹਨ। ਅਜਿਹੀ ਪ੍ਰਤਿਭਾ ਨੂੰ ਬਾਰ-ਬਾਰ ਯਾਦ ਕਰ, ਪ੍ਰੇਰਨਾ ਲੈ, ਜੀਵਨ ਵਿਚ ਉਹਨਾਂ ਦੀ ਕਿਰਤ ਕਮਾਈ ਤੇ ਉਹਨਾਂ ਦੇ ਸੁਚੱਜੇ ਮਾਰਗ ਨੂੰ ਧਾਰਨ ਕਰਕੇ ਹੀ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਹਨਾਂ ਸ਼ਬਦਾਂ ਨਾਲ ਦਾਸ ਸੰਤ ਜੀ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰਨ ਜਾ ਰਿਹਾ ਹਾਂ ਜੀ ਭੁੱਲ ਚੁੱਕ ਦੀ ਖਿਮਾ।

ਸ਼ੋਕ ਮਤਾ

ਨਵੀਂ ਦਿੱਲੀ — ਅੱਜ ਦਿਨ ਐਤਵਾਰ ੩੦ ਅਪ੍ਰੈਲ ੨੦੦੬ ਨੂੰ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ, ਦਿੱਲੀ ਦੀ ਵਿਸ਼ੇਸ਼ ਸਾਹਿਤਕ-ਇਕੱਤਰਤਾ ਪ੍ਰਸਿੱਧ ਵਿਚਾਰਕ, ਲੇਖਕ, ਇਤਿਹਾਸਕਾਰ ਤੇ ਸਮਾਜ-ਸੁਧਾਰਕ ਸ. ਦਲੀਪ ਸਿੰਘ ਨਾਮਧਾਰੀ ਜੀ ਦੇ ਅਚਾਨਕ ਹੋਏ ਅਕਾਲ ਚਲਾਣੇ 'ਤੇ ਘੋਰ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਸ. ਦਲੀਪ ਸਿੰਘ ਜੀ 'ਨਾਮਧਾਰੀ ਦਰਬਾਰ' ਦੇ ਪ੍ਰਮੁੱਖ ਪ੍ਰਵਕਤਾ ਸਨ। ਉਮਰ ਭਰ ਆਪ ਨੇ ਨਾਮਧਾਰੀ-ਵਿਚਾਰਧਾਰਾ ਉਪਰ ਪਹਿਰਾ ਦਿੱਤਾ

ਅਤੇ ਇਕ ਸੱਚੇ-ਸੁੱਚੇ ਇਨਸਾਨੀ-ਆਦਰਸ਼ ਦੀ ਨੁਮਾਇੰਦਗੀ ਕੀਤੀ। ਬਤੌਰ ਲੇਖਕ ਆਪ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ, ਦਿੱਲੀ ਦੇ ਵੱਡੇ ਪ੍ਰਸ਼ੰਸਕ ਸਨ ਅਤੇ ਸੰਮੇਲਨ ਦੀਆਂ ਸਰਗਰਮੀਆਂ ਵਿਚ ਭਰਪੂਰ ਰੁਚੀ ਰੱਖਦੇ ਸਨ। 'ਵਰਤਮਾਨ ਹਿੰਦੁਸਤਾਨ' ਪਤ੍ਰਿਕਾ ਦੇ ਮੁੱਖ ਸੰਪਾਦਕ ਸ. ਸਰਵ ਸ਼ਕਤੀਮਾਨ ਜੀ ਦੇ ਸਹਿਯੋਗ ਨਾਲ, ਉਨ੍ਹਾਂ ਦੀ ਪਿੱਛੇ ਜਿਹੇ ਪ੍ਰਕਾਸ਼ਤ ਹੋਈ ਬਹੁ-ਚਰਚਿਤ ਪੁਸਤਕ 'ਕੂਕਾ ਲਹਿਰ' ਉਪਰ ਅਸੀਂ ਸੰਮੇਲਨ ਦੇ ਪਲੇਟਫ਼ਾਰਮ ਤੋਂ ਪੂਰੇ ਦਿਨ ਦਾ ਇਕ ਰਾਸ਼ਟਰੀ ਸੈਮੀਨਾਰ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਪਰ, ਉਨ੍ਹਾਂ ਦੀ ਅਚਾਨਕ ਤਬੀਅਤ ਵਿਗੜ ਜਾਣ ਕਾਰਨ ਅਸੀਂ ਉਸ ਪ੍ਰੋਗਰਾਮ ਨੂੰ ਉਸ ਰੂਪ ਵਿਚ ਸਿਰੇ ਨਾ ਚਾੜ੍ਹ ਸਕੇ। ਉਨ੍ਹਾਂ ਦੀ ਪੁਸਤਕ ਨੂੰ ਆਧਾਰ ਬਣਾਉਂਦਿਆਂ ਅਸੀਂ ਮਾਰਚ ੨੦੦੬ ਦੀ ਸੰਮੇਲਨ ਦੀ ਮਾਸਿਕ ਇਕੱਤਰਤਾ ਨੂੰ 'ਨਾਮਧਾਰੀ ਲਹਿਰ' ਨੂੰ ਸਮਰਪਿਤ ਕੀਤਾ। ਜਿਸ ਦੀ ਪ੍ਰਧਾਨਗੀ ਸਾਡੇ ਮਾਣਯੋਗ ਨੇਤਾ ਸ. ਹਰਵਿੰਦਰ ਸਿੰਘ ਹੰਸਪਾਲ (ਸਾਬਕਾ ਮੈਂਬਰ ਪਾਰਲੀਮੈਂਟ) ਜੀ ਨੇ ਕੀਤੀ। ਇਸ ਸਾਹਿਤਕ-ਇਕੱਤਰਤਾ ਵਿਚ ਨਾਮਧਾਰੀ ਲਹਿਰ ਦੇ ਬਹੁ-ਪੱਖੀ ਯੋਗਦਾਨ ਉਪਰ ਨਿੱਠਕੇ ਚਰਚਾ ਕੀਤੀ ਗਈ। ਲੇਖਕਾਂ, ਪੱਤਰਕਾਰਾਂ, ਗਾਇਕਾਂ, ਅਧਿਆਪਕਾਂ ਤੇ ਪੰਜਾਬੀ ਪ੍ਰੇਮੀਆਂ ਦੀ ਇਹ ਭਰਵੀਂ ਇਕੱਤਰਤਾ ਸ. ਦਲੀਪ ਸਿੰਘ ਨਾਮਧਾਰੀ ਜੀ ਦੇ ਅਕਾਲ ਚਲਾਣੇ 'ਤੇ ਦਿਲੀ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਅਕਾਲ ਪੁਰਖ ਅਗੇ ਇਸ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸਾ ਬਖ਼ਸ਼ਣ ਲਈ ਅਰਦਾਸ ਕਰਦੀ ਹੈ।

—ਡਾ. ਮਨਜੀਤ ਸਿੰਘ
ਪ੍ਰਧਾਨ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ
ਨਵੀਂ ਦਿੱਲੀ

ਸੰਤ ਦਲੀਪ ਸਿੰਘ ਨਾਮਧਾਰੀ ਨੂੰ ਯਾਦ ਕਰਦਿਆਂ

—(ਮਾ.) ਅਮਰੀਕ ਸਿੰਘ

ਬੜੇ ਪਿਆਰੇ ਸਨ ਸੰਤ ਦਲੀਪ ਸਿੰਘ ਜੀ
ਉਹਨਾਂ ਜਿਹਾ ਦੱਸੋ ਕਿਸ ਨੇ ਹੋ ਸਕਣਾਂ,
ਬੂਹਾ ਸਤਿਗੁਰੂ ਵੱਲ ਸਦਾ ਖੋਲ ਰੱਖਿਆ,
ਉੱਕਾ ਜਗਤ ਵਜੋਂ ਬੂਹਾ ਢੋ ਸਕਣਾਂ,
ਪਿਆਰ ਵੰਡਦੇ ਫਿਰਨਾਂ ਹਰੇਕ ਤਾਈਂ,
ਨਫਰਤ ਹੋਵੇ ਨ ਉਥੇ ਖਲੋ ਸਕਣਾਂ,
ਸੁੰਦਰ ਫੁਲ ਬਣਕੇ ਅਪਣੇ ਆਪ ਤਾਈਂ
ਲੋਕਾਂ ਵਿਚ ਨਾਂ ਕਿਸੇ ਪਰੋ ਸਕਣਾਂ।

੨

ਮੌਤ ਮਰਨੀ ਨੇ ਗੁਰੂ ਕੇ ਬਾਗ਼ ਵਿਚੋਂ,
ਫੁੱਲ ਸੋਹਣਾ ਇਕ ਤਾੜ ਕੇ ਤੋੜਿਆ ਏ,
ਜਿਸ ਦੀ ਮਹਿਕ ਭਿੰਨੀ ਅਜ ਵੀ ਸੰਗਤਾਂ ਚੋਂ,
ਆ ਰਹੀ ਜਿਸ ਗੁਰੂ ਸੰਗ ਜੋੜਿਆ ਏ,
ਚਲਦਾ ਫਿਰਦਾ ਇਕ ਪੁਤਲਾ ਸੀ ਨਿੰਮ੍ਰਤਾ ਦਾ,
ਗਿਆ ਨਹੁਆਂ ਤੋਂ ਮਾਸ ਵਿਛੋੜਿਆ ਏ,
ਅਣ ਗਿਣਤ ਹੀ ਦਿਲਾਂ ਦੇ ਵਿਹੜਿਆਂ ਨੂੰ,
ਸੁੰਨਾ ਮੌਤ ਨੇ ਵੇਖਣਾਂ ਲੋੜਿਆ ਏ,

੩

ਐਪਰ ਮੌਤ ਨਹੀਂ ਉਹਨਾਂ ਨੂੰ ਮਾਰ ਸਕਦੀ ,
ਗੁਰੂ ਚਰਨਾਂ ਵਿਚ ਜੀਵਨ ਗੁਜ਼ਾਰਦੇ ਜੋ
ਰੱਬੀ ਪਿਆਰ ਵਿਚ ਸਦਾ ਉਹ ਰਹਿਣ ਖੀਵੇ,
ਗੁਰੂ ਪਿਆਰਿਆਂ ਤਾਈਂ ਪਿਆਰਦੇ ਜੋ,
ਮਿੱਠਾ ਬੋਲ ਕੇ ਕੌੜੇ ਮਾਹੌਲ ਅੰਦਰ ਅਪਣੀ
ਮਿੱਠਤ ਨੂੰ ਥਾਂ ਥਾਂ ਖਲਾਰਦੇ ਜੋ।
ਜੀਵਨ ਅਪਣਾ ਤਾਂ ਉਹਨਾਂ ਦਾ ਸੌਰਦਾ ਏ,
ਜਨਮ ਕਈਆਂ ਦਾ ਹੋਰ ਸੁਆਰਦੇ ਜੋ,

੪

ਹੱਸਦੇ ਰਹਿਣਾ ਹਸਾਂਦਿਆਂ ਸਦਾ ਰਹਿਣਾ,
ਸਾਰੀ ਉਮਰ ਨਿਭਾਹੀ ਇਹ ਬਾਣ ਆਪਣੀ
ਖਿੜੇ ਰਹਿਣਾ ਖਿੜਾਵਣਾ ਸਾਰਿਆਂ ਨੂੰ,
ਹਰ ਇਕ ਹਿਰਦੇ ਤੇ ਛਾਪੀ ਮੁਸਕਾਣ ਅਪਣੀ
ਕਿਸੇ ਪਿਆਰ ਦੇ ਗਾਹਕ ਨੂੰ ਮੋੜਿਆ ਨਹੀਂ,
ਖੁਲੀ ਪਿਆਰ ਦੀ ਰਖੀ ਦੁਕਾਨ ਅਪਣੀ
ਗੁਰੂ ਚਰਨਾਂ ਦੇ ਨਾਲ ਪ੍ਰੀਤ ਨਿਭਜੇ,
ਏਸੇ ਵਿਚ ਹੀ ਸਮਝੀਏ ਸ਼ਾਨ ਆਪਣੀ

੫

ਆਓ ਆਪਾਂ ਵੀ ਕੁੱਝ ਜਤਨ ਕਰੀਏ,
ਗੁਰੂ ਚਰਨਾਂ ਦੇ ਦਾਸਰੇ ਹੋ ਰਹੀਏ।
ਗੁਰੂ ਕਿਸੇ ਦਾ ਆਸਰਾ ਤੋੜਦਾ ਨਹੀਂ,
ਜੇਕਰ ਗੁਰੂ ਕੇ ਆਸਰੇ ਹੋ ਰਹੀਏ।
ਜੀਵਨ ਮੁਕਤ ਤੇ ਮਾਨ ਸਨਮਾਨ ਮਿਲਦਾ,
ਜਗੋਂ ਜੇਕਰ ਨਿਆਸਰੇ ਹੋ ਰਹੀਏ।
ਨਾਮਧਾਰੀ ਦਲੀਪ ਸਿੰਘ ਸੰਤ ਵਾਂਗੂ
ਪਾਸੇ ਛੱਡ ਇਕ ਪਾਸਰੇ ਹੋ ਰਹੀਏ।

ਸੰਤ ਦਲੀਪ ਸਿੰਘ ਨਾਮਧਾਰੀ

—ਜੁਗਿੰਦਰ ਸਿੰਘ ਮੁਕਤਾ

ਜਿਸਦੀ ਸੋਚ ਵਿਚ ਲੋਚ ਗੁਰ ਪੰਥ ਖਾਤਰ,
ਸੁਪਣੇ ਛਡ ਅਧੂਰੇ ਇਕ ਯਾਰ ਤੁਰਿਆ।
ਆਇਆ ਹੁਕਮ ਅਕਾਲ ਦਾ ਮੋੜਿਆ ਨਾ,
ਰੰਗਲਾ ਛੱਡ ਸੰਸਾਰ ਪਾਸਾਰ ਤੁਰਿਆ।
ਯਾਰ ਯਾਰਾਂ ਦਾ, ਸਭ ਦਾ ਮਨ ਮੋਲੀ
ਸਾਰੀ ਜ਼ਿੰਦਗੀ ਵੰਡ ਪਿਆਰ ਤੁਰਿਆ।
ਚੜਦੀ ਕਲਾ ਹੋਵੇ ਕੂਕਾ ਪੰਥ ਵਾਲੀ
ਦਿਲ ਵਿਚ ਸਧਰਾਂ ਲੈ ਹਜ਼ਾਰ ਤੁਰਿਆ।

ਚਰਨ ਭੌਰ ਸਤਿਗੁਰੂ ਜਗਜੀਤ ਸਿੰਘ ਦਾ
ਸਿਦਕੀ ਸਿੱਖ ਸੱਚਾ ਸ਼ਰਧਾ ਵਾਨ ਸੀ ਓਹ।
ਗਾਥਾ ਲਿਖੀ ਸਤੰਤ੍ਰ ਸੰਗਰਾਮੀਆਂ ਦੀ
ਸਹਿਤਕਾਰ ਮਹਾਨ ਵਿਦਵਾਨ ਸੀ ਉਹ।
ਨੇਕੀ ਨਿਮਰਤਾ ਉਚ ਇਖਲਾਕ ਵਾਲਾ
ਐਸਾ ਪਾਕ ਪਵਿਤਰ ਇਨਸਾਨ ਸੀ ਉਹ।
ਉਹਦੀ ਪ੍ਰੀਤ ਪਰਾਏ ਪ੍ਰੇਰ ਲੈਂਦੀ
ਮਿਠ ਬੋਲੜਾ ਸੁਘੜ ਸੁਜਾਨ ਸੀ ਉਹ।
ਗੁਰ ਜਗਜੀਤ ਦੀ ਪ੍ਰੀਤ ਦਾ ਬਣ ਪਾਤਰ
ਰਜ ਰਜ ਕੇ ਮਾਣ ਬਹਾਰ ਗਿਆ।
ਓੜਕ ਪ੍ਰੀਤ ਗੁਰ ਚਰਨਾ ਦੇ ਨਾਲ ਨਿਭ ਗਈ
ਲੋਕ ਸੁਖੀ ਪ੍ਰਲੋਕ ਸਵਾਰ ਗਿਆ।
ਛੱਡੀ ਛਾਪ ਐਸੀ ਉਸ ਦਿਲਾਂ ਅੰਦਰ,
ਹਰ ਪਾਸੇ ਸੁਗੰਧੀ ਖਿਲਾਰ ਗਿਆ॥
ਮਿਠੀ ਯਾਦ ਤੇ ਯਾਦ ਸੰਗ ਕਾਰਨਾਮੇ
ਮਲਾਂ ਐਸੀਆਂ ਹਰ ਥਾਂ ਮਾਰ ਗਿਆ।

ਮਾਲਾ ਗਲ ਵਿਚ ਸਿਧੀ ਦਸਤਾਰ ਸਿਰ ਤੇ
ਗੁਰ ਸਿੱਖੀ ਵਿਚ ਪੂਰਾ ਪਾਬੰਧ ਡਿੱਠਾ।
ਹੁਕਮ ਗੁਰਾਂ ਦੇ ਨੂੰ ਸਦਾ ਪਹਿਲ ਦਿਤੀ,
ਪੰਥਕ ਕੰਮਾਂ ਲਈ ਜੋਸ਼ ਬੁਲੰਦ ਡਿਠਾ।
ਸਿਰਜੀ ਸਾਂਝ ਉਸ ਹੋਰ ਅਦਾਰਿਆਂ ਸੰਗ
ਬਾ-ਅਦਬ ਉਹ ਅਮਨ ਪਸੰਦ ਡਿਠਾ॥
ਨਾਮਧਾਰੀ ਦਲੀਪ ਸਿੰਘ ਸੰਤ 'ਮੁਕਤਾ',
ਗੁਰ ਚਰਨਾਂ ਵਿਚ ਸਦਾ ਅਨੰਦ ਡਿਠਾ,

ਸੰਤ ਨਗਰ ਸਿਰਸਾ, ਹਰਿਆਣਾ

ਸੰਤ ਦਲੀਪ ਸਿੰਘ ਨਾਮਧਾਰੀ

ਅੱਜ ਇਕ ਮਈ ਸਵੇਰੇ ਨਵਤੇਜ ਜੀ ਨੂੰ ਸੰਤ ਦਲੀਪ ਸਿੰਘ ਨਾਮਧਾਰੀ ਜੀ ਦੀ ਸਿਹਤ ਬਾਰੇ ਪੁਛਣ ਲਈ ਫੂਨ ਕੀਤਾ। ਉਨ੍ਹਾਂ ਕੋਲੋਂ ਪਤਾ ਲਗਾ ਕਿ ੨੯ ਅਪ੍ਰੈਲ ਅੱਧੀ ਰਾਤ ਸੰਤ ਜੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਇਹ ਸੂਚਨਾ ਹਿਰਦੇ ਤੇ ਇਕ ਸੱਟ ਮਾਰ ਗਈ ਤੇ ਸ਼ਮਸ਼ਾਨ ਵੈਰਾਗ ਵਿਚ ਚੇਤੇ ਆਇਆ।

ਸਭਨਾ ਸਹੁਰੇ ਵੰਞਣਾ ਸਭ ਮੁਕਲਾਵਣ ਹਾਰ।
ਹਰਕਾਰੇ ਨੇ ਕਦੋਂ ਆਉਣਾ ਹੈ ਇਹ ਕਰਤੇ ਦੇ ਹੀ ਹੱਥ ਹੈ।

ਸੰਤ ਦਲੀਪ ਸਿੰਘ ਜੀ ਤੇ ਉਨ੍ਹਾਂ ਦੇ ਸਪੁੱਤਰ ਨਵਤੇਜ ਸਿੰਘ ਜੂਨ ੨੦੦੦ ਵਿਚ ਚੰਡੀਗੜ੍ਹ ਦਰਸ਼ਨ ਦਿੱਤੇ ਤੇ ਤਿੰਨ ਘੰਟੇ ਗੁਰਮਤਿ ਗੋਸ਼ਟੀ ਹੋਈ। ਦੂਜੀ ਵਾਰੀ ੨੦੦੧ ਮਈ ਵਿਚ ਗੁਰੂ ਰਾਮ ਸਿੰਘ ਚੇਅਰ ਦੇ ਤਤਵਾਧਾਨ ਵਿਚ ਹੋਏ ਸੇਮੀਨਾਰ ਭੈਣੀ ਸਾਹਿਬ ਵਿਖੇ ਮੇਲ ਮੁਲਾਕਾਤ ਹੋਈ। ਤੀਜੀ ਵਾਰ ਪਿਛਲੇ ਸਾਲ ਵਿਦਿਅਕ ਜੱਥੇ ਦੇ ਸਮਾਗਮ ਪੰਡੋਹ (ਮੰਡੀ ਹਿਮਾਚਲ) ਵਿਚ ਦਰਸ਼ਨ ਹੋਏ ਪਰ ਉਨ੍ਹਾਂ ਨੇ ਨਿਤਨੇਮ ਅਧੀਨ ਮੋਨ ਧਾਰਿਆ ਹੋਇਆ ਸੀ। ਵਾਸਤਵ ਵਿਚ ਵਰਿਆਮ ਵਿਚ ਛਪਣ ਦੀ ਕੋਸ਼ਿਸ਼ ਲਈ ਵੀ ਸੰਤ ਦਲੀਪ ਸਿੰਘ ਜੀ ਨਾਲ ਮੇਲ ਮਿਲਾਪ ਹੀ ਅਪ੍ਰਤੱਖ ਰੂਪ ਵਿਚ ਪ੍ਰੇਰਣਾ ਦਾ ਇਕ ਬਣਿਆ। ਇਨ੍ਹਾਂ ਅੱਭੁਲ ਯਾਦਾਂ ਤੇ ਅਨੁਭਵਾਂ ਨਾਲ ਹੀ ਧੁਰ ਹਿਰਦੇ ਵਿਚੋਂ ਪਰਿਵਾਰ ਨਾਲ ਸਮਵੇਦਨਾ ਪ੍ਰਗਟ ਕਰਨ ਦਾ ਨਿਮਾਨਾ ਪ੍ਰਯਾਸ ਵਰਿਆਮ ਦੇ ਪਾਠਕਾਂ ਨਾਲ ਸਾਂਝਾ ਕਰਦਾ ਹਾਂ।

ਕਰਤਾਰ ਸਿੰਘ ਜੀ ਨੀਲਧਾਰੀ, ਚੰਡੀਗੜ੍ਹ

ਨਾਮਧਾਰੀ ਪੰਜਾਬੀ ਸਾਹਿਤ ਸਭਾ

ਲੁਧਿਆਣਾ— ੩੦ ਅਪ੍ਰੈਲ ੧੮ ਵੈਸਾਖ ਐਤਵਾਰ ਗੁਰਬਾਣੀ ਅਨੁਸਾਰ ਅੰਮ੍ਰਿਤ ਵੇਲੇ ਅਚਿੰਤੇ ਬਾਜ ਪਏ ਵਾਲੀ ਤੁਕ ਅਨੁਸਾਰ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਗੁਰਪੁਰੀ ਸਿਧਾਰ ਗਏ ਸੰਤ ਦਲੀਪ ਸਿੰਘ ਨਾਮਧਾਰੀ ਸ੍ਰੀ ਸਤਿਗੁਰੂ ਜੀ ਦੇ ਨਿਕਟ ਵਰਤੀ ਜ਼ੁੰਮੇਵਾਰਾਂ ਵਿਚੋਂ ਸਨ ਰਾਜਨੀਤਕ, ਸਮਾਜ ਸੇਵਕ ਅਤੇ ਸਾਹਿਤਕਾਰ ਵੀ ਸਨ ਨਾਮਧਾਰੀ ਦਰਬਾਰ ਵਿਦਅਕ ਜਥੇ ਦੇ ਉਚ ਪਧਰ ਦੇ ਅਹੁਦੇਦਾਰ ਰਹਿ ਸਾਰੀ ਉਮਰ ਸ੍ਰੀ ਸਤਿਗੁਰੂ ਜੀ ਦਾ ਹੁਕਮ ਖਿੜੇ ਮਥੇ ਪ੍ਰਵਾਨ ਕੀਤਾ ਸਟੇਜਾਂ ਦੇ ਧਨੀ ਵੀ ਰਹਿ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਕਵੀ ਏਸ ਦੁਖ ਘੜੀ ਵਿਚ ਸ਼ਰੀਕਰ ਹੋਏ। ਸਾਧੂ ਸਿੰਘ ਕਿਸਾਨ, ਮ. ਅਮਰੀਕ ਸਿੰਘ, ਜੁਗਿੰਦਰ ਸਿੰਘ ਮੁਕਤਾ, ਬਲਦੇਵ ਸਿੰਘ ਵੜੈਚ, ਰਾਜਿੰਦਰ ਸਿੰਘ ਰਾਜ, ਪੂਰਨ ਸਿੰਘ, ਸਵਰਨ ਸਿੰਘ ਚੀਮਾ, ਗੁਰਮੇਲ ਸਿੰਘ ਹੰਸ, ਗੁਰਦਿਆਲ ਸਿੰਘ ਵਿਲੋਂ ਪ੍ਰੀਤ ਇਹਨਾਂ ਕਵੀਆਂ ਨੇ ਸੰਤ ਦਲੀਪ ਸਿੰਘ ਦੇ ਪ੍ਰਵਾਰ ਨਾਲ ਯੋਗ ਘੜੀ ਵਿਚ ਹਮਦਰਦੀ ਪ੍ਰਗਟਾਈ। ਪ੍ਰਵਾਰ ਨੂੰ ਗੁਰ ਸਿਖੀ ਤੇ ਭਾਣੇ ਵਿਚ ਰਹਿਣ ਦੀ ਕਾਮਨਾ ਕੀਤੀ ਸਸਕਾਰ ਤੋਂ ਬਾਅਦ ਇਹ ਸਭਾ ਸ੍ਰੀ ਸਤਿਗੁਰੂ ਦੇ ਦਰਸ਼ਨਾ ਲਈ ਸ੍ਰੀ ਭੈਣੀ ਸਾਹਿਬ ਪਹੁੰਚੀ। —ਵਿਲੋਂ ਪ੍ਰੀਤ

ਲਲਿਤ ਨਿਬੰਧ

ਸ਼ੁਕਰਾਨਾ

—ਡਾ. ਹਰਮਿੰਦਰ ਸਿੰਘ ਬੇਦੀ

ਮਨੁੱਖੀ ਕਦਰਾਂ ਕੀਮਤਾਂ ਵਿਚ ਸ਼ੁਕਰਾਨੇ ਦੀ ਅਹਿਮੀਅਤ ਬਹੁਤ ਹੈ। ਸਭਿਅਤਾ ਦੇ ਵਿਕਾਸ ਨੇ ਜਿਥੇ ਮਨੁੱਖ ਨੂੰ ਚੰਗੀ ਜੀਵਨ ਜਾਚ ਦਿੱਤੀ, ਉਥੇ ਉਸਦਾ ਮਾਨਸਿਕ ਵਿਕਾਸ ਵੀ ਕੀਤਾ। ਮਾਨਸਿਕ ਵਿਕਾਸ ਸਿਹਤਮੰਦ ਜੀਵਨ-ਮੁੱਲਾਂ ਸਦਕਾ ਹੋਇਆ। ਜੀਵਨ ਮੁੱਲ ਨੈਤਿਕ ਜੀਵਨ ਨੂੰ ਦੋ ਤਰ੍ਹਾਂ ਪ੍ਰਗਟਾਉਂਦੇ ਹਨ। ਇਕ ਸਮਾਜਿਕ ਦ੍ਰਿਸ਼ਟੀ ਤੋਂ ਤੇ ਦੂਜਾ ਵਿਅਕਤੀਗਤ ਦ੍ਰਿਸ਼ਟੀ ਤੋਂ। ਸ਼ੁਕਰਾਨਾ ਦੋਹਾਂ ਮੁੱਲਾਂ ਦਾ ਧਾਰਣੀ ਹੈ। ਸ਼ੁਕਰਾਨੇ ਦੀ ਅੰਤਰ-ਪਕ੍ਰਿਆ ਏਨੀ ਸਬੱਲ ਹੈ ਕਿ ਮਨੁੱਖੀ ਰਿਸ਼ਤਿਆਂ ਦੀ ਸੂਖਮ ਪਹਿਚਾਨ ਇਸ ਤੋਂ ਹੀ ਹੁੰਦੀ ਹੈ। ਜਦੋਂ ਮਨੁੱਖ ਦੂਸਰੇ ਮਨੁੱਖ ਦੇ ਕੰਮ ਆਉਂਦਾ ਹੈ ਤਾਂ ਇਕ ਮਨੁੱਖੀ ਭਾਵਨਾ ਜਨਮ ਲੈਂਦੀ ਹੈ। ਪ੍ਰਾਪਤ ਕੀਤੇ ਸਹਿਯੋਗ ਤੋਂ, ਜਿਸਦੀ ਕੀਮਤ ਉਹ ਕੁਝ ਮਿੱਠੇ ਬੋਲਾਂ ਰਾਹੀਂ ਅਦਾ ਕਰਨਾ ਚਾਹੁੰਦਾ ਹੈ। ਵਿਵਹਾਰਕ ਪੱਖ ਤੋਂ ਇਹ ਮਿੱਠੇ ਬੋਲ ਹੀ ਕੇਵਲ ਸ਼ੁਕਰਾਨਾ ਨਹੀਂ ਹੁੰਦੇ ਬਲਕਿ ਮੌਕਾ ਆਉਣ ਤੇ ਕ੍ਰਿੱਤਗ ਹੋਇਆ ਵਿਅਕਤੀ ਮਨ-ਤਨ ਤੋਂ ਉਸ ਸੁਪਾਤਰ ਦੀ ਮਦਦ ਕਰਨੀ ਵੀ ਚਾਹੁੰਦਾ ਹੈ ਤੇ ਕਰ ਵੀ ਦੇਂਦਾ ਹੈ। ਸ਼ੁਕਰਾਨਾ ਸਹਿਯੋਗ ਦੀ ਸੰਗਿਆ ਹੈ। ਵਿਅਕਤੀ ਤਾਂ ਕੇਵਲ ਸਰਵਨਾਮ ਬਣ ਕੇ ਇਸ ਵਿਸ਼ੇਸ਼ਣ ਨੂੰ ਪ੍ਰਾਪਤ ਕਰਦੇ ਹਨ। ਸ਼ੁਕਰਾਨੇ ਦਾ ਵਿਆਕਰਣ ਬੜਾ ਸਰਲ ਤੇ ਸੁਗਮ ਹੁੰਦਾ ਹੈ। ਸ਼ੁਕਰਾਨਾ ਸਮਾਜਕ ਪੱਧਰ ਤੇ ਵੀ ਮਨੁੱਖਤਾ ਦਾ ਕਲਿਆਣ ਕਰਦਾ ਹੈ। ਜੇ ਧਾਰਮਿਕ ਆਸਥਾ ਦੀ ਗੱਲ ਕਰੀਏ ਤਾਂ ਅਰਦਾਸ ਜਾਂ ਪ੍ਰਾਰਥਨਾ ਰਾਹੀਂ ਪ੍ਰਮਾਤਮਾ ਤੋਂ ਮੰਗੀ ਦਾਤ ਪ੍ਰਾਪਤ ਕਰਕੇ ਵਿਅਕਤੀ ਅਕਾਲ ਪੁਰਖ ਅਗੇ ਸ਼ੁਕਰਾਨੇ ਵਜੋਂ ਨਤ ਮਤਸਕ ਹੋ ਜਾਂਦਾ ਹੈ। ਸ਼ੁਕਰਾਨੇ ਦਾ ਇਹ ਧਾਰਮਿਕ ਮੁੱਲ ਹੀ ਬਾਅਦ ਵਿਚ ਸਮਾਜਕ ਮੁੱਲ ਬਣਿਆ। ਸ਼ੁਕਰਾਨੇ ਦੀ ਇਹ ਕੀਮਤ-ਮੀਮਾਂਸਾ ਭਾਰਤੀ ਸੰਸਕ੍ਰਿਤੀ ਦਾ ਵੀ ਅਟੁੱਟ ਅੰਗ ਰਹੀ ਹੈ। ਪੁਰਾਤਨ ਲੋਕ-ਕਥਾਵਾਂ ਵਿਚ ਬਲੀਦਾਨ ਤੇ ਤਿਆਗ ਇਸ ਸ਼ੁਕਰਾਨੇ ਦਾ ਹੀ ਅਭਿੰਨ ਅੰਗ ਹਨ। ਦੂਸਰਿਆਂ ਦਾ ਮੰਗਲ ਚਾਹੁਣ ਵਾਸਤੇ ਵਿਅਕਤੀ ਆਪਾ-ਨਿਛਾਵਰ ਕਰ ਦੇਂਦਾ ਹੈ। ਦੇਸ਼ ਤੇ ਕੌਮ ਦਾ ਰਿਣ ਉਤਾਰਨ ਲਈ ਵਿਅਕਤੀ ਹੱਸਦੇ ਹੱਸਦੇ ਕੁਰਬਾਨ ਹੋ ਜਾਂਦੇ ਹਨ। ਧਾਰਮਿਕ ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਬਲੀਦਾਨ ਤੇ ਤਿਆਗ ਤੋਂ ਉੱਚਾ ਜੀਵਨ ਦਾ ਹੋਰ ਕੋਈ ਮੁੱਲ ਨਹੀ। ਬਲੀਦਾਨ ਤੇ ਤਿਆਗ ਨਿਰਸੁਆਰਥ ਨਾਲ ਜੁੜੇ ਹੁੰਦੇ ਹਨ। ਸ਼ੁਕਰਾਨਾ ਵੀ ਤਿਆਗ ਤੇ ਬਲੀਦਾਨ ਦੇ ਅੰਕੁਰ ਤੋਂ ਹੀ ਫੁੱਟਦਾ ਹੈ। ਕੀ ਸ਼ੁਕਰਾਨਾ ਪ੍ਰਾਪਤੀ ਦਾ ਫਲ ਹੁੰਦਾ ਹੈ ਜਾਂ ਵਿਅਕਤੀ ਕੁਝ ਪ੍ਰਾਪਤ ਕਰਕੇ ਸ਼ੁਕਰਾਨੇ ਲਈ ਤਿਆਰ ਹੁੰਦਾ ਹੈ ? ਸ਼ੁਕਰਾਨੇ ਦੇ ਭੂਗੋਲ ਵਿਚ ਅਜਿਹਾ ਕੁਝ ਵੀ ਨਹੀਂ। ਸ਼ੁਕਰਾਨਾ ਤਾਂ ਆਪ ਮੁਹਾਰੇ ਫੁਟਿਆ ਉਹ ਚਸ਼ਮਾ ਹੈ, ਜਿਸਦੇ ਨਿਰਮਲ ਪਾਣੀ ਨੇ ਈਰਖਾ ਅਤੇ ਦ੍ਵੈਤ ਦੀ ਭਾਵਨਾ ਨੂੰ ਸਦਾ ਲਈ ਧੋ ਦਿੱਤਾ। ਸ਼ੁਕਰਾਨਾ ਰਿਸ਼ਤਿਆਂ ਦੀਆਂ ਗੰਢਾਂ ਨੂੰ ਸਮਝਦਾਰੀ ਦੇ ਧਾਗੇ ਬਖ਼ਸ਼ਦਾ ਹੈ। ਸ਼ੁਕਰਾਨਾ ਪਰਉਪਕਾਰ ਲਈ ਮਨੁੱਖ ਨੂੰ ਪ੍ਰੇਰਨਾ ਦੇਂਦਾ ਹੈ। ਸ਼ੁਕਰਾਨਾ ਪ੍ਰੇਮ ਤੇ ਭਾਈਚਾਰੇ ਦਾ ਸਰੋਤ ਹੈ। ਸ਼ੁਕਰਾਨਾ ਨਿਰੀ ਵਾਹ-ਵਾਹ ਨਹੀਂ ਹੁੰਦੀ ਬਲਕਿ ਸ਼ੁਭ ਕਰਮ ਰਾਹੀਂ ਪ੍ਰਾਪਤ ਕੀਤੀ ਉਹ ਕੀਰਤੀ ਹੁੰਦੀ ਹੈ ਜਿਸਦੀ ਪਤਾਕਾ ਦੇ ਰੰਗ ਸ਼ਾਂਤੀ ਤੇ ਮੁਹੱਬਤ ਵਾਲੇ ਹੁੰਦੇ ਹਨ।

ਸ਼ੁਕਰਾਨਾ ਸਚਾਈ ਤੇ ਸਦਾਚਾਰ ਦੀ ਇਕ ਲੰਬੀ ਲੀਕ ਹੈ, ਜਿਸਦੇ ਇਕ ਸਿਰੇ ਉੱਤੇ, ਮਦਦ ਦੇ ਸ਼ਬਦ ਅੰਕਿਤ ਹੁੰਦੇ ਹਨ ਤੇ ਦੂਜੇ ਸਿਰੇ ਉੱਤੇ ਇਸ ਮਦਦ ਨਾਲ ਪ੍ਰਾਪਤ ਕੀਤੇ ਮਨੁੱਖੀ ਭਾਈਚਾਰੇ ਦੇ ਉਹ ਸ਼ਿਲਾਲੇਖ, ਜਿਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਮਾਰਗ ਦਰਸ਼ਕ ਵਜੋਂ ਸਵੀਕਾਰ ਕਰ ਲੈਂਦੀਆਂ ਹਨ। ਸ਼ੁਕਰਾਨਾ ਬੱਚਿਆਂ ਵਿਚ ਨੈਤਿਕਤਾ ਨੂੰ ਦ੍ਰਿੜ ਕਰਦਾ ਹੈ। ਇਕ ਦੂਜੇ ਤੋਂ ਕੁਝ ਨਾ ਲੈ ਕੇ ਜਾਂ ਦੇ ਕੇ ਅਸੀਂ ਸ਼ੁਕਰਾਨੇ ਦੇ ਹੱਕਦਾਰ ਬਣਦੇ ਹਾਂ। ਸ਼ੁਕਰਾਨੇ ਦਾ ਇਹ ਹੱਕ ਸਾਨੂੰ ਕਈ ਫ਼ਰਜ਼ਾਂ ਤੋਂ ਵੀ ਜਾਣੂ ਕਰਵਾਉਂਦਾ ਹੈ। ਮਨ-ਇੱਛਤ ਪ੍ਰਾਪਤੀ ਭਾਵੇਂ ਨਾ ਵੀ ਹੋਵੇ ਤਾਂ ਵੀ ਸ਼ੁਕਰਾਨੇ ਦਾ ਇਹ ਤਕਾਜ਼ਾ ਹੁੰਦਾ ਹੈ ਕਿ ਅਸੀਂ ਇਸਦੀ ਪਵਿਤ੍ਰਤਾ ਨੂੰ ਹਰ ਹੀਲੇ ਕਾਇਮ ਰਖੀਏ।

ਸ਼ੁਕਰੀਏ ਜਾਂ ਧੰਨਵਾਦ ਵਜੋਂ ਕਹੇ ਗਏ ਦੋ ਸ਼ਬਦ ਮਾਨਸਿਕ ਤਨਾਉ ਨੂੰ ਇਕਦਮ ਖ਼ਤਮ ਕਰ ਦੇਂਦੇ ਹਨ। ਵਿਅਕਤੀ ਨੂੰ ਇਉਂ ਜਾਪਦਾ ਹੈ, ਜਿਵੇਂ ਉਸ ਨੇ ਕੋਈ ਸੁਕਰਮ ਕੀਤਾ ਹੋਵੇ। ਸ਼ੁਕਰਾਨਾ ਖੇੜੇ ਬਖ਼ਸ਼ਦਾ ਹੈ ਤੇ ਧੁਰ ਅੰਦਰ ਉੱਲਾਸ ਦੀ ਭਾਵਨਾ ਪੈਦਾ ਕਰਦਾ ਹੈ। ਚੰਗੇ ਵਰਤਾਉ ਦੀ ਵਿਉਂਤ ਮਨੁੱਖ ਸ਼ੁਕਰਾਨੇ ਤੋਂ ਉਲੀਕਦਾ ਹੈ। ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਵਿਵਹਾਰਕ ਪੱਖੋਂ ਵੀ ਸ਼ੁਕਰਾਨੇ ਦਾ ਬਹੁਤ ਮਹੱਤ੍ਵ ਹੈ। ਸ਼ੁਕਰਾਨਾ ਮਾਹੌਲ ਵਿਚ ਸਮਤੋਲ ਬਣਾ ਦੇਂਦਾ ਹੈ। ਸਾਂਵਾਂ-ਪੱਧਰਾ ਜੀਵਨ ਜਿਊਣ ਦੀ ਖਾਹਸ਼ ਸ਼ੁਕਰਾਨੇ ਤੋਂ ਉਪਜਦੀ ਹੈ। ਮਨੁੱਖ ਜਾਤੀ ਦੀ ਉਤਪੱਤੀ ਤੇ ਵਿਕਾਸ ਦੇ ਜੋ ਆਰੰਭਕ ਪੜਾਅ ਸ਼ੁਕਰਾਨੇ ਦੀ ਸ਼ਕਤੀ ਤੋਂ ਉਤਪੰਨ ਹੁੰਦੇ ਹਨ ਤਾਂ ਜੀਵਨ-ਪੰਧ ਦਾ ਲੰਮੇਰਾ ਸਫ਼ਰ ਵੀ ਉਹ ਸ਼ੁਕਰਾਨੇ ਨੂੰ ਜੀਵਨ-ਮੁਲ ਵਜੋਂ ਪਰਵਾਣ ਕਰਕੇ ਉਹ ਹੱਸਦਿਆਂ ਹੱਸਦਿਆਂ ਤੈਅ ਕਰਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ ਤੇ ਅਸਲ ਦੋਸ਼ੀ

—ਪ੍ਰੋ. ਡਾ. ਹਰਨਾਮ ਸਿੰਘ ਸ਼ਾਨ

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ (੧੫੬੩-੧੬੦੬ ਈ.), ਦੀ ਸ਼ਹੀਦੀ ਦੇ ਮੂਲ ਕਾਰਨ ਅਤੇ ਅਸਲ ਦੋਸ਼ੀ ਤੇ ਜ਼ਿੰਮੇਵਾਰ ਚੰਦੂ ਤੇ ਉਸ ਦੀ ਜ਼ਾਤੀ ਰੰਜਸ਼ ਅਤੇ ਸ਼ਹਿਜ਼ਾਦਾ ਖੁਸਰੋ ਤੇ ਉਸ ਦੀ ਗੋਇੰਦਵਾਲ-ਆਵੰਦ ਜਾਂ ਇਸ ਤਰ੍ਹਾਂ ਦੀਆਂ ਆਮ ਦਸੀਆਂ ਜਾਂਦੀਆਂ ਗੱਲਾਂ ਜਾਂ ਘਟਨਾਵਾਂ ਨਹੀਂ ਸਨ।

ਗੁਰੂ ਸਾਹਿਬ ਦੇ ਇਕ ਸਮਕਾਲੀ ਮੁਸਲਮਾਣ ਇਤਿਹਾਸਕਾਰ, ਮੁਹਸਿਨ ਫਾਨੀ (੧੬੧੫-੧੬੭੦ ਈ.) ਦੇ ਤਵਾਰੀਖੀ ਬਿਆਨ ਅਨੁਸਾਰ, "ਹਰ ਗੁਰੂ ਸਾਹਿਬ ਦੀ ਗੁਰਿਆਈ ਸਮੇਂ ਸਿੱਖਾਂ ਦੀ ਗਿਣਤੀ ਵਧਦੀ ਹੀ ਰਹੀ ਹੈ। ਪਰ ਗੁਰੂ ਅਰਜਨ ਦੇਵ ਦੇ ਸਮੇਂ ਤਾਂ ਇਹ ਬਹੁਤ ਵਧ ਗਈ ਸੀ। ਉਹ ਅਕਸਰ ਸ਼ਹਿਰਾਂ ਵਿਚ ਰਹਿ ਰਹੇ ਸਨ ਅਤੇ ਕੋਈ ਵੀ ਅਜਿਹਾ ਸ਼ਹਿਰ ਨਹੀਂ ਸੀ ਜਿਸ ਵਿਚ ਕੁਝ-ਨ-ਕੁਝ ਸਿੱਖ ਵਸ ਨਹੀਂ ਰਹੇ ਸਨ।" (ਦਬਿਸਤਾਨੇ ਮਜ਼ਾਹਿਬ, ਮਿਤੀ ੧੬੪੫ ਈ., ਪੰ. ੨੩੩)।

ਗੁਰੂ ਅਤੇ ਗੁਰੂ ਦੀ ਸਿੱਖੀ ਦਾ ਇਉਂ ਦਿਨੋ-ਦਿਨ ਵਧ ਰਿਹਾ ਪਾਸਾਰ ਅਤੇ ਤੇਜ-ਪਰਤਾਪ ਜਿਥੇ ਤੁਅੱਸਬੀ ਸਮਕਾਲੀ ਸਰਕਾਰ ਲਈ ਚਿੰਤਾ ਦਾ ਕਾਰਨ ਬਣ ਰਿਹਾ ਸੀ ਉਥੇ ਉਨ੍ਹਾਂ ਦੇ ਵੱਡੇ ਭਰਾ, ਸ੍ਰੀ ਪ੍ਰਿਥੀ ਚੰਦ, ਦੇ ਹਿਰਦੇ ਅੰਦਰ ਵੀ ਈਰਖਾ ਤੇ ਦਵੇਖ ਦਾ ਭਾਂਬੜ ਬਾਲ ਰਿਹਾ ਸੀ। ਗੁਰਗੱਦੀ ਦੀ ਖੁੰਝਾਈ ਦਾ ਅਰਮਾਨ ਜੋ ਗੁਰੂ-ਪਿਤਾ, ਗੁਰੂ ਰਾਮ ਦਾਸ ਜੀ, ਦੇ ਜੋਤੀ-ਜੋਤਿ ਸਮਾਉਣ ਉਪਰੰਤ, ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਬਾਬਾ ਸਿਰੀ ਚੰਦ ਜੀ, ਵਲੋਂ ਹੋਏ ਹੇਠ-ਲਿਖੇ ਨਿਰਣੇ ਕਾਰਨ ਹੋਰ ਉਤੇਜਿਤ ਹੋ ਗਿਆ ਸੀ, ਉਸ ਨੂੰ ਉਸੇ ਦਿਨ ਤੋਂ ਬਹੁਤ ਕਲਪਾਅ ਤੇ ਤੜਫਾਅ ਰਿਹਾ ਸੀ—

ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ,
ਇਕ ਪ੍ਰਿਥੀਏ ਨੂੰ, ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ,
ਗੁਰਿਆਈ ਪੱਗ ਗੁਰੂ ਅਰਜਨ ਬੱਧੀ।

(ਛਿੱਬਰ, ਬੰਸਾਵਲੀਨਾਮਾ, ਮਿਤੀ ੧੭੬੯ ਈ., ਪੰ. ੪੧)

ਉਹ ਮਸੰਦਾਂ, ਗੁਰੂ ਦੋਖੀਆਂ ਤੇ ਸਰਕਾਰੀ ਕਰਮਚਾਰੀਆਂ ਨਾਲ ਗੰਢ-ਤੁਪ ਕਰ ਕੇ, ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਤੋਂ ਹਟਾਉਣ ਅਤੇ ਉਸ ਉੱਤੇ ਆਪਣਾ ਹੱਕ ਜਮਾਉਣ ਲਈ ਹਰ ਮੁਮਕਨ ਕੋਸ਼ਿਸ਼ ਕਰ ਰਿਹਾ ਸੀ ਅਤੇ ਨਿਤਨਵੀਆਂ ਰਿਕਤਾਂ ਵੀ ਛੋੜ ਰਿਹਾ ਸੀ।

-੨-

ਬਟਾਲੇ ਦਾ ਮੁਗਲ ਹਾਕਮ, ਸੁਲਹੀ ਖਾਨ, ਉਸੇ ਦੀ ਚੁੱਕ 'ਤੇ ਅੰਮ੍ਰਿਤਸਰ ਉਤੇ ਹੱਲ ਕਰਨ ਲਈ ਇਹ ਧਾਰ ਕੇ ਚਲਿਆ ਸੀ ਕਿ ਉਹ ਗੁਰੂ ਅਰਜਨ ਦੇਵ ਨੂੰ ਗੱਦੀਉਂ ਉਤਾਰ ਕੇ ਤੇ ਉਨ੍ਹਾਂ ਦੀ ਥਾਂ ਪ੍ਰਿਥੀ ਚੰਦ ਨੂੰ ਗੁਰੂ ਬਣਾ ਕੇ ਹੀ ਬਟਾਲੇ ਮੁੜੇਗਾ। ਪਰ, ਗੁਰੂ ਸਾਹਿਬ ਦੇ ਆਪਣੇ, ਹੇਠ ਲਿਖੇ ਸ਼ਬਦਾਂ ਵਿਚ ਪ੍ਰਭੂ ਦੀ ਬਖ਼ਸ਼ਿਸ਼ ਤੇ ਨਿਆਂਸ਼ੀਲਤਾ ਸਦਕੇ, ਉਹ ਅੰਮ੍ਰਿਤਸਰ ਦਾਖ਼ਲ ਹੋਣ ਤੋਂ ਪਹਿਲਾਂ ਹੀ ਆਪਣੇ ਘੋੜੇ ਸਮੇਤ ਭੱਖਦੇ ਆਵੇ ਦੀ ਅੱਗ ਵਿਚ ਸੜ ਮੋਇਆ ਸੀ :

ਸੁਲਹੀ ਤੇ ਨਾਰਾਇਣ ਰਾਖੁ
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ।...
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ,
ਜਿਨਿ ਜਨ ਕਾ ਕੀਨੋ ਪੂਰਨ ਵਾਕੁ।

(ਗੁਰੂ ਗ੍ਰੰਥ ਸਾਹਿਬ, ਮਿਤੀ ੧੬੦੪, ਬਿਲਾਵਲੁ, ਪੰ. ੮੨੫)

ਸਮੇਂ ਦੇ ਸ਼ਹਿਨਸ਼ਾਹ, ਜਲਾਲ-ਉਦ-ਦੀਨ ਅਕਬਰ (੧੫੫੬-੧੬੦੫ ਈ.) ਦੇ ਇਕ ਉੱਘੇ ਵਜ਼ੀਰ ਰਾਜਾ ਬੀਰਬਲ ਦੀ ਈਰਖਾ ਤੇ ਵਿਰੋਧ ਦਾ ਕਾਰਨ ਵੀ ਸਿੱਖ ਲਹਿਰ ਦਾ ਬੜੀ ਤੇਜ਼ੀ ਨਾਲ ਵਧ ਰਿਹਾ ਅਸਰ ਤੇ ਰਸੂਖ ਹੀ ਸੀ। ਡਾ. ਸਮਿਥ ਅਨੁਸਾਰ, "ਅਕਬਰ ਉਸ ਦੀ ਅਜਿਹੀ ਨੀਤ ਤੇ ਨੀਤੀ ਨਾਲ ਸਹਿਮਤ ਨਹੀਂ ਸੀ। ਉਸ ਨੂੰ ਤਾਂ ਸਿੱਖ ਸਿਧਾਂਤ ਭਰਵੀਂ ਸ਼ਲਾਘਾ ਦੇ ਹੱਕਦਾਰ ਜਾਪਦੇ ਸਨ।" (ਅਕਬਰ ਮਿਤੀ ੧੯੨੩, ਪੰ ੧੭੧)

ਇਸ ਦੇ ਬਾਵਜੂਦ, ਬੀਰਬਲ ਨੇ ਸੰਨ ੧੫੮੬ ਵਿਚ ਅੰਮ੍ਰਿਤਸਰ ਵਲ ਕੂਚ ਕਰਦਿਆਂ, ਸਾਰੇ ਸ਼ਹਿਰ ਨੂੰ ਉਜਾੜ ਦੇਣ ਦੀ ਧਮਕੀ ਦਿਤੀ ਸੀ। ਪਰ ਉਸ ਨੂੰ ਯੂਸਫਜ਼ਈਆਂ ਦੀ ਬਗਾਵਤ ਦਬਾਉਣ ਲਈ ਬਾਦਸ਼ਾਹ ਵਲੋਂ ਆਏ ਫੌਰੀ ਹੁਕਮ ਮੁਤਾਬਕ, ਆਪਣੀ ਮੁਹਾਰ ਅਚਾਨਕ ਉਧਰ ਮੋੜਨੀ ਪੈ ਗਈ ਸੀ ਜਿਸ ਕਰਕੇ ਪੰਜਾਬ ਅਤੇ ਗੁਰੂਘਰ ਉਤੇ ਮੰਡਲਾਅ ਰਿਹਾ ਉਹ ਹੱਲਾ ਵੀ ਟਲ ਗਿਆ ਸੀ। (ਮਕਾਲਿਫ, ਸਿੱਖ ਰਿਲਿਜਨ, ਮਿਤੀ ੧੯੦੯ ਈ. ਪੰ. ੧੫-੧੭)।

ਉਹ ਸ਼ਹਿਨਸ਼ਾਹ ਅਕਬਰ, ਜਦੋਂ ਸੰਨ ੧੬੦੦ ਦੇ ਲਾਗੇ-ਚਾਗੇ ਖੁਦ ਪੰਜਾਬ ਆਇਆ ਸੀ ਤਾਂ ਗੁਰੂ ਦੋਖੀਆਂ ਨੇ ਇਕ

'ਮੇਜਰਨਾਮੇ' (ਦੋਸ਼-ਪੱਤਰ) ਦੁਆਰਾ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਆਪਣੀ ਉਮੱਤ ਲਈ ਇਕ ਅਜਿਹੀ ਨਿਵੇਕਲੀ ਜਹੀ ਧਰਮ-ਪੁਸਤਕ ਤਿਆਰ ਕਰ ਲਈ ਹੈ ਜਿਸ ਵਿਚ ਇਸਲਾਮ ਬਾਰੇ ਨਿੰਦਾ-ਤੇ-ਬੇਅਦਬੀ ਭਰੇ ਸ਼ਬਦ ਸੰਚਿਤ ਸਨ। ਪਰ ਅਕਬਰ ਨੇ ਜਦੋਂ ਉਸ ਪਾਵਨ ਪੁਸਤਕ, (ਗੁਰੂ) ਗ੍ਰੰਥ ਸਾਹਿਬ ਦੇ ਕੁਝ ਵਿਕੋਲਿਤਰੇ ਸ਼ਬਦ ਥਾਉਂ—ਥਾਈਉਂ ਸੁਣੇ ਸਨ ਤਾਂ ਉਸ ਦੀ ਖੁਸ਼ੀ ਤੇ ਤਸੱਲੀ ਦੀ ਕੋਈ ਹੱਦ ਨਹੀਂ ਰਹੀ ਸੀ ਅਤੇ ਉਸ ਨੇ ਉਸ ਝੂਠੀ ਸ਼ਿਕਾਇਤ ਨੂੰ ਉਸ ਵੇਲੇ ਖਾਰਜ ਕਰਦਿਆਂ ਅਤੇ ਸਤਿਕਾਰ ਤੇ ਧੰਨਵਾਦ ਵਜੋਂ ੫੧ ਮੁਹਰਾਂ ਭੇਟਾ ਕਰਦਿਆਂ ਗੁਰੂ ਸਾਹਿਬ ਦੇ ਸਰਬ-ਸਾਂਝੇ ਸੰਦੇਸ਼ ਤੇ ਪਰਉਪਕਾਰੀ ਕਾਰਜਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਸੀ। (ਗੁਪਤਾ, ਹਿਸਟਰੀ ਆਫ ਦੀ ਸਿੱਖਜ਼, ਮਿਤੀ ੧੯੮੪, ਪੰ. ੧੪੩-੪੪)। ਗੁਰੂ ਅਰਜਨ ਦੇਵ ਜੀ ਨੇ ਆਪਣੀ ਹਸਬ-ਮਾਮੂਲ 'ਚੜ੍ਹਦੀ ਕਲਾ' ਵਿਚ ਹੀ ਵਿਚਰਦਿਆਂ, ਇਸ ਕ੍ਰਿਪਾਲਤਾ ਤੇ 'ਪੈਜ-ਰਖਾਈ' ਲਈ ਵੀ ਕੇਵਲ ਵਾਹਿਗੁਰੂ ਦਾ ਹੀ ਧੰਨਵਾਦ ਕਰਦਿਆਂ ਫਰਮਾਇਆ ਸੀ :

ਮਹਜਰੁ ਝੂਠਾ ਕੀਤੋਨੁ ਆਪਿ॥
ਪਾਪੀ ਕਉ ਲਾਗਾ ਸੰਤਾਪੁ॥
ਰੋਗ ਬਿਆਪੇ ਕਰਦੇ ਪਾਪ॥
ਅਦਲੀ ਹੋਇ ਬੈਠਾ ਪ੍ਰਭੁ ਆਪਿ॥
ਨਾਨਕ ਸਰਨਿ ਪਰੇ ਦਰਬਾਰਿ॥
ਰਾਖੀ ਪੈਜ ਮੇਰੈ ਕਰਤਾਰਿ॥

(ਗੁ. ਗ੍ਰੰ. ਸ., ਗਉੜੀ, ਪੰ. ੧੯੯)।

-੩-

ਅਜਿਹੇ ਸੁਲਹਕੁਲ ਤੇ ਸਹਿਨਸ਼ੀਲ ਬਾਦਸ਼ਾਹ ਦੇ ਸੰਨ ੧੬੦੫ ਵਿਚ ਹੋਏ ਦਿਹਾਂਤ ਤੋਂ ਬਾਅਦ, ਜਦੋਂ ਉਸ ਦਾ ਪੁੱਤਰ, ਨੂਰ-ਉਦ-ਦੀਨ ਜਹਾਂਗੀਰ (੧੬੦੫-੧੬੨੭ ਈ.) ਤਖ਼ਤਸ਼ੀਨ ਹੋਇਆ ਸੀ ਤਾਂ ਮੁਗਲੀਆ ਸਰਕਾਰ ਦੀ ਨੀਤ ਤੇ ਨੀਤੀ ਬਦਲਣੀ ਸ਼ੁਰੂ ਹੋ ਗਈ ਸੀ। ਆਪਣੇ ਆਪ ਨੂੰ 'ਰੱਬ ਦਾ ਨਾਇਬ' ਤੇ "ਮਜੱਦਦ ਅਲਫ਼ ਸਾਨੀ" ਅਖਵਾਉਣ ਵਾਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ "ਇਮਾਮੇ ਕੁਫ਼ਰ" ਆਖਣ ਵਾਲੇ ਸ਼ੇਖ ਅਹਿਮਦ ਸਰਹੰਦੀ (੧੫੬੯-੧੬੨੪ ਈ.) ਅਤੇ ਉਸ ਦੀਆਂ ਤੁਅੱਸਬੀ ਸਰਗਰਮੀਆਂ ਦਾ ਬੋਲ-ਬਾਲਾ ਹੋ ਗਿਆ ਸੀ। (ਪੰਜਾਬ ਪਾਸਟ ਐਂਡ ਪਰੈਜ਼ੈਂਟ, ਜਿ ੧੨, ਮਿਤੀ ੧੯੭੮, ਪੰ. ੧੬੩)। ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਉਸ ਤੋਂ, ਭਾਵ ਜਹਾਂਗੀਰ ਦੀ ਤਾਜਪੋਸ਼ੀ ਤੋਂ, ਵਰ੍ਹਾ ਕੁ ਬਾਅਦ, ੩੦ ਮਈ ੧੬੦੬ ਈ. ਨੂੰ, ਹੋਈ ਸ਼ਹੀਦੀ ਦਾ ਮੂਲ ਤੇ ਮੁਖ ਕਾਰਨ ਮੁਗਲ ਰਾਜ ਦੀ ਨੀਤ ਤੇ ਨੀਤੀ ਵਿਚ ਇਕਦਮ ਆਈ ਇਹੋ ਅਨਿਆਈ ਤੇ ਪੱਖ ਪਾਤੀ ਤਬਦੀਲੀ ਹੀ ਸੀ।

ਸਿੱਖ-ਸਿਧਾਂਤ ਤੇ ਆਚਾਰ-ਵਿਹਾਰ ਦਾ ਨਿਆਰਾਪਨ ਅਤੇ ਉਸ ਦਾ ਦਿਨੋ-ਦਿਨ ਵਧ ਰਿਹਾ ਅਸਰ-ਰਸੂਖ ਸਮੇਂ ਦੀ ਇਸਲਾਮੀ ਸਰਕਾਰ, ਉਸ ਦੇ ਤੁਅੱਸਬੀ ਬਾਦਸ਼ਾਹ, ਕਰਮਕਾਂਡੀ ਧਰਮ ਅਤੇ ਕੱਟੜਪੰਥੀ ਸਲਾਹਕਾਰਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਦਾ ਹੇਠ ਲਿਖਿਆ 'ਚੜ੍ਹਦੀ-ਕਲਾ-ਪੂਰਤ' ਬੇਬਾਕ ਬਿਆਨ ਤੇ ਨਿਧੱੜਕ ਐਲਾਨ ਜਿਥੇ ਉਨ੍ਹਾਂ ਦੇ ਧਰਮ ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦੀ ਬਿਆਰਤਾ, ਕਥਨੀ-ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ-ਲਹਿਰ ਦੀ ਅੱਗੇ-ਵਧਤਾ ਦਾ ਸੂਚਕ ਸੀ, ਉਥੇ ਉਹ ਉਪਰੋਕਤ ਤੁਅੱਸਬੀ ਸ਼ਕਤੀਆਂ ਨੂੰ ਇਕ ਭਾਰੀ ਚੈਲੰਜ ਵੀ ਪ੍ਰਤੀਤ ਹੋਇਆ ਸੀ :

ਵਰਤ ਨ ਰਹਉ, ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥
ਹਜ ਕਾਬੈ ਜਾਉ ਨਾ ਤੀਰਥ ਪੂਜਾ॥
ਏਕੋ ਸੇਵੀ ਅਵਰ ਨਾ ਦੂਜਾ॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ। (ਗੁ. ਗ੍ਰੰ. ਸ., ਪੰ. ੧੧੩੬)

ਮਜ਼ਬੀ ਤੁਅੱਤਸਬ ਨਾਲ ਭਰਿਆ-ਪੀਤਾ ਜਹਾਂਗੀਰ ਅਤੇ ਉਸ ਦੇ ਧਾਰਮਕ ਸਰਪ੍ਰਸਤ ਤੇ ਕੱਟੜਪੰਥੀ ਸਲਾਹਕਾਰ ਆਪਣੇ ਰਾਜਭਾਗ ਤੇ ਧਰਮ-ਖੇਤਰ ਵਿਚ ਅਜਿਹੀ ਸੱਚੀ-ਸੁੱਚੀ ਪਰ ਬੇਬਾਕ ਵੱਖਰਤ ਤੇ ਵਿਲੱਖਣਤਾ ਬਰਦਾਸ਼ਤ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਉਥੇ ਹੀ ਕੁਚਲ ਕੇ ਰੋਕ ਦੇਣ ਤੇ ਇਸ ਦੇ ਪਾਵਨ ਸੰਚਾਲਕ ਨੂੰ ਛੇਤੀ ਤੋਂ ਛੇਤੀ ਮਾਰ ਮੁਕਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਸਿੱਖ-ਲਹਿਰ ਨੂੰ 'ਦੁਕਾਨੇ ਬਾਤਲ' (ਕੂੜ ਦਾ ਵਪਾਰ) ਕਹਿ ਕੇ ਦਬਾਉਣ ਤੇ ਗੁਰੂ ਅਰਜਨ ਦੇਵ ਨੂੰ ਮਾਰ ਮੁਕਾਉਣ ਤੋਂ ਕੇਵਲ ਵੀਹ ਦਿਨ ਬਾਅਦ, ਜਹਾਂਗੀਰ ਨੇ ਆਪਣੀ ਸਵੈਜੀਵਨੀ, 'ਤੁਜ਼ਕੇ ਜਹਾਂਗੀਰੀ' ਵਿਚ ੧੯ ਜੂਨ ੧੬੦੬ ਈ. ਨੂੰ ਇਹ ਆਪ ਲਿਖਿਆ ਸੀ: "ਗੋਇੰਦਵਾਲ ਵਿਚ, ਜੋ ਦਰਿਆ ਬਿਆਸ ਦੇ ਕੰਢੇ ਸਥਿਤ ਹੈ, ਅਰਜਨ ਨਾਂ ਦਾ ਇਕ ਹਿੰਦੂ ਪੀਰਾਂ-ਸ਼ੇਖਾਂ ਤੇ ਸਰੂਪ ਵਿਚ ਰਹਿ ਰਿਹਾ ਸੀ। ਉਸ ਨੇ ਬਹੁਤ ਸਾਰੇ ਸਿੱਧੇ-ਸਾਦੇ ਹਿੰਦੂਆਂ, ਸਗੋਂ ਮੂਰਖ ਅਤੇ ਨੀਚ ਮੁਸਲਮਾਣਾਂ ਨੂੰ ਵੀ ਆਪਣੇ

ਧਰਮ-ਕਰਮ ਦਾ ਸ਼ਰਧਾਲੂ ਬਣਾ ਕੇ, ਆਪਣੀ ਪੀਰੀ ਤੇ ਪਦਵੀ ਦਾ ਢੋਲ ਉੱਚੀ ਆਵਾਜ਼ ਨਾਲ ਵਜਾਇਆ ਹੋਇਆ ਸੀ। ਲੋਕ ਉਸ ਨੂੰ 'ਗੁਰੂ' ਆਖਦੇ ਸਨ ਅਤੇ ਕਈ ਪਾਸਿਆਂ ਤੇ ਦਿਸ਼ਾਵਾਂ ਦੇ ਭੋਲੇ-ਭਾਲੇ ਤੇ ਪਾਖੰਡ-ਪੂਜ ਲੋਕ ਉਸ ਵਲ ਰੁਚਿਤ ਸਨ ਅਤੇ ਉਸ ਦੀ ਜ਼ਾਤ ਵਿਚ ਸੰਪੂਰਨ ਨਿਸਚਾ ਰੱਖਦੇ ਰਹਿੰਦੇ ਸਨ। ਉਨ੍ਹਾਂ ਨੇ ਤਿੰਨ-ਚਾਰ ਪੀੜ੍ਹੀਆਂ ਤੋਂ ਇਹ ਦੁਕਾਨ (ਭਾਵ ਸਿੱਖ ਲਹਿਰ) ਚਲਾਈ ਹੋਈ ਸੀ। ਮੇਰੇ ਦਿਲ ਵਿਚ ਇਹ ਖਿਆਲ ਚੋਖੇ ਸਿਰ ਤੋਂ ਆ-ਜਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ (ਭਾਵ ਸਿੱਖ ਧਰਮ) ਨੂੰ ਬੰਦ ਕਰ ਦਿਤਾ ਜਾਏ ਜਾਂ ਉਸ (ਗੁਰੂ ਅਰਜਨ ਦੇਵ) ਨੂੰ ਇਸਲਾਮ ਦੇ ਧਰਮ-ਮੰਡਲ ਵਿਚ ਦਾਖ਼ਲ ਕਰ ਲਿਆ ਜਾਏ।... ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਦੇ ਭਾਈਚਾਰੇ ਵਿਚ ਸ਼ਾਮਲ ਕਰ ਦਿੱਤਾ ਜਾਏ। ਉਸ ਦਾ ਘਰ-ਘਾਟ ਤੇ ਬੱਚੇ ਮੈਂ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਅਤੇ ਉਸ ਦਾ ਮਾਲ-ਅਸਬਾਬ, ਕੈਦ ਸਹਿਤ, ਜ਼ਬਤ ਕਰ ਕੇ ਮੈਂ ਹੁਕਮ ਦਿਤਾ ਕਿ ਉਸ ਨੂੰ ਸਿਆਸਤ (ਵਿਧਾਨ) ਅਤੇ ਯਾਸਾ ਦੀ ਰਾਜ-ਡੰਡਾਵਲੀ ਅਨੁਸਾਰ, ਮਾਰ-ਮੁਕਾ ਦਿਤਾ ਜਾਏ।" (ਤਜ਼ਕਿ ਜਹਾਂਗੀਰੀ, ਮਿਤੀ ੧੬੦੬ ਈ., ਪੰਨ. ੩੫)

ਉਸੇ ਨਿਰਦਈ ਡੰਡਾਵਲੀ ਅਨੁਸਾਰ ਦੈਵੀ, ਕੋਮਲ-ਚਿਤ ਤੇ ਮਹਾਨ ਆਤਮਾ ਦੇ ਸੁਆਮੀ, ਅੰਮ੍ਰਿਤਸਰ ਤੇ ਕਈ ਹੋਰ ਨਗਰਾਂ ਦੇ ਉਸਰੱਈਏ, 'ਗੁਰੂ ਗ੍ਰੰਥ ਸਾਹਿਬ' ਦੀ ਪਾਵਨ ਬੀੜ ਦੇ ਰਚਨਹਾਰ, ਮਨੁੱਖੀ ਅਧਿਕਾਰਾਂ ਦੇ ਅਲਮ-ਬਰਦਾਰ ਅਤੇ ਧਰਮ-ਕਰਮ ਦੇ ਅਨੂਠੇ ਪਹਿਰੇਦਾਰ, ਗੁਰੂ ਅਰਜਨ ਦੇਵ ਜੀ ਨੂੰ ਲਗਾਤਾਰ ਕਈ ਦਿਨ ਤੱਤੀ ਤਵੀ ਉਤੇ ਤਾਇਆ ਗਿਆ, ਭੱਖਦੀ ਰੇਤ ਪਾ ਪਾ ਕੇ ਦੁਖਾਇਆ ਗਿਆ, ਖੌਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਅਖ਼ੀਰ ਰਾਵੀ ਦੇ ਠੰਢੇ ਪਾਣੀ ਵਿਚ ਡੁਬੋ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਇਕ ਸਮਕਾਲੀ ਬਦੇਸ਼ੀ ਯਸੂਈ ਮਿਸ਼ਨਰੀ, ਫਾਦਰ ਫਰਦੀਨੰਦ ਗੁਇਰੈਰੋ, ਦੀ ੨੫ ਸਤੰਬਰ ੧੬੦੬ ਨੂੰ ਲਾਹੌਰ ਤੋਂ ਆਪਣੇ ਦੇਸ ਵਲ ਲਿਖ ਭੇਜੀ ਅਤੇ ਸੰਨ ੧੬੦੯ ਵਿਚ ਲਿਜ਼ਬਨ (ਪੁਰਤਗਾਲ) ਵਿਖੇ ਪਰਕਾਸ਼ਤ ਹੋਈ ਇਕ ਚਿੱਠੀ ਅਨੁਸਾਰ, "ਜਦੋਂ ਬਾਦਸ਼ਾਹ ਜਹਾਂਗੀਰ ਨੇ ਸ਼ਹਿਜ਼ਾਦਾ ਖੁਸਰੋ ਨੂੰ ਫੜ ਲਿਆ ਸੀ ਤਾਂ ਉਸ ਨੇ ਗੁਰੂ (ਅਰਜਨ ਦੇਵ) ਨੂੰ ਬੁਲਵਾ ਕੇ, ਇਕ ਅਮੀਰ ਮੂਰਤੀਪੂਜ ਦੇ ਹਵਾਲੇ ਕਰ ਦਿੱਤਾ ਸੀ। ਉਹ ਉਨ੍ਹਾਂ ਨੂੰ ਨਿੱਤ-ਨਵੇਂ ਕਸ਼ਟ ਦੇਂਦਾ ਰਿਹਾ ਸੀ। ਇਸ ਤਰ੍ਹਾਂ, ਸਿੱਖਾਂ ਦੇ ਉਹ ਨੇਕ ਪੋਪ (ਗੁਰੂ ਅਰਜਨ ਦੇਵ) ਦੁਖ, ਤਸੀਹੇ ਤੇ ਨਿਰਾਦਰੀਆਂ ਸਹਾਰਦੇ ਹੋਏ ਸੁਵਰਗਵਾਸ ਹੋ ਗਏ ਸਨ।" (ਐਨੂਅਲ ਰੀਲੇਸ਼ਨਜ਼) ਮਿਤੀ ੧੬੦੯ ਈ., ਜਿ. ੨, ਪੰ. ੩੬੬)।

ਉਨ੍ਹਾਂ ਦੇ ਇਕ ਹੋਰ ਸਮਕਾਲੀ ਅਤੇ ਜਹਾਂਗੀਰ ਨੂੰ ਚੁੱਕਾਂ ਦੇਣ ਵਾਲੇ ਤੁਅੱਸਬੀ ਉਲਮਾਵਾਂ ਦੇ ਮੁਖੀ ਉਕਤ ਸ਼ੇਖ ਅਹਿਮਦ ਸਰਹਿੰਦੀ, ਉਰਫ ਮਜੱਦਦੇ ਅਲਫ਼ ਸਾਨੀ, ਨੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਅਤੇ ਸ਼ੁਕਰਾਨਿਆਂ-ਭਰੀ 'ਚੜ੍ਹਦੀ ਕਲਾ' ਵਿਚ ਵਿਗਸਦਿਆਂ, ਦਿਤੀ ਗਈ ਇਸ ਮਹਾਨ ਸ਼ਹਾਦਤ ਨੂੰ ਲਾਹੌਰ ਦੇ ਉਕਤ ਗਵਰਨਰ, ਮੁਰਤਜ਼ਾ ਖਾਨ ਵਲ ਲਿਖੀ ਮੁਬਾਰਕੀ ਚਿੱਠੀ ਵਿਚ "ਗੋਇੰਦਵਾਲ ਦੇ ਫਿਟਕਾਰਯੋਗ ਕਾਫ਼ਰ ਦਾ ਕਤਲ ਇਸਲਾਮ ਦੇ ਸ਼ਰਧਾਲੂਆਂ ਲਈ ਉੱਚਤਮ ਸੋਭਾ ਵਾਲਾ ਕੰਮ' ਦਸਿਆ ਸੀ। (ਮਕਤੂਬਾਤੇ ਇਮਾਮੇ ਰੱਬਾਨੀ), ਜਿ. ੧-੩ ਮਿਤੀ ੧੯੬੪, ਨੰ. ੧੯੩)।

ਸੋ ਉਪਰੋਕਤ ਸਮਕਾਲੀ ਤੇ ਭਰੋਸੇਯੋਗ ਇਤਿਹਾਸਕ ਬਿਆਨਾਂ (ਸਮਕਾਲੀ ਬਾਦਸ਼ਾਹ ਜਹਾਂਗੀਰ, ਬਦੇਸ਼ੀ ਮਿਸ਼ਨਰੀ ਫਰਦੀਨੰਦ ਤੇ ਸ਼ੇਖ ਅਹਿਮਦ ਸਰਹੰਦੀ ਦੇ) ਨੂੰ ਮੁਖ ਰੱਖਦਿਆਂ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ ਅਤੇ ਅਸਲ ਦੋਸ਼ੀ ਤੇ ਜ਼ਿੰਮੇਵਾਰ ਪ੍ਰਿਥੀਚੰਦ ਤੇ ਉਸ ਦੀ ਖ਼ਾਨਦਾਨੀ ਈਰਖਾ, ਚੰਦੂ ਤੇ ਉਸ ਦੀ ਜ਼ਾਤੀ ਰੰਜਸ਼, ਖੁਸਰੋ ਤੇ ਉਸ ਦੀ ਗੋਇੰਦਵਾਲ-ਆਵੰਦ ਜਾਂ ਇਸ ਤਰ੍ਹਾਂ ਦੀਆਂ ਆਮ ਦਸੀਆਂ ਜਾਂਦੀਆਂ ਗੱਲਾਂ/ਜਾਂ ਘਟਨਾਵਾਂ ਨਹੀਂ ਸਨ।

ਸਿੱਖ ਇਤਿਹਾਸ ਦੀ ਇਹ ਪਹਿਲੀ ਤੇ ਅਦੁੱਤੀ ਸ਼ਹੀਦੀ ਸਮੇਂ ਦੇ ਮੁਗ਼ਲ ਬਾਦਸ਼ਾਹ, ਜਹਾਂਗੀਰ, ਦੇ ਉਪਰੋਕਤ ਲਿਖਤੀ ਬਿਆਨ ਮੁਤਾਬਕ, ਉਸ ਦੇ ਆਪਣੇ ਸਪੱਸ਼ਟ ਤੇ ਸਵਿਸਥਾਰ ਹੁਕਮ ਅਧੀਨ ਅਤੇ ਉਸਦੀ ਕੁਟਲ ਨੀਤੀ ਤੇ ਤੁਅੱਸਬੀ ਨੀਤੀ ਅਨੁਸਾਰ ਹੀ ਹੋਈ ਸੀ।

ਇਸੇ ਸ਼ਹੀਦੀ ਨੇ ਸਿੱਖ ਧਰਮ ਦੀ ਉਸਾਰੀ ਦੀਆਂ ਨੀਹਾਂ, ਹੇਠ-ਲਿਖੇ ਮਕੂਲਿਆਂ ਅਨੁਸਾਰ, ਇੰਨੀਆਂ ਪੱਕੀਆਂ ਕਰ ਦਿਤੀਆਂ ਸਨ ਕਿ ਉਨ੍ਹਾਂ ਉਤੇ, ਉਨ੍ਹਾਂ ਦੇ ਹੀ ਪਾਵਨ ਪੋਤੇ (ਗੁਰੂ ਤੇਗ ਬਹਾਦਰ), ਪੜਪੋਤੇ (ਗੁਰੂ ਗੋਬਿੰਦ ਸਿੰਘ) ਤੇ ਨਕੜਪੋਤਿਆਂ (ਚਾਰ ਸਾਹਿਬਜ਼ਾਦਿਆਂ) ਨੇ ਆਪੋ-ਆਪਣੇ ਬਲੀਦਾਨਾਂ ਰਾਹੀਂ ਇਕ ਅਜਿਹਾ ਅਮਰ ਤੇ ਅਦੁੱਤੀ ਮਹਿਲ ਉਸਾਰ ਦਿੱਤਾ ਸੀ ਜਿਸ ਨੂੰ "ਸਿੱਖ ਕੌਮ" ਅਤੇ "ਪੰਥ ਖ਼ਾਲਸਾ" ਅਖਵਾਉਣ ਦਾ ਮਾਣ ਪਰਾਪਤ ਹੈ:

੧. ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਦੀ ਹਯਾਤ ਹੈ:
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

੨. The Blood of the Martyr
Is the seed of the church.

੬੦੫, ਸੈਕਟਰ-16
ਚੰਡੀਗੜ੍ਹ।

ਪੰਜਾਬ ਯੂਨੀਵਰਸਿਟੀ ਵੱਲੋਂ ਡਾ. ਹਰਨਾਮ ਸਿੰਘ ਸ਼ਾਨ ਦਾ ਸਨਮਾਨ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨਟ ਨੇ ਮੰਨੇ-ਦੰਨੇ ਵਿਦਵਾਨ ਤੇ ਉੱਘੇ ਸਾਹਿਤਕਾਰ, ਡਾ. ਹਰਨਾਮ ਸਿੰਘ ਸ਼ਾਨ, ਨੂੰ ਪ੍ਰੋਫੈਸਰ ਇਮੈਰਿਟਸ ਦੀ ਮਹੱਤਵਪੂਰਨ ਪਦਵੀ ਨਾਲ ਸਨਮਾਨ ਦਿੱਤਾ ਹੈ।

ਡਾ. ਸ਼ਾਨ ਸੰਨ ੧੯੪੮ ਵਿਚ, ਇਸ ਦੀ ਸਥਾਪਨਾ ਤੋਂ ਛੇਤੀ ਬਾਅਦ, ਇਸ ਦੀਆਂ ਉਚੇਰੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਅਤੀ ਲੁੜੀਂਦੀਆਂ ਨਵੀਆਂ ਤੇ ਮਿਆਰੀ ਪੁਸਤਕਾਂ ਤਿਆਰ ਕਰਨ ਲਈ ਲੇਖਕ-ਸੰਪਾਦਕ ਵਜੋਂ ਨਿਯਤ ਹੋਏ ਸਨ। ਇਸੇ ਮਹਾਨ ਵਿਦਿਆਲੇ ਤੋਂ ਹੀ ਉਹ ੩੬ ਵਰ੍ਹਿਆਂ ਦੀ ਸ਼ਲਾਘਾ-ਪਰਾਪਤ ਸੇਵਾ ਉਪਰੰਤ ਸੰਨ ੧੯੮੪ ਵਿਚ ਉਸ ਦੀ ਗੁਰੂ ਨਾਨਕ ਚੇਅਰ ਦੀ ਚੇਅਰਮੈਨੀ ਤੋਂ ਰਿਟਾਇਰ ਹੋ ਗਏ ਸਨ।

ਡਾ. ਸ਼ਾਨ ਆਪਣੇ ਅਧਿਐਨ-ਤੇ-ਖੋਜ ਖੇਤਰ (ਪੰਜਾਬ, ਪੰਜਾਬੀ, ਸੂਫ਼ੀ ਤੇ ਸਿੱਖ ਸਟੱਡੀਜ਼) ਦੇ ਇਕ ਬੜੇ ਯੋਗ ਤੇ ਗੁਣਵਾਨ ਯੂਨੀਵਰਸਿਟੀ ਪ੍ਰੋਫੈਸਰ ਹਨ। ਉਹ ਲੰਡਨ ਯੂਨੀਵਰਸਿਟੀ ਤੋਂ ਹਿੰਦੁਸਤਾਨੀ ਸਾਹਿਤ ਦੇ ਇਕੋ-ਇਕ ਪੀ.ਐਚ.ਡੀ. ਅਤੇ ਪੰਜਾਬ ਯੂਨੀਵਰਸਿਟੀ ਦੇ ਇਕੋ-ਇਕ ਡੀ. ਲਿਟ. ਹਨ; ਅਤੇ ੮੦ ਤੋਂ ਉਪਰ ਪਰਸੰਸਾ-ਪਰਾਪਤ ਪੁਸਤਕਾਂ ਤੇ ਖੋਜ-ਨਿਬੰਧ ਅਤੇ ੨੦੦ ਤੋਂ ਉਪਰ ਖੋਜ-ਪੱਤਰਾਂ ਤੇ ਲੇਖਾਂ ਦੇ ਸੁਪ੍ਰਸਿੱਧ ਲੇਖਕ ਹਨ।

ਸੰਨ ੧੯੫੮ ਵਿਚ ਜਦੋਂ ਉਨ੍ਹਾਂ ਨੂੰ ਇਸ ਦੇ ਪੰਜਾਬੀ ਵਿਭਾਗ ਦਾ ਮੁਖੀ ਬਣਾਇਆ ਗਿਆ ਸੀ ਤਾਂ ਇਨ੍ਹਾਂ ਨੇ ਉਸ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ, ਉਸ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਸਭ ਤੋਂ ਪਹਿਲਾ ਪੋਸਟ-ਗ੍ਰੈਜੂਏਟ ਡੀਪਾਰਟਮੈਂਟ ਬਣਾ ਦਿੱਤਾ ਸੀ ਅਤੇ ਇਉਂ ਯੂਨੀਵਰਸਿਟੀ ਪੱਧਰ 'ਤੇ ਪਹਿਲੀ ਵਾਰ ਪੰਜਾਬੀ ਵਿਚ ਐਮ. ਏ. ਦੀ ਵਿਦਿਆ-ਸਿੱਖਿਆ ਦਾ ਸਿਲਸਲਾ ਆਰੰਭ ਦਿਤਾ ਸੀ। ਉਨ੍ਹਾਂ ਨੇ ਇਸ ਦੇ ਨਾਲ ਹੀ ਉਸ ਵਿਚ ਪੀ.ਐਚ.ਡੀ. ਦੀ ਉਚੇਰੀ ਡਿਗਰੀ ਦੀ ਪਰਾਪਤੀ ਲਈ ਵੀ ਪੱਕਾ ਪੀਢਾ ਥਾਨਣੂੰ ਥੰਨ੍ਹ ਦਿੱਤਾ ਸੀ। ਉਨ੍ਹਾਂ ਦੇ ਇਸ ਉੱਦਮ ਤੇ ਦੂਰ-ਦਰਿਸ਼ਟੀ ਸਦਕੇ, ਇਹ ਵਿਭਾਗ ਛੇਤੀ ਹੀ ਸਾਂਝੇ ਪੰਜਾਬ ਦੇ ਸਾਰੇ ਕਾਲਜਾਂ ਅਤੇ ਚੰਡੀਗੜ੍ਹ ਮਗਰੋਂ ਪਟਿਆਲਾ, ਲੁਧਿਆਣਾ, ਕੁਰਕਸ਼ੇਤਰ, ਦਿੱਲੀ, ਅੰਮ੍ਰਿਤਸਰ ਤੇ ਜੰਮੂ ਵਿਚ ਕਾਇਮ ਹੁੰਦੀਆਂ ਰਹੀਆਂ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਵਾਸਤੇ ਲੁੜੀਂਦੇ ਯੋਗਤਾ-ਪਰਾਪਤ ਲੈਕਚਰਾਰਾਂ ਦੀ ਪਰਾਪਤੀ ਲਈ ਇਕ ਮਸ਼ਹੂਰ ਨਰਸਰੀ ਵੀ ਬਣ ਗਿਆ ਸੀ।

ਉਪਰੰਤ, ਸੰਨ ੧੯੭੨ ਵਿਚ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਚੇਅਰ ਦੇ ਚੇਅਰਮੈਨ ਤੇ ਸਿੱਖ ਅਧਿਐਨ ਵਿਭਾਗ ਦੇ ਮੁਖੀ ਦੀ ਸੇਵਾ ਸੌਂਪੀ ਗਈ ਸੀ ਤਾਂ ਉਸ ਵਿਚ ਵੀ ਸੁਭਾਇਮਾਨ ਹੁੰਦਿਆਂ ਹੀ, ਡਾ. ਸ਼ਾਨ ਨੇ ਸਿੱਖ ਅਧਿਐਨ ਦੀ ਵੀ ਉਚੇਰੀ ਡਿਗਰੀ, ਭਾਵ ਪੀ.ਐਚ.ਡੀ., ਦੀ ਪਰਾਪਤੀ ਦਾ ਵੀ ਯੋਗ ਤੇ ਸਥਾਈ ਪ੍ਰਬੰਧ ਕਰ ਦਿੱਤਾ ਸੀ। ਇਸ ਦੇ ਨਾਲ ਹੀ, ਉਹ ਸਿੱਖ ਧਰਮ, ਸਾਹਿਤ ਤੇ ਇਤਿਹਾਸ ਦੀ ਉੱਚ-ਪੱਧਰੀ ਤੇ ਖੋਜ-ਪੂਰਤ ਰਚਨਾ ਵੀ ਕਰਦੇ ਕਰਾਉਂਦੇ ਤੇ ਪਰਕਾਸ਼ਦੇ ਰਹੇ ਸਨ।



ਸੰਨ ੧੯੮੪ ਵਿਚ ਉਸ ਤੋਂ ਰੀਟਾਇਰ ਹੋਣ ਤੋਂ ਬਾਅਦ ਵੀ, ਡਾ. ਸ਼ਾਨ ਉਜਿਹੀ ਸੇਵਾ ਲਈ ਉਜਿਹੇ ਸ਼ੌਕ, ਸਿਦਕ, ਉੱਦਮ ਤੇ ਬਾਕਾਇਦਗੀ ਨਾਲ ਉਵੇਂ ਹੀ ਜੁਟੇ ਹੋਏ ਸਨ। ਚੋਖੀ ਸਾਰੀ ਫੁਟਕਲ ਲਿਖਾ-ਪੜ੍ਹੀ ਤੋਂ ਇਲਾਵਾ, ਉਹ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, (ਭਾਰਤੀ) ਸਾਹਿਤ ਅਕਾਡਮੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਸ਼ਾ ਵਿਭਾਗ, ਪੰਜਾਬ ਲਈ ਵੀ ਕਈ ਮਿਆਰੀ ਪੁਸਤਕਾਂ ਤਿਆਰ ਤੇ ਪਰਕਾਸ਼ਤ ਕਰ ਚੁਕੇ ਹਨ।

ਡਾ. ਹਰਨਾਮ ਸਿੰਘ ਸ਼ਾਨ ਦੀ ਅਜਿਹੀ ਸ਼ਾਨਦਾਰ ਪਰਾਪਤੀ ਅਤੇ ਨਿਗਰ ਤੇ ਵੱਡਮੁਲੀ ਦੇਣ ਨੂੰ ਮੁਖ ਰੱਖਦਿਆਂ, ਹਿੰਦ ਸਰਕਾਰ ਨੇ ਉਨ੍ਹਾਂ ਨੂੰ ਸੰਨ ੧੯੮੫ ਵਿਚ 'ਪਰੋਫ਼ੈਸਰ ਇਮੈਰਿਟਸ' ਦੀ ਪਦਵੀ ਨਾਲ; ਪੰਜਾਬ ਸਰਕਾਰ ਨੇ ਸੰਨ ੧੯੯੮ ਵਿਚ ਆਪਣੇ ਸਭ ਤੋਂ ਪਹਿਲੇ ਤੇ ਪਰਮੁਖ 'ਸਾਹਿਤ ਸ਼੍ਰੋਮਣੀ ਅਵਰਾਡ' ਤੇ ਉਸ ਤੋਂ ਪਹਿਲਾਂ, ਸੰਨ ੧੯੬੮ ਤੇ ੧੯੭੮ ਵਿਚ, ਸਪੈਸ਼ਲ ਪੁਰਸਕਰਾਂ ਨਾਲ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਸੰਨ ੨੦੦੧ ਵਿਚ ਆਪਣੇ ਪਹਿਲੇ ਤੇ ਹੁਣ ਤਕ ਸ਼ਾਇਦ ਇਕੋ-ਇਕ 'ਸਾਹਿਤ-ਸਰੇਸ਼ਠਤਾ' ਸਰਟੀਫਿਕੇਟ ਨਾਲ ਸਨਮਾਨਿਆ ਸੀ।

ਭਾਰਤ ਦੇ ਉਪ-ਰਾਸ਼ਟਰਪਤੀ ਨੇ ਡਾ. ਸ਼ਾਨ ਨੂੰ ਸੰਨ ੧੯੯੨ ਵਿਚ ਪੰਜਾਬ ਯੂਨੀਵਰਸਿਟੀ ਦਾ ਸੈਨੇਟਰ ਨਾਮਜ਼ਦ ਕੀਤਾ ਸੀ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਸੰਨ ੧੯੯੯ ਵਿਚ ਪ੍ਰਿੰਸੀਪਲ ਪਰਾਜੈਕਟ ਇਨਵੈਸਟੀਗੇਟਰ ਨਿਯਤ ਕੀਤਾ ਸੀ।

ਇਨ੍ਹਾਂ ਤੋਂ ਇਲਾਵਾ, ਇੰਡੀਅਨ ਕੌਂਸਲ ਆਫ ਹਿਸਟਰੀਕਲ ਰੀਸਰਚ, ਨਵੀਂ ਦਿੱਲੀ ਨੇ ਸੰਨ ੧੯੯੦ ਵਿਚ

ਡਾ. ਸ਼ਾਨ ਨੂੰ ਆਪਣੀ ਸੀਨੀਅਰ ਫੈਲੋਸ਼ਿਪ ਨਾਲ ਅਤੇ ਗੁਰੂ ਨਾਨਕ ਦੇਵ ਯੂਨੀਵਰੈਸਿਟੀ ਅੰਮ੍ਰਿਤਸਰ ਨੇ ਸੰਨ ੧੯੯੬ ਵਿਚ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ ੨੦੦੦ ਵਿਚ ਉਨ੍ਹਾਂ ਨੂੰ ਆਪੋ-ਆਪਣੀਆਂ ਫੈਲੋਸ਼ਿਪ ਨੂੰ ਨਾਲ ਨਿਵਾਜੇ ਰਖਿਆ ਹੈ।

ਸਿੱਖ ਧਰਮ, ਸਾਹਿਤ ਤੇ ਇਤਿਹਾਸ ਬਾਰੇ ਸਭ ਤੋਂ ਪੁਰਾਣੇ ਤੇ ਸੰਸਾਰ-ਪ੍ਰਸਿੱਧ ਅੰਗਰੇਜ਼ੀ ਰਿਸਾਲੇ, ਦੀ ਸਿੱਖ ਰੀਵੀਊ ਕਲਕੱਤਾ, ਨੇ ਸੰਨ ੨੦੦੨ ਦੀ ਫਰਵਰੀ ਵਾਲੇ ਸਮੂਲੇ ਪਰਚੇ (ਪੰਜਾਹਵੀਂ ਜਿਲਦ, ਨੰ. ੫੭੮) ਨੂੰ ਡਾ. ਸ਼ਾਨ ਦੀ ਵਿਦਵਾਨਤਾ ਤੇ ਦਿੱਤ-ਦੇਣ ਦੇ ਸਿਰਨਾਂਵੇਂ ਹੇਠ ਸਪੈਸ਼ਲ ਨੰਬਰ ਛਾਪ ਕੇ, ਉਨ੍ਹਾਂ ਨੂੰ ਉਜਿਹੀ ਉਚੇਰੀ ਤੇ ਮਾਣਕਰਨਯੋਗ ਪੱਧਰ 'ਤੇ ਸਤਿਕਾਰਨ ਦੀ ਪਹਿਲ ਕੀਤੀ ਸੀ।

ਦੇਸ-ਪਰਦੇਸ ਦੀਆਂ ੭੦ ਕੁ ਹੋਰ ਸਭਾਵਾਂ, ਸੰਸਥਾਵਾਂ, ਸੰਗਠਨਾਂ, ਫਾਊਂਡੇਸ਼ਨਾਂ ਤੇ ਟਰੱਸਟਾਂ ਆਦਿ ਨੇ ਵੀ ਡਾ. ਹਰਨਾਮ ਸਿੰਘ ਸ਼ਾਨ ਨੂੰ ਸ਼ਾਲਾਂ, ਸਰੋਪਿਆਂ, ਪੁਰਸਕਾਰਾਂ, ਮਾਨ-ਪੱਤਰਾਂ ਤੇ ਅਜਿਹੀਆਂ ਹੋਰ ਯਾਦਗਾਰੀ ਨਿਸ਼ਾਨੀਆਂ ਨਾਲ ਨਿਵਾਜਿਆ ਹੋਇਆ ਹੈ।

ਡਾ. ਸ਼ਾਨ ਆਪਣੇ ਅਧਿਐਨ-ਤੇ-ਖੋਜ ਖੇਤਰ ਦੇ ਸ਼ਾਇਦ ਇਕੋ-ਇੱਕ ਅਜਿਹੇ ਯੂਨੀਵਰਸਿਟੀ ਪ੍ਰੋਫੈਸਰ ਹਨ ਜਿਨ੍ਹਾਂ ਨੂੰ ਆਪਣੇ ੧੫ ਅਕਾਡਮਕ ਦੌਰਿਆਂ ਦੌਰਾਨ, ਪੰਜ ਮਹਾਂਦੀਪਾਂ ਦੇ ਕਈ ਦੇਸ਼ਾਂ ਦੀ ਯਾਤਰਾ ਤੇ ਉਸੇ ਸਬਬ ਆਪਣੇ ਦੇਸ਼, ਕੌਮ, ਸਾਹਿਤ ਤੇ ਸਭਿਆਚਾਰ ਦੀ ਅਜਿਹੀ ਸੇਵਾ ਦਾ ਅਜਿਹਾ ਵਿਲੱਖਣ ਸੁਭਾਗ ਵੀ ਪਰਾਪਤ ਹੋਇਆ ਹੈ।

ਉਹ ਦੇਸ-ਪਰਦੇਸ ਦੀਆਂ ਸੌ ਤੋਂ ਉਪਰ ਵਿਦਿਅਕ, ਸਾਹਿਤਕ, ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਨਾਲ ਜੁੜੇ ਰਹੇ ਹਨ ਅਤੇ ਉਨ੍ਹਾਂ ਦੇ ਖੇਤਰਾਂ ਵਿਚ ਵੀ ਆਪਣਾ, ਯਥਾਸ਼ਕਤ, ਯੋਗ ਤੇ ਉਸਾਰੂ ਹਿੱਸਾ ਪਾਉਂਦੇ ਰਹੇ ਹਨ।

ਉਨ੍ਹਾਂ ਦੀਆਂ ਅਜਿਹੀਆਂ ਘਾਲਾਂ ਤੇ ਪਰਾਪਤੀਆਂ ਦਾ ਜ਼ਿਕਰ 'ਹੂਜ਼-ਹੂ' ਤੇ 'ਸਾਹਿਤਕ ਇਤਿਹਾਸਾਂ' ਵਰਗੀਆਂ ਕਈ ਹਵਾਲਾ-ਪੁਸਤਕਾਂ ਵਿਚ ਛਪਿਆ ਹੋਇਆ ਹੈ।

ਆਪਣੀ ਉਮਰ ਦੇ ਇਸ ਆਖ਼ਰੀ ਪੜਾ ਉਤੇ ਪਹੁੰਚੇ ਹੋਏ ਹੋਣ ਦੇ ਬਾਵਜੂਦ, ਆਪਣੀ ਰੀਟਾਇਰਮੈਂਟ ਤੋਂ ਦੋ ਦਹਾਕਿਆਂ ਤੋਂ ਬਾਅਦ ਵੀ ਡਾ. ਸ਼ਾਨ ਕਈ ਹੋਰ ਫ਼ਰਜ਼-ਅਦਾਇਗੀਆਂ ਤੋਂ ਇਲਾਵਾ, ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਆਦਿ ਵਲੋਂ ਪਰਾਪਤ ਕਈ ਕੰਮ-ਸੌਂਪਣੀਆਂ ਨੂੰ ਨਜਿੱਠਮ ਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਉਸੇ ਲਗਨ, ਹਿੰਮਤ, ਮਿਹਨਤ ਤੇ ਸਦਾਕਤ ਨਾਲ ਜੁਟੇ ਹੋਏ ਹਨ। ਰੱਬ ਜੀ ਉਨ੍ਹਾਂ ਉਤੇ ਅਜਿਹੀ ਮਿਹਰ ਇਉਂ ਹੀ ਕਰਦੇ ਅਤੇ ਉਨ੍ਹਾਂ ਦੀ ਘਾਲ ਥਾਂਇ ਪਾਉਂਦੇ ਰਹਿਣ।

—ਡਾ. ਗੁਰਚਰਨ ਸਿੰਘ
੩੫, ਸੈਕਟਰ 9 ਚੰਡੀਗੜ੍ਹ

ਗ਼ਜ਼ਲ

—ਸਿਰੀ ਰਾਮ 'ਅਰਸ਼'

ਜਿਦ੍ਹੇ ਪੈਰਾਂ 'ਚ ਬੇਲੇ ਗਾਹੁਣ ਦਾ ਚੱਕਰ ਨਹੀਂ ਹੁੰਦਾ।
ਉਸੇ ਨੂੰ 'ਹੀਰ' ਦੀ ਸੁਹਬਤ ਦਾ ਹਾਸਲ ਵਰ ਨਹੀਂ ਹੁੰਦਾ।

ਤੁਸੀਂ ਚੁੱਲ੍ਹੇ ਘਰਾਂ ਦੇ ਕਿਉਂ 'ਝਨਾਂ' ਵਿਚ ਰੋੜ੍ਹ ਦਿੱਤੇ ਹਨ ?
ਮਗਰ ਚੁੱਲ੍ਹੇ ਬਿਨਾ ਯਾਰੋ! ਮੁਕੰਮਲ ਘਰ ਨਹੀਂ ਹੁੰਦਾ।

ਜਦੋਂ ਵਰ੍ਹਦੀ ਹੈ ਬਖ਼ਸ਼ਿਸ਼ ਓਸ ਦੀ ਸਭ ਤੋੜ ਕੇ ਹੱਦਾਂ,
ਉਦੋਂ ਤ੍ਰਿਸਕਾਰਿਆਂ ਹੱਥਾਂ ਦੇ ਵਿਚ ਪਾਤਰ ਨਹੀਂ ਹੁੰਦਾ।

ਤੁਸੀਂ ਲੋਕਾਂ ਦੀ ਸ਼ਰਧਾ ਆਸਥਾ ਦਾ ਘਾਣ ਕੀਤਾ ਹੈ,
ਕੋਈ ਬੁੱਤ ਵੀ, ਜ਼ਮਾਨੇ ਵਿਚ, ਨਿਰਾ ਪੱਥਰ ਨਹੀਂ ਹੁੰਦਾ।

ਉਹੀ ਹੁੰਦੇ ਮਹਾਂ-ਮਾਨਵ, ਅਨੂਠੀ ਸ਼ਕਤੀਆਂ ਵਾਲਾ,
ਜਿਦ੍ਹੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਹੁੰਦਾ।

ਤੁਸੀਂ ਕਹਿੰਦੇ ਹੋ ਦੜ ਵੱਟਣ 'ਚ ਹੀ ਮੇਰੀ ਭਲਾਈ ਹੈ,
ਕਰਾਂ ਕੀ ? ਜ਼ੁਲਮ ਹੁੰਦਾ ਦੇਖ ਕੇ ਹੁਣ ਜਰ ਨਹੀਂ ਹੁੰਦਾ।

ਉਦੋਂ ਕਰਦੀ ਹੈ ਮਿਹਨਤ ਖ਼ੁਦਕੁਸ਼ੀ ਜਦ ਵੇਚ ਕੇ ਆਪਾ,
ਤੇਰੇ ਕਰਜ਼ੇ ਦਾ ਪੈਸਾ ਉਸ ਦੇ ਕੋਲੋਂ ਭਰ ਨਹੀਂ ਹੁੰਦਾ।

ਸੁਤੰਤਰਤਾ ਲਈ ਹਨ ਜੂਝਦੇ ਬੰਧਕ ਉਹੀ ਜੱਗ ਵਿਚ,
ਜਿਨ੍ਹਾਂ ਨੂੰ ਮੌਤ ਦੇ ਕੋਲੋਂ ਰਤੀ ਭਰ ਡਰ ਨਹੀਂ ਹੁੰਦਾ।

ਤੇਰਾ ਕਲਿਜੁਗ, ਉਦੋਂ ਤੀਕਣ ਕਲਾ-ਜੁਗ ਬਣ ਨਹੀਂ ਸਕਦਾ,
ਜਦੋਂ ਤੀਕਣ ਕਲਮ ਦਾ ਏਸ ਥਾਂ ਆਦਰ ਨਹੀਂ ਹੁੰਦਾ।

੨੦੪, ਸੈਕਟਰ ੬੫
ਮੁਹਾਲੀ।

ਵਿਸਮਾਦੀ ਸ਼ਾਇਰੀ ਦਾ ਰਚਨਹਾਰਾ :

ਦਲਬੀਰ ਸਿੰਘ ਤਰਸ (ਆਸਟ੍ਰੇਲੀਆ)

—ਸੁਵਰਨ ਸਿੰਘ ਵਿਰਕ

ਜਿਸ ਤਰ੍ਹਾਂ ਜਗਦੀਸ਼ ਸਿੰਘ ਵਰਿਆਮ ਹੋਰਾਂ, ਕਾਵਿ-ਸੰਗ੍ਰਹਿ 'ਸਫਰ' ਦੀ ਭੂਮਿਕਾ ਵਿਚ ਲਿਖਿਆ ਹੈ, ਠੀਕ ਉਵੇਂ ਹੀ ਮੇਰੀ ਵੀ ਪਹਿਲੀ ਪਛਾਣ, ਦਲਬੀਰ ਸਿੰਘ 'ਤਰਸ' ਹੋਰਾਂ ਨਾਲ ਪਿਛਲੀ ਸਦੀ ਦੇ ਸੱਤਵੇਂ ਦਹਾਕੇ ਤੋਂ ਰਤਾ ਪਹਿਲਾਂ ਜੀਵਨ ਨਗਰ (ਸਿਰਸਾ) ਤੋਂ ਛਪਣ ਵਾਲੇ ਅਤੇ ਪ੍ਰੀਤਮ ਸਿੰਘ ਜੀ ਕਵੀ ਦੁਆਰਾ ਸੰਪਾਦਿਤ ਸਪਤਾਹਿਕ ਪਰਚੇ ਸਤਿਜੁਗ ਦੁਆਰਾਂ ਹੀ ਹੋਈ ਸੀ। ਉਸ ਸਮੇਂ ਉਨ੍ਹਾਂ ਦੀ ਕਵਿਤਾ 'ਛੰਦਾ ਬੰਦੀ' ਦੀ ਨਵਾਬੀ ਜੁੱਤੀ ਦੀ ਕੈਦ ਤੋਂ ਮੁਕਤ ਹੁੰਦੀ ਸੀ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦੀ ਕਵਿਤਾ ਤੋਂ ਉਸ ਸਮੇਂ ਪੰਜਾਬੀ ਦੇ ਮਹਾਂਕਵੀ ਸ. ਅਵਤਾਰ ਸਿੰਘ 'ਆਜ਼ਾਦ' ਹੋਰਾਂ ਦੀਆਂ ਕਵਿਤਾਵਾਂ ਦਾ ਕੁਝ ਕੁ ਪ੍ਰਭਾਵ ਪ੍ਰਗਟ ਹੁੰਦਾ ਸੀ। ਕੋਈ ਇਕ ਦਹਾਕਾ ਮੇਰੇ ਜਿਹੇ ਪਾਠਕ 'ਤਰਸ' ਹੋਰਾਂ ਦੀਆਂ ਡੂੰਘੇ ਸਾਹਿਤਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਮੁੱਲਾਂ ਵਾਲੀਆਂ ਕਵਿਤਾਵਾਂ ਦਾ ਅਨੰਦ ਮਾਣਦੇ ਅਤੇ ਆਤਮ ਵਿਭੋਰ ਹੁੰਦੇ ਰਹੇ। ਪ੍ਰੀਤਮ ਸਿੰਘ ਕਵੀ ਹੋਰਾਂ ਦੇ 'ਸਤਿਜੁਗੀ'-ਸੇਵਾ ਤੋਂ ਮੁਕਤ ਹੋਣ ਬਾਅਦ ਜਾਪਦਾ ਹੈ ਕਿ ਤਰਸ ਜੀ ਦਾ ਬੇਰੋਕ ਟੋਕ ਚੱਲਦਾ ਰਚਨਾ ਪ੍ਰਵਾਹ ਵੀ ਜਿਵੇਂ ਮੋਨ ਧਾਰਨ ਕਰ ਗਿਆ। ਚਿਰਾਂ ਬਾਅਦ ਮਾਸਿਕ ਪੱਤਰ 'ਵਰਿਆਮ' ਵਿਚ ਫਿਰ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਹੋਣੇ ਸ਼ੁਰੂ ਹੋ ਗਏ। ਸਾਖਿਆਤ ਦਰਸ਼ਨ, ਹੁਣੇ ਹੁਣੇ ਕੰਨੀ ਛੁਡਾ ਕੇ ਲੰਮੀ ਯਾਤਰਾ ਤੇ ਚਲੇ ਗਏ ਸੱਜਣ ਪਿਆਰੇ, ਸੰਤ ਦਲੀਪ ਸਿੰਘ ਜੀ ਨਾਮਧਾਰੀ ਦੀ ਪੁਸਤਕ 'ਕੂਕਾ-ਲਹਿਰ' ਤੇ ਹੋਈ ਗੋਸ਼ਟੀ ਸਮੇਂ ੩੦ ਸਿਤੰਬਰ ੨੦੦੫ ਈ. ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਿਖੇ ਹੋਏ। ਪਹਿਲੇ ਦਰਸ਼ਨ ਸਤਿਜੁਗ ਵਿਚ ਬਹੁਰੰਗੀ ਫਿਫਟੀ ਵਾਲੀ, ਨੋਕਦਾਰ ਦਸਤਾਰ ਨਾਲ, ਯੁਵਾ ਅਵਸਥਾ ਦੇ ਸਨ ਅਤੇ ਹੁਣ ਬਿਰਧ ਅਵਸਥਾ ਦਾ ਅਰੰਭ ਸੀ ਅਤੇ ਸਗੋਰ ਗੁਰਮੁਖੀ ਬਾਣੇ ਵਿਚ ਸਜਿਆ ਸੰਵਰਿਆ। ਉਹ ਦੋਵੇਂ ਜੀਅ, ਹੁਣ ਆਪਣੇ ਪਿੰਡ ਮੁਠੱਡੇ (ਜਲੰਧਰ) ਜਾ ਰਹੇ ਸਨ ਅਤੇ ਉਥੇ ਇਕ ਆਧੁਨਿਕ ਸੁਵਿਧਾਵਾਂ ਵਾਲਾ ਮਕਾਨ ਬਣਾ ਰਹੇ ਸਨ, ਤਾਂ ਜੁ ਆਸਟ੍ਰੇਲੀਆ ਮਹਾਂਦੀਪ ਵਿਚ ਵੱਸਦੇ ਬੱਚਿਆਂ ਦਾ ਇਸ ਭਾਰਤ ਭੂਮੀ ਅਤੇ ਪੰਜ ਦਰਿਆਵਾਂ ਦੇ ਦੇਸ਼ ਨਾਲ ਕੁਝ ਨਾਤਾ ਜੁੜਿਆ ਰਹਿ ਸਕੇ। ਮੈਂ ਸੱਜਰੀਆਂ ਰਚਨਾਵਾਂ ਬਾਰੇ ਚਰਚਾ ਕੀਤੀ ਤਾਂ ਕਹਿਣ ਲੱਗੇ ਕਿ ੪ ਪੁਸਤਕਾਂ ਕਵਿਤਾ ਦੀਆਂ ਛੱਪ ਚੁੱਕੀਆਂ ਹਨ। ੨੦੦੬ ਈ. ਦੇ ਨਾਮਧਾਰੀ ਸਿੰਘਾਂ ਦੇ ਹੋਲੇ ਮੁਹੱਲੇ ਦੇ ਸੁਅਵਸਰ ਤੇ ਭਾਈ ਹਰਜੀਤ ਸਿੰਘ ਜੀ ਮੁਠੱਡਿਆਂ ਵਾਲਿਆਂ ਰਾਹੀਂ ਤਰਸ ਜੀ ਦੇ ੨੦੦੪ ਈ. ਵਿਚ ਛਪੇ 'ਸੋਹਲੜੇ', 'ਲਹਿਰਾਂ' ਅਤੇ 'ਪ੍ਰਦੇਸਣ' ਅਤੇ ੨੦੦੫ ਈ. ਵਿਚ ਛਪੇ 'ਸਫਰ' ਚਾਰੇ ਕਾਵਿ-ਸੰਗ੍ਰਹਿ ਪ੍ਰਾਪਤ ਕਰਕੇ ਮੈਂ ਅਨੰਦ ਵਿਭੋਰ ਹੋ ਗਿਆ।

ਪ੍ਰਦੇਸਣ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਪੰਜਾਬੀ ਸਾਹਿਤ ਦੇ ਭੀਸ਼ਮ ਪਿਤਾਮਾ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਦੀ ਲਿਖੀ ਜਾਣਕਾਰੀ ਮੁਤਾਬਿਕ 'ਸੰਤ ਦਲਬੀਰ ਸਿੰਘ ਤਰਸ ਦਾ ਜਨਮ ੨੯ ਅਗਸਤ, ੧੯੩੫ ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮੁਠੱਡਾ ਕਲਾਂ ਵਿਚ ਹੋਇਆ। ਪਿਤਾ ਦਾ ਨਾਮ ਸ. ਰਤਨ ਸਿੰਘ ਅਤੇ ਮਾਤਾ ਦਾ ਨਾਮ ਹਰਭਜਨ ਕੌਰ ਸੀ। ਫਿਲੌਰ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰ ਕੇ, ਸਰਕਾਰੀ ਕਾਲਜ ਲੁਧਿਆਣਾ ਤੋਂ ਐਫ. ਐਸ. ਸੀ. ਦੀ ਪ੍ਰੀਖਿਆ ੧੯੫੫ ਵਿਚ ਪਾਸ ਕਰ ਕੇ ਦਲਬੀਰ ਸਿੰਘ ਆਪਣੇ ਪਿਤਾ ਕੋਲ ਆਸਟ੍ਰੇਲੀਆ ਪਹੁੰਚ ਗਿਆ, ਜਿਥੇ ਉਹ ਆਟੋ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰਕੇ ੨੦੦੧ ਵਿਚ ਸੇਵਾ ਨਵਿਰਤ ਹੋਇਆ। ਕਵੀ ਦਾ ਨਾਨਕਾ ਪਰਿਵਾਰ—ਨਾਨਾ ਈਸ਼ਰ ਸਿੰਘ ਤੇ ਉਸ ਦੇ ਭਰਾ ਸੇਵਾ ਸਿੰਘ ਤੇ ਸਾਹਿਬ ਸਿੰਘ ਗੁਰੂ ਹਰੀ ਸਿੰਘ ਸਮੇਂ ਆਪਣਾ ਪਿੰਡ ਰਣੀਆਂ (ਗਿੱਲ) ਜ਼ਿਲ੍ਹਾ ਲੁਧਿਆਣਾ ਛੱਡ ਕੇ ਸ੍ਰੀ ਭੈਣੀ ਸਾਹਿਬ ਹੀ ਜਾ ਟਿਕੇ ਸਨ। ਸੰਤ ਦਲਬੀਰ ਸਿੰਘ ਦੀ ਮਾਤਾ ਦਾ ਵਿਆਹ ਵੀ ਮਾਤਾ ਜੀਵਨ ਕੌਰ ਨੇ ਆਪਣੀ ਸਰਪ੍ਰਸਤੀ ਵਿਚ ਕੀਤਾ ਸੀ। ਮੁਠੱਡਾ ਪਿੰਡ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਸਿੱਖੀ ਜਾਂ ਸ੍ਰੀ ਭੈਣੀ ਸਾਹਿਬ ਦੀ ਡਿਉੜੀ ਹੋਣ ਦਾ ਮਾਣ ਪ੍ਰਾਪਤ ਸੀ। ਕਵੀ ਦਾ ਪੜਦਾਦਾ ਸੰਤ ਦੇਵਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਸੀ ਅਤੇ ਗੁਰਮੁਖੀ ਅੱਖਰਾਂ ਦਾ ਬੋਧ ਉਸ ਨੇ ਆਪਣੇ ਦਾਦੇ ਸੰਤਪਾਲ ਸਿੰਘ ਤੋਂ ਹਾਸਿਲ ਕੀਤਾ ਸੀ। ਇਉਂ ਨਾਨਕਿਆਂ ਤੇ ਦਾਦਕਿਆਂ ਵੱਲੋਂ ਉਹ ਟਕਸਾਲੀ ਨਾਮਧਾਰੀ ਪਰਿਵਾਰਾਂ ਨਾਲ ਸਬੰਧਿਤ ਸੀ। ਨਾਮਧਾਰੀ ਗੁਰਇਤਿਹਾਸ, ਰਹੁ ਰੀਤਾਂ, ਸੱਭਿਆਚਾਰ ਨਾਲ ਉਸ ਨੂੰ ਨਿੱਜੀ ਜੀਵਨ ਵਿਚੋਂ ਜੋ ਕੁਝ ਪ੍ਰਾਪਤ ਹੋਇਆ ਭਾਵੀ ਸਾਹਿਤਕ ਜੀਵਨ ਦੀ ਉਸਾਰੀ ਵਿਚ ਉਹ ਉਸ ਲਈ ਇਕ

ਮਜ਼ਬੂਤ ਆਧਾਰ ਹੋ ਨਿਬੱੜਿਆ।

ਸਫਰ ਦੀ ਭੂਮਿਕਾ ਵਿਚ ਉੱਘੇ ਸਾਹਿਤ ਸੇਵੀ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਲਿਖਦੇ ਹਨ

"ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਬੀਜੇ ਸੰਸਕਾਰ ਦਲਬੀਰ ਸਿੰਘ ਤਰਸ ਦੇ ਨਾਲ ਹੀ ਮੁਠੱਡਿਆਂ ਤੋਂ ਸਿਡਨੀ ਤੱਕ ਨਾਲ ਹੀ ਗਏ। ਅਸਟ੍ਰੇਲੀਆ ਦੀ ਧਰਤੀ ਉਤੇ ਸੰਘਰਸ਼ ਦੇ ਪਿੱਛੇ-ਪਿੱਛੇ ਖੁਸ਼ਹਾਲੀ ਕੁਦਰਤੀ ਤੌਰ 'ਤੇ ਆਈ। ਜਿਥੇ ਹੋਰ ਲੋਕ ਇਸ ਦਾ ਪ੍ਰਗਟਾਵਾ ਖਾਣ-ਪੀਣ ਅਤੇ ਐਸ਼ਮਈ ਜੀਵਨ ਦੁਆਰਾ ਕਰਦੇ ਉਥੇ ਦਲਬੀਰ ਸਿੰਘ ਜੀ ਨੇ ਇਹ ਸਮਾਂ ਚਿੰਤਨ ਅਤੇ ਮਰਿਆਦਾਬੱਧ ਜੀਵਨ ਦੇ ਅਭਿਆਸ ਵਿਚ ਲਾਇਆ। ਉਸ ਦਾ ਆਪਣੇ ਵਤਨੋਂ ਵਿਛੋੜਾ, ਗੁਰੂ ਤੋਂ ਵਿਛੋੜਾ, ਕਵਿਤਾ ਦੇ ਰੂਪ ਵਿਚ ਫੁੱਟਦਾ ਰਿਹਾ ਅਤੇ ਉਹ ਲਿਖਦਾ ਰਿਹਾ। ਇਸ ਹੇਰਵੇ ਨੇ ਉਸ ਨੂੰ ਆਪਣੇ ਵਿਰਸੇ ਦੇ ਹੋਰ ਨੇੜੇ ਲਿਆਂਦਾ।.... ਇਸ ਤਰ੍ਹਾਂ ਵਤਨੋਂ ਦੂਰ ਉਸ ਦੀ ਉਦਾਸੀ, ਪੰਜਾਬੀ ਕਾਵਿ-ਜਗਤ ਪੰਜਾਬੀ ਭਾਈਚਾਰੇ ਅਤੇ ਨਾਮਧਾਰੀ ਸੰਗਤਾਂ ਵਾਸਤੇ ਵਰਦਾਨ ਸਾਬਤ ਹੋਈ। 'ਵਰਿਆਮ' ਵਿਚ ਛਪੀਆਂ ਉਸ ਦੀ ਵਾਰਤਕ ਦੀਆਂ ਕਿਸ਼ਤਾਂ ਦੱਸਦੀਆਂ ਹਨ ਕਿ ਅਸਟ੍ਰੇਲੀਆ ਵਿਚ ਜਿਥੇ ਉਹ ਸਮਾਂ ਕੱਢ ਕੇ ਸਪੋਰਟਸ ਸਰਗਰਮੀਆਂ ਨਾਲ ਜੁੜਿਆ ਰਿਹਾ ਹੈ, ਉਥੇ ਉਸ ਨੇ ਆਪਣਾ ਉੱਚਾ-ਸੁੱਚਾ ਮਰਿਆਦਾ ਵਾਲਾ ਮਿਸਾਲੀ ਜੀਵਨ ਵੀ ਕਾਇਮ ਰੱਖਿਆ ਹੈ।"

ਉਸ ਦੇ ਜੀਵਨ ਅਤੇ ਪਰਿਵਾਰਿਕ ਪਿਛੋਕੜ ਆਦਿ ਦੀ ਸੰਖੇਪ ਜਾਣਕਾਰੀ ਤੋਂ ਬਾਅਦ ਅਸੀਂ ਉਸ ਦੀਆਂ ਕਵਿਤਾਵਾਂ ਦੇ ਵਸਤੂ ਪੱਖ ਦੀ ਚਰਚਾ ਕਰਾਂਗੇ। ਜੇ ਪੁਸਤਕ ਸੋਹਲੜੇ ਨੂੰ ਰਤਾ ਪਾਸੇ ਰੱਖ ਲਈਏ ਤਾਂ ਉਸ ਦੀਆਂ ਬਾਕੀ ਤਿੰਨ ਪੁਸਤਕਾਂ 'ਪਰਦੇਸਣ', 'ਲਹਿਰਾਂ' ਅਤੇ 'ਸਫਰ' ਦਾ ਵਸਤੂ ਪੱਖ ਤਕਰੀਬਨ ਰਲਦਾ ਮਿਲਦਾ ਹੈ। 'ਸੋਹਲੜੇ' ਉਸ ਦੇ ਜੀਵਨ ਦੇ ਊਰਜਾ ਕਾਲ ਦੀ ਰਚਨਾ ਨਾਲ ਸਬੰਧਿਤ ਹੈ ਜਦੋਂ ਜੁਆਨੀ ਜਜ਼ਬਿਆਂ 'ਤੇ ਭਾਰੂ ਨਹੀਂ ਹੁੰਦੀ ਹੈ। ਜਦੋਂ ਜੀਵਨ ਲਈ ਇਕ ਅੱਥਰਾ ਅਮਾਹ ਹੁੰਦਾ ਹੈ। ਜਦੋਂ ਬੰਦਾ ਪੌਣ ਵੇਗ ਨਾਲ ਦੌੜਨ ਵਾਲੇ ਹਰਫਾਂ ਦੇ ਘੋੜਿਆਂ ਦੀ ਸੁਆਰੀ ਕਰਨ ਦੇ ਸਮਰੱਥ ਹੁੰਦਾ ਹੈ। ਜਦੋਂ ਉਹ ਆਪਣੇ ਵਿਰਸੇ ਅਤੇ ਵਰਤਮਾਨ ਦੇ ਅੰਤਰ ਵਿਰੋਧਾਂ ਨੂੰ ਹੱਲ ਕਰਨ ਦੇ ਵੀ ਸਮਰੱਥ ਹੁੰਦਾ ਹੈ। ਜਦੋਂ ਪਰਾ-ਲੌਕਿਕਤਾ ਤੇ ਇਹ-ਲੌਕਿਕਤਾ ਹਾਵੀ ਹੁੰਦੀ ਹੈ।

ਉੱਪਰ ਵਰਣਿਤ ਪਹਿਲੀਆਂ ਤਿੰਨਾਂ ਪੁਸਤਕਾਂ ਦੀ ਕਵਿਤਾ ਰਹੱਸਵਾਦ ਦੀ ਪੇਤਲੀ ਬੁੱਕਲ ਵਿਚ ਲਿਪਟੀ ਨਜ਼ਰ ਆਉਂਦੀ ਹੈ। ਕਈ ਸੱਜਣ ਅਧਿਆਤਮਵਾਦ ਨੂੰ ਰਹੱਸਵਾਦ ਨਾਲ ਰਲਗੱਡ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਦਰੁਸਤ ਨਹੀਂ। ਸਾਡੇ ਗੁਰੂ ਅਧਿਆਤਮਵਾਦੀ ਸਨ ਪਰ ਸੰਸਾਰਕ ਲੋੜਾਂ ਤੋਂ ਅਤੇ ਲੋਕ ਵਿਰੋਧੀ ਸੱਤਾ ਤੋਂ ਉਹ ਭਾਂਜਵਾਦੀ ਦ੍ਰਿਸ਼ਟੀਕੋਣ ਨਹੀਂ ਅਪਣਾਉਂਦੇ ਸਨ ਸਗੋਂ 'ਜੂਝਣ ਕੋ ਦਾਉ' ਨਾਲ ਅਨੰਦਿਤ ਮਹਿਸੂਸ ਕਰਦੇ ਸਨ। ਰਹੱਸਵਾਦੀ ਕਵਿਤਾ, ਸੰਸਾਰਕ ਜ਼ਰੂਰਤਾਂ ਅਤੇ ਢਾਂਚਾਗਤ ਬੁਨਿਆਦੀ ਅੰਤਰ ਵਿਰੋਧਾਂ ਅਤੇ ਅਧਿਆਤਮਕਤਾ ਦਾ ਆਵਰਣ ਓੜ੍ਹ ਕੇ. ਇਸ ਲੋਕ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋਣ ਦਾ ਉਪਰਾਲਾ ਕਰਦੀ ਹੈ। ਇਹ ਉਮਰ ਦਾ ਤਕਾਜ਼ਾ ਵੀ ਹੁੰਦਾ ਹੈ, ਜਦੋਂ ਰਚਨਾਕ੍ਰਮੀ ਆਪਣੀ ਗੱਲ ਸਿੱਧੀ ਅਤੇ ਸਪੱਸ਼ਟ ਰੂਪ ਵਿਚ ਕਰਨ ਦੀ ਥਾਂ, ਰਹੱਸਾਤਮਕਤਾ ਦਾ ਸਹਾਰਾ ਲੈਂਦਾ ਹੈ। ਪ੍ਰੰਤੂ ਤਰਸ ਸਾਹਿਬ ਦੇ ਰਹੱਸਵਾਦ ਵਿਚ ਵੀ ਸਿੱਖ ਦਰਸ਼ਨ ਦੇ ਅਨੁਰੂਪ ਜੀਵੰਤ ਜੀਵਨ ਮੁੱਲਾਂ ਵਾਲੀ ਸ਼ਾਇਰੀ ਦੇ ਦਰਸ਼ਨ ਗਾਹੇ ਬਗਾਹੇ ਹੋ ਜਾਂਦੇ ਹਨ। ਭਾਰਤੀਆਂ ਬਾਰੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਦੁਰੇਡੀਆ ਧਰਤੀਆਂ ਗਾਹੀਆਂ ਹਨ ਪਰ ਇਹ ਕਦੇ ਵੀ ਉਥੇ ਅੱਗ ਜਾਂ ਤਲਵਾਰ ਲੈ ਕੇ ਨਹੀਂ ਗਏ। ਦੀਨ ਦੁਖੀਆਂ ਪ੍ਰਤੀ ਆਪਣੀ ਸੰਵੇਦਨਾ ਨੂੰ ਵੀ, ਸਾਡਾ ਕਵੀ ਮਹਿਸੂਸ ਕਰਦਾ ਹੈ ਅਤੇ ਭਾਰਤੀ ਦਰਸ਼ਨ ਦੀ ਬੁਨਿਆਦੀ ਸੱਚਾਈ ਨੂੰ ਵੀ ਇਉਂ ਸੂਤਰ ਬੱਧ ਕਰਦਾ ਹੈ, ਆਪਣੇ ਇਸ ਸਾਨੇਟ ਵਿਚ :

"ਪਰਦੇਸਣ ਮੇਰੀ ਜਿੰਦੜੀਏ!
ਜੀਵਨ ਨਾ ਜੰਗ ਤਲਵਾਰਾਂ ਦੀ:
ਇਹ ਨਿੱਤਨਿੱਤ ਵਧਦੀਆਂ ਭੁੱਖਾਂ ਦੀ
ਤੇ ਗੁੱਝਿਆਂ ਗੁੱਝਿਆਂ ਵਾਰਾਂ ਦੀ।
ਨਰਕ ਨਾਲ ਹੈ ਨਾਤਾ ਇਸ ਦਾ
ਮਿਰਤੂ ਸੰਗ ਵਸੇਰਾ ਹੈ;
ਹਰ ਇਕ ਜੀਤ ਪਰੀ ਦੇ ਤਨ ਤੇ,
ਹਾਰ ਭਿਆਨਕ ਚਿਹਰਾ ਹੈ;
ਤਿਲਕਣ ਹਾਰੇ ਹਾਸਿਆਂ ਪਿੱਛੇ,
ਚੀਕੇ ਪਈ ਸਿੱਲ ਦੁਖਿਆਰਾਂ ਦੀ।"

ਸਾਡਾ ਕਵੀ 'ਨਿਵੈ ਸੁ ਗਉਰਾ ਹੋਇ 'ਗੁਰਵਾਕ ਦਾ ਧਾਰਨੀ ਹੈ। ਉਹ ਨਿਰਮਾਣਤਾ ਨੂੰ ਪਰਕਿਰਤੀ ਅਤੇ ਮਨੁੱਖੀ ਸਮਾਜ ਦਾ ਇਕ ਫਸਿਆ ਆਭੂਸ਼ਣ ਸਮਝਦਾ ਹੈ। ਉਹ ਇਸ ਅਸੂਲ ਦਾ ਵੀ ਧਾਰਨੀ ਹੈ ਕਿ ਕੁਝ ਲੈਣ ਦਾ ਉਹੋ ਹੱਕਦਾਰ ਹੈ ਜਿਸ ਨੂੰ ਕੁਝ ਦੇਣਾ ਵੀ ਆਉਂਦਾ ਹੈ:

'ਪਰਦੇਸਣ ਮੇਰੀ ਜਿੰਦੜੀਏ!
ਮਸਕੀਨ ਹੋਇ ਕੇ ਨਿਵ ਨਿਵ ਚਲ।
ਜਿਉਂ ਨੀਵਾਣਾਂ ਵੱਲ ਨੂੰ ਜਾਂਦਾ,

ਨਦੀਆਂ ਨਾਲੋਂ ਟੁੱਟਿਆ ਜੱਲ।
ਜਿਤ ਮੁੱਖ ਜਾਵਣ, ਸੀਤ ਸੁਹਾਵਣ,
ਧਰਤੀ ਨੂੰ ਹਰਿਆਂਦੇ ਨੇ,
ਸੱਚੇ ਦੀ ਸੁੱਚੀ ਕਰ ਸੇਵਾ ਅਮਰ ਪਦਾਰਥ ਪਾਂਦੇ ਨੇ;
ਜੇ ਕੁਝ ਲੈਣਾ ਏਸ ਜਗਤ ਤੋਂ
ਸਦਾ ਸਦਾ ਰਹੁ ਦੇਣ ਦੇ ਵੱਲ।"[2]

ਆਸਟ੍ਰੇਲੀਆ ਮਹਾਂਦੀਪ ਵਿਚ ਬੜੇ ਵਿਸ਼ਾਲ ਭੂਖੰਡ ਹਨ ਜੋ ਨਦੀਆਂ, ਨਾਲਿਆਂ, ਝੀਲਾਂ, ਪਰਬਤਾਂ, ਰੁੱਖਾਂ ਬੂਟਿਆਂ ਅਤੇ ਬਨਸਪਤੀ ਨਾਲ ਕੱਜੇ ਹੋਏ ਹਨ। ਕਵੀ ਇਸ ਖ਼ੁੱਲ੍ਹ ਦਾ ਉਪਾਸ਼ਕ ਹੈ। ਜੰਗਲਾਂ ਬੇਲਿਆਂ ਦੀਆਂ ਜੂਹਾਂ ਵਿਚੋਂ ਕੁਦਰਤ ਦੇ ਵੰਨ ਸੁਵੰਨੇ ਰੰਗਾਂ ਨੂੰ ਨਿਹਾਰਦਾ, ਧਰਤੀ ਮਾਂ ਦੇ ਸੀਨੇ ਵਿਚ ਲੋਟ ਪੋਟ ਹੋ ਕੇ, ਮਿੱਠੀਆਂ ਲੋਰੀਆਂ ਸੁਣਨ ਦਾ ਅਰਜ਼ਮੰਦ ਹੈ। ਇਸੇ ਲਈ ਆਪਣੀ ਇਸ਼ਟ-ਭਗਤੀ ਦਾ ਜ਼ਿਕਰ ਕਰਨ ਲਈ ਵੀ ਧਰਤੀ ਮਾਤਾ ਦੀਆਂ ਮਹਾਨ ਕਰਨੀਆਂ ਦਾ ਸਥਾਨ ਆਪਣੇ ਨਿਵੇਕਲੇ ਕਾਵਿਕ ਅੰਦਾਜ਼ ਵਿਚ ਇਉਂ ਕਰਦਾ ਹੈ:

"ਪਰਦੇਸਣ ਮੇਰੀ ਜਿੰਦੜੀਏ!
ਤਕ ਧਰਤੀ ਪੰਡ ਪਿਆਰਾਂ ਦੀ।
ਚਰਨ ਕੰਵਲ ਦੀ ਛੁਹ ਵਿਚ ਰਿਹਣੀ,
ਪੀਰਾਂ ਗੁਰ ਅਵਤਾਰਾਂ ਦੀ।
ਸਭ ਦੀਆਂ ਪੀੜਾਂ ਸਭ ਦੇ ਹਿਝੂ
ਸੀਨੇ ਵਿਚ ਸਮਾਂਦੀ ਏ;
ਕੱਕਰ ਪੀਣੀ ਨਿੱਘ ਵੰਡੇਣੀ
ਸਭ ਦੀ ਮਾਤ ਸਦਾਂਦੀ ਏ;
ਚਰਨਾ ਦੀ ਨਾਂ ਭਗਤੀ ਬਾਝੋਂ
ਮਿਲਦੀ ਥਾਂ ਅੰਬਾਰਾਂ ਦੀ।"[3]

ਸਤਿਗੁਰੂ ਰਾਮ ਸਿੰਘ ਜੀ ਸਮੂਹ ਮਨੁੱਖ ਮਾਰੂ ਹਥਿਆਰਾਂ ਨੂੰ ਖਾਰੇ ਸਮੁੰਦਰਾਂ ਵਿਚ ਡੁਬੋਇਆ ਵੇਖਣ ਦੀ ਰੀਝ ਰੱਖਦੇ ਸਨ। ਹਿੰਸਾ ਲਈ ਉਨ੍ਹਾਂ ਦੇ ਮੱਤ ਵਿਚ ਕੋਈ ਥਾਂ ਨਹੀਂ ਸੀ ਭਾਵੇਂ ਨਾਮਧਾਰੀ ਇਤਿਹਾਸ ਵਿਚ ਇਸ ਦੇ ਕੁਝ ਅਪਵਾਦ ਵੀ ਮਿਲਦੇ ਹਨ। ਅਹਿੰਸਾ ਸੂਰਬੀਰ ਵਿਅਕਤੀ ਦਾ ਗਹਿਣਾ ਹੁੰਦੀ ਹੈ। ਕਮਜ਼ੋਰ ਆਦਮੀ ਅਹਿੰਸਾ ਦੇ ਮਾਰਗ ਤੇ ਨਹੀਂ ਚੱਲ ਸਕਦਾ। ਇਹ ਸੱਚ ਮਾਰਗ ਦੇ ਪਾਂਧੀ ਸੂਰਬੀਰ ਹੀ ਸਨ ਜਿਨ੍ਹਾਂ ਮਰਨ ਕਬੂਲਣ ਲੱਗਿਆਂ ਢਿੱਲ ਨਹੀਂ ਕੀਤੀ। ਨਾਮਧਾਰੀ ਮਸਤਾਨੇ ਸ਼ਹੀਦੀਆਂ ਵਰਨ ਦੇ ਚਾਉ ਨਾਲ ਕਿਵੇਂ ਪਰਨੂਰ ਹੋ ਕੇ ਮੌਤ ਦੇ ਵਿਹੜੇ ਵਿਚ ਧਮਾਲਾਂ ਪਾਉਂਦੇ ਸਨ, ਇਨ੍ਹਾਂ ਨਿਵੇਕਲੇ ਅਨੁਭਵਾਂ ਦੀ ਮੌਲਿਕ ਅਮੀਰੀ ਨਾਲ ਭਰਪੂਰ ਹੈ ਕਵੀ ਤਰਸ ਦੀ ਕਵਿਤਾ:

"ਪਰਦੇਸਣ ਮੇਰੀ ਜਿੰਦੜੀਏ।
ਹਿੰਸਾਵਾਨ ਕਦੇ ਤਰਦਾ ਨਹੀਂ।
ਦਇਆਵਾਨ ਨਾਮਰਸ ਗੁੱਧਾ,
ਇਸ ਜੀਵਨ ਕਦੇ ਹਰਦਾ ਨਹੀਂ।
ਜੋ ਦੁਖੀਆਂ ਹਿੱਤ ਰੱਤ ਵਹਾਂਦਾ
ਜੀਵਨ ਲਾਲ ਬਣਾ ਜਾਂਦਾ,
ਸੱਚੇ ਦੀ ਸੁੱਚੀ ਕਰ ਸੇਵਾ,
ਮੁਕਤੀ ਦਾ ਦਰ ਪਾ ਜਾਂਦਾ
ਆਵਾ ਗਵਣ ਦੇ ਚੱਕਰ ਵਿਚ,
ਮੁੜ ਮੁੜ ਜਿਊਂਦਾ ਮਰਦਾ ਨਹੀਂ।
....
"ਪਰਦੇਸਣ ਮੇਰੀ ਜਿੰਦੜੀਏ।
ਪ੍ਰੇਮ ਹੀ ਰੂਪ ਸੱਚਾਈ ਦਾ।
ਸੱਚ ਦੀ ਖਾਤਰ ਏਸ ਜਹਾਂ ਵਿਚ,
ਸੂਲੀ ਭੀ ਚੜ੍ਹ ਜਾਈਦਾ।
ਜੋ ਸੱਚ ਸਾਗਰ ਵਿਚ ਸਮੋਏ,
ਪੀਠ ਪੀਆ ਵੱਲ ਕਰਦੇ ਨਹੀਂ
ਮੌਤ ਭੀ ਹੈ ਤੇ ਸਨਮੁੱਖ ਰਹਿੰਦੇ,
ਹੱਸ ਵਰ੍ਹਨੇ ਕਦੇ ਮਰਦੇ ਨਹੀਂ;
ਇਹ ਮਾਰਗ ਹੈ ਅਤੀ ਅਨੂਪਮ
ਇਸ ਰਾਹ ਪ੍ਰੀਤਮ ਪਾਈਦਾ।"[4]

ਭਾਂਤ-ਭਾਂਤ ਦੀ ਮਾਇਆ ਮਨੁੱਖਾ ਜੀਵਨ ਦੇ ਬੁਨਿਆਦੀ ਪ੍ਰਯੋਜਨ ਤੋਂ ਲਾਂਭੇ ਲੈ ਜਾਂਦੀ ਹੈ। ਸੱਚ ਦੇ ਮਾਰਗ 'ਤੇ ਚੱਲਣ ਨਾਲ ਹੀ ਕੂੜ ਦੀ ਕੰਧ ਨਿਖੁੱਟ ਜਾਂਦੀ ਹੈ। ਇਸ ਸੱਚੇ ਮਾਰਗ 'ਤੇ ਚੱਲਣ ਨੂੰ ਹੀ ਸਾਡਾ ਕਵੀ ਸਤਿਗੁਰੂ ਦੀ ਸੇਵਾ ਨਾਲ ਜੋੜ ਕੇ ਵੇਖ ਰਿਹਾ ਹੈ। ਇਸ ਤਰ੍ਹਾਂ ਦੀਆਂ ਅੱਟਲ ਸਚਾਈਆਂ ਆਪ ਮੁਹਾਰੇ ਕਵੀ ਦੀ ਕਾਨੀ ਦੀ ਨੋਕ 'ਤੇ ਆ ਕੇ ਨੱਚ ਉਠਦੀਆਂ ਹਨ:

"ਪਰਦੇਸਣ ਮੇਰੀ ਜਿੰਦੜੀਏ।
ਮਾਇਆ ਦੇ ਘਰ ਕਦੇ ਨਾ ਜਾਵੀਂ
ਐਵੇਂ ਨਾਂ ਇਹ ਰਤਨ ਅਮੋਲਕ
ਕੌਡੀਆਂ ਭਾ ਸੁੱਟ ਆਵੀਂ।
ਇਹ ਜੀਵਨ ਇਹ ਉਤਮ ਦਿਹੁਰੀ
ਇਸ ਦੀ ਕਰ ਪਹਿਚਾਣ;
ਸੱਚ ਦਾ ਮਾਰਗ ਘੋਰ ਤਪੱਸਿਆ
ਹਰੂ ਦੇ ਘਰ ਲੈ ਜਾਣ,
ਸੱਤ ਮਾਰਗ ਹੀ ਸਤਿਗੁਰੂ ਸੇਵਾ
ਸਾਸ ਸਾਸ ਇਸ ਸੱਚ ਰਚਾਵੀਂ।"[5]

ਗੁਰਬਾਣੀ ਅਤੇ ਮੱਧਕਾਲੀ ਪੰਜਾਬੀ ਕਿੱਸਾ ਕਾਵਿ ਵਿਚ ਅੰਮ੍ਰਿਤ ਵੇਲੇ ਦੀ ਮਹਿਮਾ ਦਾ ਬਹੁਤ ਬਖਾਨ ਮਿਲਦਾ ਹੈ। ਰੰਗ ਰੱਤੜੇ ਜੀਵ ਇਸ ਸਮੇਂ ਨੂੰ ਆਪਣੇ ਪਿਆਰੇ ਦੀ ਸਿਫਤ ਸਲਾਹ ਵਿਚ, ਉਸ ਦਾ ਵਿਰਦ ਕਰਦਿਆਂ ਬਤੀਤ ਕਰਦੇ ਹਨ। ਕੰਮਾਂ ਧੰਦਿਆਂ ਨਾਲ ਜੁੱਟਣ ਵਾਲਿਆਂ ਵੀ ਆਪਣੇ ਭਾਵੀ ਕਾਰਾਂ ਵਿਹਾਰਾਂ ਦੀ ਰੂਪ ਰੇਖਾ ਇਸੇ ਸਮੇਂ ਉਲੀਕਣੀ ਹੁੰਦੀ ਹੈ। ਇਸ ਲਈ ਸਾਡਾ ਗੁਰਸਿੱਖ ਕਵੀ ਇਸ ਅਲੌਕਿਕ ਸਮੇਂ ਦੀ ਤਸਵੀਰਕਸ਼ੀ ਕਰਨ ਵਿਚ ਪਿੱਛੇ ਕਿਵੇਂ ਰਹਿ ਸਕਦਾ ਹੈ ਜਦੋਂ ਧਰਤੀ ਅਸਮਾਨ ਬਗਲਗੀਰ ਹੁੰਦੇ ਜਾਪਦੇ ਹਨ।

'ਪਰਦੇਸਣ ਮੇਰੀ ਜਿੰਦੜੀਏ।
ਜਾਗ ਉਠਿਆ ਅੰਮ੍ਰਿਤ ਵੇਲਾ।
ਦੂਰ ਬਣਾਂ ਵਿਚ ਰੰਗੀ ਰੱਤਾ ਪੰਛੀ ਗਾਏ ਇਕੇਲਾ।
ਧੁਰ ਅਕਾਸ਼ੋਂ ਗੰਗਾ ਨ੍ਹਾ ਕੇ ਆਵੇ ਉਸ ਦੀ ਬਾਣੀ:
ਸਮੇਂ ਦੇ ਚੱਲਦੇ ਕਦਮ ਖਲੋ ਗਏ ਜਾਂ ਉਸ ਧੁਨ ਪਛਾਣੀ:
ਐਂਜ ਨੀ ਜਾਪੇ ਹੋਣ ਜਾਂ ਲੱਗਾ
ਧਰਤ ਅੰਬਰ ਦਾ ਮੇਲਾ।"[6]

ਪੁਸਤਕ 'ਪਰਦੇਸਣ' ਦੇ 'ਆਦਿ ਕਥਨ' ਵਿਚ ਅਸੀਂ ਕਸੇਲ ਸਾਹਿਬ ਦੇ ਇਨ੍ਹਾਂ ਵਿਚਾਰਾਂ ਨੂੰ ਉਦਰਿਤ ਕਰ ਕੇ ਇਸ ਬਾਰੇ ਆਪਣੀ ਚਰਚਾ ਸਮੇਟਦੇ ਹਾਂ: "ਪਰਦੇਸਣ ਮੇਰੀ ਜਿੰਦੜੀਏ ਦਾ ਦਾਰਸ਼ਨਿਕ ਪੱਖ ਭਾਵੇਂ ਕੁਝ ਵੀ ਹੋਵੇ ਪਰ ਇਨ੍ਹਾਂ ਤਿੰਨਾਂ ਸ਼ਬਦ ਸਮੂਹਾਂ 'ਪਰਦੇਸਣ ਮੇਰੀ ਜਿੰਦੜੀਏ' ਦੀ ਆਤਮ ਸੰਬੋਧਨੀ ਧੁਨੀ ਕਾਵਿ ਮਈ ਦ੍ਰਿਸ਼ਟੀ ਤੋਂ ਬੜੀ ਆਕਰਸ਼ਕ ਤੇ ਮਨ ਨੂੰ ਧੂਹ ਪਾਉਣ ਵਾਲੀ ਹੈ।

ਇਸ ਵਿਚ ਵੈਰਾਗ ਵੀ ਹੈ ਅਤੇ ਅਨੁਰਾਗ ਵੀ। ਇਹ ਦੋਵੇ ਪਦ ਵੈਰਾਗ ਤੇ ਅਨੁਰਾਗ ਇਸ ਕਾਵਿ-ਸੰਗ੍ਰਹਿ ਦੇ ਸੰਗੀਤਕ ਵਿਧਾਨ ਦੇ ਪ੍ਰਧਾਨ ਸੁਰ ਹਨ। ... ਪ੍ਰਗੀਤ ਰੂਪ ਵਿਚ ਹੋਣ ਕਰਕੇ ਇਸ ਕਵਿਤਾ ਦਾ ਸਮੁੱਚਾ ਲਹਿਜਾ ਜਾਂ Tone ਹੀ ਵੱਖਰੀ ਭਾਂਤ ਦਾ ਹੈ ਅਤੇ ਪੰਜਾਬੀ ਕਵਿਤਾ ਦਾ ਇਹ ਇਕ ਨਿਵੇਕਲਾ ਹੀ ਸਰੂਪ ਹੈ, ਜਿਸ ਵਿਚ ਰਹੱਸਵਾਦੀ ਅਨੁਭਵ ਦੀ ਵਿਅਕਤੀਗਤ ਮੌਲਿਕਤਾ, ਨਰੋਆਪਣ ਅਤੇ ਤਾਜ਼ਗੀ ਮੌਜੂਦ ਹੈ। ਇਹ ਰਚਨਾ ਕਾਵਿ ਕੌਸ਼ਲਤਾ ਦੀ ਸ਼ਿਲਪਗਤ, ਸ਼ਿਲ-ਤਰਾਸ਼ ਤੋਂ ਮੁਕਤ ਹੁੰਦੀ ਹੋਈ ਵੀ ਕਾਵਿਕਲਾ ਦੇ ਉੱਤਮ ਗੁਣਾਂ ਨਾਲ ਭਰਪੂਰ ਹੈ।"

ਦੂਸਰੀ ਕਾਵਿ ਪੁਸਤਕ ਲਹਿਰਾਂ ਵਿਚ ਤਰਸ ਜੀ ਨੇ ੩੯੦ ਰੁਬਾਈਆਂ, ਡੂੰਘੀ ਗੁਰੂ ਭਗਤੀ ਅਤੇ ਸੱਜਣ ਵਿਛੋੜੇ ਦੀ ਭਾਹ ਵਿਚ ਭੁੱਜ ਕੇ ਲਿਖੀਆਂ ਹਨ। ਲੇਖਕ ਜਾਂ ਕਵੀ ਦਾ ਕਰਤਾਰੀ ਕਾਜ ਇਕ ਅਰੁਕ ਪ੍ਰਵਾਹ ਵਾਲਾ, ਵੇਗਮਾਨ ਹੁੰਦਾ ਹੈ। ਕੋਈ ਇਕ ਦ੍ਰਿਸ਼, ਕੋਈ ਇਕ ਘਟਨਾ, ਕੋਈ ਇਕ ਬਚਨ, ਕੋਈ ਇਕ ਮਿੱਠੀ ਕੌੜੀ ਯਾਦ ਉਸ ਦੀ ਕਲਮ ਨੂੰ ਗਤੀਸ਼ੀਲ ਕਰਨ ਲਈ ਕਾਫੀ ਹੁੰਦੀ ਹੈ। ਕਸੇਲ ਜੀ ਅਨੁਸਾਰ ਭਾਈ ਵੀਰ ਸਿੰਘ ਹੋਰਾਂ ਦੀਆਂ ਅਧਿਆਤਮਕ ਰੰਗਣ ਦੇ ਰਹੱਸ ਵਿਚ ਰੰਗੀਆਂ ਰੁਬਾਈਆਂ ਅਤੇ ਪ੍ਰੀਤਮ ਸਿੰਘ ਕਵੀ ਦੀਆਂ ਸਿਮਰਨ ਵਿਚਲੀਆਂ ਗੁਰੂ ਭਗਤੀ ਇਸ਼ਟ ਉਪਾਸਨਾ ਨਾਲ ਲਬਰੇਜ਼ ਰੁਬਾਈਆਂ ਦਾ ਰੰਗ ਕਵੀ ਦਲਬੀਰ ਸਿੰਘ ਤਰਸ ਦੀਆਂ ਰੁਬਾਈਆਂ ਵਿਚ 'ਇਸ਼ਟ ਤੇ ਗੁਰੂ ਪ੍ਰੇਮ ਦੀਆਂ ਯਾਦਾਂ ਦੇ ਰੰਗੀਨ ਸੁਪਨਿਆਂ ਤੇ ਥਰਥਰਾਂਦੇ ਹਿਰਦੇ ਪ੍ਰੇਮ ਉਦਗਾਰਾਂ ਨੂੰ ਪ੍ਰਗਟਾਉਣ ਦਾ ਸਫਲ ਯਤਨ ਕੀਤਾ ਗਿਆ ਹੈ। 'ਤਰਸ' ਦਾ ਆਪਣਾ ਨਿਵੇਕਲਾ ਅੰਦਾਜ਼ ਤੇ ਨਾਮਖੁਮਾਰੀ ਵਾਲੀ ਮਸਤੀ ਰੁਬਾਈ ਵਿਚ ਇਉਂ ਪ੍ਰਸਫੁਟਿਤ ਹੁੰਦੀ ਹੈ:

'ਗੁਰਦੇਵ ਪੀਆ ਨੇ ਦੀਓ ਖਿਡੌਣਾ
ਇਕ ਮਸਤਾਨੀ ਚਾਈ ਫਿਰੇ।
ਸੁਰਮਾਈ ਫਿਰੇ ਸਧਰਾਈ ਫਿਰੇ
ਨਾਲ ਕਾਲਜੇ ਲਾਈ ਫਿਰੇ।
ਅੰਦਰ ਫਿਰੇ ਜਾਂ ਬਾਹਰ ਫਿਰੇ
ਦਿਨੇ ਫਿਰੇ ਜਾਂ ਰਾਤ ਫਿਰੇ।
ਧਰਤ ਫਿਰੇ ਆਕਾਸ਼ ਫਿਰੇ
ਸਾਈਆਂ ਸੰਗ ਸਮਾਈ ਫਿਰੇ।"[7]
....
"ਰੁੱਤਾਂ ਆਈਆਂ ਰੁੱਤਾਂ ਗਈਆਂ,
ਏਸ ਰੁੱਤ ਦਾ ਰੰਗ ਹੀ ਹੋਰ।
ਨਾ ਸਾਵਣ ਨੇ ਧਰਤ ਨੁਹਾਈ,
ਨਾ ਬਦਲੋਟੀ ਪਾਇਆ ਸ਼ੋਰ।
ਏਸ ਰੁੱਤ ਦੀ ਮਹਿਮਾ ਨਿਆਰੀ
ਨਾ ਉੱਤਰੇ ਜਾਂ ਚੜ੍ਹੇ ਖੁਮਾਰੀ,
ਜਿਉਂ ਜਿਉਂ ਸਮਾਂ ਬੀਤਦਾ ਜਾਏ
ਗਾੜ੍ਹੀ ਹੁੰਦੀ ਜਾਵੇ ਲੋਰ।"[8]

ਆਪਣੇ ਇਸ਼ਟ, ਪਰਦੇਸੀ ਪ੍ਰੀਤਮ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਹੰਝੂ ਵਹਾਉਂਦਿਆਂ ਨਾਮਧਾਰੀਆਂ ਦੀਆਂ ਚਾਰ ਪੰਜ ਪੀੜ੍ਹੀਆਂ ਇਥੋਂ ਵਿਦਾ ਹੋ ਚੁੱਕੀਆਂ ਹਨ। ਤੇ ਇਹ ਨਾਮਧਾਰੀ ਕਵੀ ਜੋ ਭਾਈ ਚੰਦਾ ਸਿਘ ਅਤੇ ਨਿਹਾਲ ਸਿੰਘ ਜਿਹੇ, ਗੁਰੂ ਵਿਛੋੜੇ ਵਿਚ ਬਾਰਾਂ ਮਾਂਹ ਲਿਖਣ ਵਾਲੇ ਕਵੀਆਂ ਦਾ ਕਲਮੀ ਵਾਰਿਸ ਹੈ, ਇਸ ਦੀ ਰਚਨਾ ਵਿਚੋਂ ਗੁਰੂ ਵਿਛੋੜੇ ਦੀ ਅਗਨ ਦਾ ਸੇਕ ਕਿਉਂ ਨਾ ਆਵੇ। ਨਾਲ ਹੀ ਉਸ ਦਾ ਪ੍ਰਕਿਰਤੀ ਚਿਤਰਣ, ਬਿੰਬ ਵਿਧਾਨ ਅਤੇ ਦ੍ਰਿਸ਼ਾਵਲੀ ਕਾਵਿ-ਕਲਾ ਕੌਸ਼ਲ ਦੇ ਵਡਮੁੱਲੇ ਗੁਣਾਂ ਦੀ ਧਾਰਨੀ ਹੈ:–

"ਰੁੱਤ ਬਦਲ ਗਈ ਮੁੜ ਪਰਤ ਆਏ
ਮੁੜ ਕੂੰਜਾਂ ਦੀਆਂ ਡਾਰਾਂ ਦੇ।
ਪੂਰਨ ਚੰਦ ਅਕਾਸ਼ੀਂ ਹੋਇਆ
ਸਾਗਰ ਵਿਚ ਉਭਾਰਾਂ ਦੇ।
ਕਦੋਂ ਪਰਤਣਾਂ ਵਤਨੀ ਪ੍ਰੀਤਮ
ਸੱਧਰਾਂ ਅੱਜ ਉਡੀਕਦੀਆਂ;
ਅੱਖੀਆਂ ਵਿਚ ਪਿਆਸਾਂ ਰੜਕਣ,
ਲੰਘ ਗਏ ਦਿਨ ਇਕਰਾਰਾਂ ਦੇ।"[9]

ਇਤਿਹਾਸਕ ਨਗਰੀ, ਜੋ ਗੁਰੂ ਚਰਨਾਂ ਦੀ ਛੋਹ ਨਾਲ ਪਵਿੱਤਰ ਹੋ ਚੁੱਕੀ ਹੈ, ਸ੍ਰੀ ਭੈਣੀ ਸਾਹਿਬ ਦੇ ਜਾਹੋ ਜਲਾਲ ਨੂੰ ਇਕ ਰੁਬਾਈ ਵਿਚ ਇਉਂ ਬੰਨ੍ਹਿਆ ਹੈ।

"ਚੁੰਮ ਚੁੰਮ ਜਾਵੇ ਧਰਤ ਨੂੰ,
ਜਿਹਨੂੰ ਚਰਨ ਕੰਵਲ ਗਏ ਛੂਹ।
ਰੋਮ ਰੋਮ 'ਚੋਂ ਉਠਦੀ ਜਿਹਦੇ ਵਤਨਾਂ ਦੀ ਖੁਸ਼ਬੋ।
ਸ਼ਿੰਗਾਰ ਦਿਓ ਇਹਦੇ ਨਿੰਮ ਥਰੋਟੇ,
ਰਾਮ ਸਰੋਵਰ ਸੀਸ ਝੁਕਾਓ;
ਹਰੀ-ਮੰਦਿਰ ਦੀਆਂ ਪੀੜਾਂ ਵਿਚੋਂ,
ਜੀਵਨ ਦੀ ਲਓ ਲੋਅ।"[10]

ਤੇ ਜਦੋਂ ਕਵੀ ਮੁਰਸ਼ਦ ਦੇ ਰੰਗ ਵਿਚ ਰੰਗਤੜਾ ਹੋ ਕੇ, ਜੀਵਨ ਦੀਆਂ ਸਾਰੀਆਂ ਦੁਸ਼ਵਾਰੀਆਂ ਸਾਹਾਂ ਰੂਪੀ ਨੱਕੇ ਵਿਚੋਂ ਲੰਘਾਉਣ ਦੇ ਸਮਰੱਥ ਹੋ ਗਿਆ ਤਾਂ ਹਰ ਹਮਲੇ ਵਿਚੋਂ ਉਹਨੂੰ ਫੁੱਲਾਂ ਦੀ ਸੁਗੰਧ ਮਹਿਸੂਸ ਹੋਈ:—

"ਐਨਾ ਸਾਜਨ ਡੂੰਘਾ ਲੈ ਗਏ ਇਸ ਦੇਹੀ ਤੋਂ ਪਾਰ।
ਨੱਕੇ ਵਿਚੋਂ ਅਸੀਂ ਲੰਘਾਈ ਹਰ ਉਠਦੀ ਮੰਝਦਾਰ।
ਅੰਮ੍ਰਿਤ ਜਾਣ ਅਸਾਂ ਥਿੱਖ ਪੀਤਾ,
ਏਸ ਸਮੇਂ ਦੀਆਂ ਪੀੜਾਂ ਦਾ;
ਫੁੱਲਾਂ ਵਾਂਗੂੰ ਅਸੀਂ ਹੰਢਾਏ,
ਇਸ ਧਰਤੀ ਤੇ ਵਾਰ।"[11]

ਗੌਤਮ ਬੁੱਧ ਨੇ ਕਿਹਾ ਸੀ ਕਿ ਜੀਵਨ ਰੂਪੀ ਸਾਜ਼ ਦੇ ਤਾਰ ਢਿੱਲੇ ਛੱਡ ਦਿਓਗੇ ਤਾਂ ਇਹ ਵੱਜੇਗਾ ਨਹੀਂ। ਜ਼ਿਆਦਾ ਕੱਸ ਦਿਓਗੇ ਤਾਂ ਤਾਰਾਂ ਟੁੱਟ ਜਾਣਗੀਆਂ। ਉਸ ਅਨੁਸਾਰ ਮੱਧ ਮਾਰਗ ਹੀ ਸਹਿਜ ਦਾ ਮਾਰਗ ਸੀ। ਸਾਡਾ ਕਵੀ ਵੀ ਬੁੱਧ ਜਿਉਂ ਦੁੱਖਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਖਾਹਿਸ਼ਾਂ ਤੇ ਤ੍ਰਿਸ਼ਨਾਵਾਂ ਤੇ ਕਾਬੂ ਪਾਉਣ ਦੀ ਗੱਲ ਬੜੇ ਬਰੀਕ ਅੰਦਾਜ਼ ਵਿਚ, ਇਸ ਗੀਤ ਵਰਗੇ ਅੰਦਾਜ਼ ਵਾਲੀ ਸੂਖਮ ਰੁਬਾਈ ਵਿਚ ਇਉਂ ਕਰਦਾ ਹੈ:

"ਧੀਰੇ ਨੀ ਧੀਰੇ ਭੈਣ ਨੀ ਖ਼ੁਮਾਰੀਏ!
ਧੀਰੇ ਨੀ ਪੰਖ ਹਲਾ।
ਧੀਰੇ ਨੀ ਧੀਰੇ ਆਪਾਂ ਪੋਚ ਪੋਚ ਰੱਖੀਏ,
ਸੱਜਣ ਮਿਲਣ ਦਾ ਚਾਅ।
ਛੱਡ ਦਿੱਤੀਆਂ ਜਿਨ੍ਹਾਂ ਡੋਰਾਂ ਨੀ ਲੰਮੀਆਂ,
ਹੱਥ ਵਿਚ ਰਹਿ ਗਏ ਦੁੱਖ,
ਸਾਰੀਆਂ ਨੀ ਸੱਧਰਾਂ ਰੁੜ੍ਹ ਪੁੜ੍ਹ ਜਾਣੀਆਂ
ਬੜੇ ਤੇਜ਼ ਨੀ ਇਹ ਪਵਣ ਵਹਾ।"[12]

ਕਵੀ ਦਾ ਆਪਾ ਸੋਨੇ ਦੀਆਂ ਜ਼ੰਜੀਰਾਂ ਵਿਚ ਬੱਝਣ ਵਾਲਾ ਨਹੀਂ ਅਤੇ ਉਸ ਦੀਆਂ ਰੁਬਾਈਆਂ ਵਿਚੋਂ ਚਰਖੜੇ ਦੀ ਘੂਕਰ, ਤਰਿੰਜਣਾਂ ਦਾ ਰੰਗ, ਪੰਛੀਆਂ ਦੇ ਬੋਲ, ਰੁੱਖਾਂ ਦੇ ਗੀਤ, ਮੇਘਲੇ, ਨਦੀ ਵਿਚ ਬੇੜੇ, ਕੰਵਲ ਫੁੱਲ, ਪਰਬਤ, ਸਾਗਰ, ਗੰਗਾ ਜਮਨਾ, ਜੋਗਣ, ਚਰਾਗ ਤੋਂ ਵਿੱਛੜੀ ਲੋਅ, ਭੰਵਰਾ, ਵਣ-ਤ੍ਰਿਣ, ਚੰਦ ਸੂਰਜ, ਲਲਾਰੀ, ਚਸ਼ਮੇ, ਕਸਤੂਰੀ, ਚਿੱਤਰਕਾਰ, ਗੁਲਸ਼ਬਾ, ਪਹੁ ਫੁਟਲਾ, ਝੱਖੜ, ਸਟੇਸ਼ਨ ਤੇ ਰੁਕਦੀ ਗੱਡੀ ਆਦਿ ਸਜੀਵ ਬਿੰਬਾਂ ਦੇ ਦਰਸ਼ਨ ਹੁੰਦੇ ਹਨ। ਇਸ ਪੁਸਤਕ ਵਿਚੋਂ ਹੇਠਲੀ ਰੁਬਾਈ ਦੇ ਕੇ ਅੱਗੇ ਤੁਰਦੇ ਹਾਂ ਜਿਸ ਰੁਬਾਈ ਨੇ ਸੂਫ਼ੀ ਕਵਿਤਾ ਦੀ ਯਾਦ ਤਾਜ਼ਾ ਕਰ ਦਿੱਤੀ ਹੈ।

'ਅੰਮੀਏਂ ਨੀ ਦਿਨ ਬੀਤਣ ਆਇਆ,
ਅਜੇ ਢੇਰ ਪੂਣੀਆਂ ਪਈਆਂ।
ਧੂ ਧੂ ਤੰਦਾਂ ਕੱਢੀ ਜਾਵਾਂ,
ਗੂੜ੍ਹ ਗੱਲਾਂ ਸਭ ਹੋ ਹੋ ਰਹੀਆਂ।
ਘੂਕਰ ਚਰਖੀ ਸੰਗ ਸੱਜਣ ਦਾ,
ਸਭ ਭਰ ਉਤਰਨ ਗੂਹੜੇ;
ਜੁੱਗ ਜੁੱਗ ਜੀਵੇ ਰੰਗ ਤ੍ਰਿੰਜਣ ਦਾ,
ਅਸਾਂ ਮਾਣ ਦਿਹਾੜਾਂ ਲਈਆਂ।"[13]

ਤਰਸ ਜੀ ਦੀ ਕਾਵਿ-ਪੁਸਤਕ 'ਸਫ਼ਰ' ਨੂੰ ਜਗਦੀਸ਼ ਸਿੰਘ ਵਰਿਆਮ ਹੋਰਾਂ 'ਇਕ ਰਹੱਸਵਾਦੀ ਅਧਿਆਤਮਕ ਕਲਾਕ੍ਰਿਤੀ' ਆਖਿਆ ਹੈ। ਨਾਲ ਹੀ ਉਹ ਕਹਿੰਦੇ ਹਨ ਕਿ 'ਇਸ ਕਾਵਿ ਰਚਨਾਂ ਦੀ ਖੂਬੀ ਇਹ ਹੈ ਕਿ ਇਹ ਪਾਠਕ ਨੂੰ ਉਂਗਲੀ ਫੜ ਕੇ "ਮੈਂ" ਤੋਂ ਸ਼ੁਰੂ ਕਰ ਕੇ "ਤੂੰ" ਤੱਕ ਪਹੁੰਚਾ ਦਿੰਦੀ ਹੈ। ਇਸੇ ਪੁਸਤਕ ਦੀ ਭੂਮਿਕਾ ਵਿਚ ਪ੍ਰਸਿੱਧ ਗ਼ਜ਼ਲਗੋ ਅਤੇ ਪੰਜਾਬੀ ਸਾਹਿਤ ਦੇ ਉੱਘੇ ਵਿਦਵਾਨ ਪ੍ਰੋ. ਕਰਤਾਰ ਸਿੰਘ ਕਾਲੜਾ ਲਿਖਦੇ ਹਨ "ਸਾਈਂ ਨਾਲ ਮੇਲ ਹੀ ਅੰਤਿਮ ਲਕਸ਼ ਹੈ-ਧਰਮ ਦਾ ਵੀ ਤੇ ਮਨੁੱਖੀ ਜੀਵਨ ਦਾ ਵੀ. ਇਸੇ ਲਕਸ਼ ਦੀ ਤਾਂਘ ਹੈ ਕਵੀ ਤਰਸ ਦੀ ਸਮੁੱਚੀ ਰਚਨਾ ਵਿਚ, ਸਿਮਰਨ, ਜਾਪ, ਨਾਮ, ਅਭਿਆਸ ਇਸ ਦਾ ਇਕ ਮਾਤਰ ਸਾਧਨ ਹੈ...

ਇਸ ਪੁਸਤਕ ਵਿਚ ੧,੨,੩ ਦੇ ਸਿਰਲੇਖਾਂ ਹੇਠ ੯੩

ਕਵਿਤਾਵਾਂ ਹਨ। ਗ਼ਜ਼ਲ ਦੇ ਸ਼ੇਅਰਾਂ ਵਾਂਗ ਭਾਵੇਂ ਸਾਰੇ ਸ਼ੇਅਰ ਸੁਤੰਤਰ ਤਾਂ ਨਹੀਂ ਅੰਤਰ ਸਬੰਧਿਤ ਜ਼ਰੂਰ ਹਨ। ਵਿਸ਼ਾ ਉਹੀ ਪਹਿਲੀਆਂ ਪੁਸਤਕਾਂ ਵਾਲਾ ਸਿੱਖ ਦਾਰਸ਼ਨਿਕ ਰੰਗਣ ਵਾਲਾ ਹੈ। ਜੀਵਨ ਦੇ ਲਕਸ਼ ਨੂੰ ਸਮਝਣਾ ਅਤੇ ਉਸ ਦੇ ਅਨੁਰੂਪ ਹੁਕਮ, ਰਜ਼ਾ, ਭਾਣੇ ਵਿਚ ਨਿਰੰਤਰ ਤੁਰੇ ਰਹਿਣਾ ਕਿਉਂ ਕੁ—

"ਤੁਰੇ ਜਾਣਾ ਰਾਹੀ,
ਇਹ ਆਖ ਗਏ ਸਿਆਣੇ,
ਰੁਕ ਗਏਤਾਂ ਜਿੰਦੜੀ ਵਿਚ,
ਕਾਲਾ ਅੰਧਾਰ ਆ ਜਾਏ।"[14]

ਬ੍ਰਹਿਮੰਡੀ ਤੋਰ ਨੂੰ ਇਕ ਵਿਧੀ ਵਿਧਾਨ ਵਿਚ ਬੱਝੀ ਦੱਸ ਕੇ ਸਾਡਾ ਕਵੀ ਕਹਿਦਾ ਹੈ :-

"ਇਹ ਦਿਨ ਚੜ੍ਹ ਰਿਹਾ ਹੈ, ਔਹ ਰਾਤ ਜਾ ਰਹੀ ਹੈ:
ਇਹ ਕਿਰਨਾਂ ਦਾ ਖਲਾਰਾ, ਸਭ ਕੁਝ ਹੈ ਤੇਰੇ ਕਰਕੇ।[15]

ਕਵੀ ਦੀ ਉਮਰ ਭਾਵੇਂ ਡੰਗੋਰੀ ਫੜਨ ਵਾਲੀ ਹੋ ਗਈ ਹੈ ਪਰ ਉਸ ਦੀ ਚੇਤਨਾ ਜੁਆਨ ਹੈ ਇਸੇ ਲਈ ਉਹ ਕਹਿ ਉਠਦਾ ਹੈ:

"ਇਹ ਕਾਨਿਆਂ ਦੀ ਕੁੱਲੀ, ਹੋ ਸੋਨ ਰੰਗੀ ਦਮਕੀ;
ਜਦ ਤੋਂ ਹੋਇਆ ਏਥੇ, ਪ੍ਰੀਤਮ ਉਤਾਰਾ ਤੇਰਾ।[16]

ਕਵੀ ਲਈ ਸੱਚੀ ਕਾਰ ਕਮਾਉਣ ਵਾਲੇ ਲੋਕ ਹੀ ਹਮੇਸ਼ਾਂ ਸੁੱਚੇ ਰਹਿ ਸਕਦੇ ਹਨ ਅਤੇ ਆਪਣੇ ਤੋਂ ਵਾਧੂ ਧਨ ਪਦਾਰਥ ਨੂੰ ਵੰਡ ਛਕਣਾ, ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦੀ ਇਕ ਨਿਸ਼ਾਨੀ ਮਾਲੂਮ ਹੁੰਦਾ ਹੈ:

"ਸੁਬਾਹ ਸ਼ਾਮ ਉਹ ਸੁੱਚਮ ਰਹਿੰਦੇ,
ਜੋ ਸੱਚੀ ਕਾਰ, ਕਮਾਂਦੇ,
ਸਭ ਤੋਂ ਉਤਮ ਸੇਵ ਤੋਂ ਸੇਵਾ,
ਜੋ ਵਾਧੂ ਵੰਡ ਖਾਣਾ।
ਇਸ ਤੋਂ ਉੱਤਮ ਉਹ ਪਦ ਪਾਂਦੇ,
ਜੋ ਦੂਸਰਿਆਂ ਲਈ ਜੀਂਦੇ,
ਜੋ ਰਾਹਾਂ ਦੇ ਕੰਡੇ ਚੁਗਦੇ, ਸੁਖਮ ਮਿਲੇ ਵਿਛਾਣਾ"[17]

ਕੁਝ ਅਟੱਲ ਸਚਾਈਆਂ ਵਰਗੇ ਸ਼ੇਅਰ ਇਸ ਰਚਨਾ ਵਿਚ ਥਾਂ ਪਰ ਥਾਂ ਵਿਦਮਾਨ ਹਨ, ਜਿਵੇਂ ਕਿ ਜੰਗ ਭੀ ਜ਼ਰੂਰੀ ਹੈ ਪਰ ਜੰਗ ਅਮਨ ਦਾ ਬਦਲ ਨਹੀਂ ਹੋ ਸਕਦਾ ਤੇ ਜਿਊਂਦੇ ਰਹਿਣ ਲਈ ਭੋਜਨ ਲੈਨਾ ਜ਼ਰੂਰੀ ਹੈ ਤਾਂ ਹੀ ਸਾਡੇ ਭਗਤਾਂ ਨੇ ਕਿਹਾ ਸੀ ਕਿ ਤੇਰੀ ਭਗਤੀ ਭੁੱਖੇ ਪੇਟ ਨਹੀਂ ਹੋ ਸਕਦੀ:

"ਸਮਾਂ ਭੀ ਇਕ ਸ਼ਮਸ਼ੀਰ ਹੈ,
ਜੁਝਣਾ ਇਹਦੀ ਤਾਸੀਰ ਹੈ
ਫਿਰ ਭੀ ਸੀਤ ਜਲ ਦੇ ਵਹਿਣ ਦਾ,
ਫੁਹਾਰ ਕਰਨਾ ਧਰਮ ਹੈ।
ਜਦ ਤੱਕ ਹੈ ਜੀਣਾ ਜਿੰਦ ਨੇ,
ਆਹਾਰ ਕਰਨਾ ਧਰਮ ਹੈ।
ਪ੍ਰਭ ਜੀ! ਤੇਰੀ ਹੋਂਦ ਦਾ,
ਇਜ਼ਹਾਰ ਕਰਨਾ ਧਰਮ ਹੈ।"[18]

ਮਲੇਰਕੋਟਲੇ ਦੇ ਰੱਕੜ ਵਿਚ ੧੭-੧੮ ਜਨਵਰੀ ੧੮੭੨ ਈ. ਨੂੰ ਸ਼ਹੀਦ ਹੋਣ ਵਾਲੇ ਦੇਸ਼ ਰੱਖਿਅਕ ਨਾਮਧਾਰੀ ਮਸਤਾਨਿਆਂ ਬਾਰੇ ਭਾਈ ਹੀਰਾ ਸਿੰਘ ਜਥੇਦਾਰ, ਵਰਿਆਮ ਸਿੰਘ ਮਰਾਜ ਅਤੇ ਬਾਲ ਬਿਸ਼ਨ ਸਿੰਘ ਦੀਆਂ ਅਪੂਰਵ-ਬਲੀਦਾਨ ਵਾਲੀਆਂ ਸ਼ਹੀਦੀਆਂ ਦੇ ਕਲਮੀਚਿੱਤਰ ਇਉਂ ਖਿੱਚੇ ਹਨ:

"ਰੱਕੜ ਵਿਚ ਬਿਜਲੀ ਕੜਕ ਰਹੀ,
ਕਿਤੇ ਸੀਨੇ ਜ਼ਿੰਦੜੀ ਧੜਕ ਰਹੀ,
ਕੀ ਇਸ਼ਕ ਹੁੰਦਾ ਪਰਵਾਨੇ ਦਾ,
ਇਨ੍ਹਾਂ ਲਾਟਾਂ ਨੂੰ ਸਮਝਾ ਕੇ ਆਈਏ।

....

ਇਥੇ ਚੱਲਦਾ ਹੁਕਮ ਸੱਚਾਈ ਦਾ,
ਪ੍ਰਭ ਜੀ ਨਾਲ ਜੋਤ ਸਮਾਈ ਦਾ:
ਹੀਰਾ ਸਿੰਘ ਭਗਵਾਨ ਖੜ੍ਹੇ-
ਰਥ ਚੋਂ ਆ ਦਰਸ ਕਰਾ ਕੇ ਆਈਏ।
ਉਹਦੇ ਜੱਗ ਤੋਂ ਨਾਤੇ ਤੁੜ ਜਾਂਦੇ,
ਜੋ ਨਾਲ ਪ੍ਰਿਯਾ ਦੇ ਜੁੜ ਜਾਂਦੇ,
ਢੀਆਂ ਤੇ ਖੜੇ ਇਕ ਲਾੜੇ ਦੀ,
ਕਰ ਆਖਰੀ ਰਸਮ ਅਦਾ ਕੇ ਆਈਏ।
ਕੋਈ ਬਾਲ ਨਹੀਂ ਭਗਵਾਨ ਸਭੇ,
ਸਤਿਗੁਰ ਦਾ ਵਰਦਾਨ ਸਭੇ,
ਆ ਜ਼ੁਲਮ ਦੀ ਇਕ ਸ਼ਮਸ਼ੀਰ ਹੱਥੋਂ,
ਬਾਲਕ ਦੀ ਬਲੀ ਚੜ੍ਹਾ ਕੇ ਆਈਏ॥"[19]

ਕਵੀ ਦੀ ੧੯੭੦ ਈ. ਤੋਂ ਪਹਿਲਾਂ ਦੀ ਅਤੇ ਕੁਝ ਬਾਅਦ ਦੀ ਕਵਿਤਾ 'ਸੋਹਲੜੇ' ਪੁਸਤਕ ਵਿਚ ਉਪਲਬਧ ਹੈ। ਇਸ ਦੇ ਆਦਿ-ਕਥਨ ਵਿਚ ਵੀ ਕਸੇਲ ਸਾਹਿਬ ਲਿਖਦੇ ਹਨ, "ਸੋਹਿਲਾ ਕਾਵਿ ਰੂਪ ਪੰਜਾਬੀ ਦੇ ਸ਼ਾਸਤਰੀ ਕਾਵਿ ਦਾ ਹੀ ਪ੍ਰਵਾਨਿਤ ਸਰੂਪ ਹੈ। ਵੀਹਵੀਂ ਸਦੀ ਵਿਚ ਪੰਜਾਬੀ ਦੀ ਆਧੁਨਿਕ ਕਵਿਤਾ ਦਾ ਜਨਮ ਹੋਇਆ। ਇਸ ਦੀ ਇਕ ਵਿਸ਼ੇਸ਼ ਕਾਵਿ-ਧਾਰਾ ਨਵ-ਅਧਿਆਤਮਕ ਜਾਂ ਨਵ-ਰਹੱਸਵਾਦੀ ਕਵਿਤਾ ਸੀ। ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਵਰਗੇ ਮਹਾਨ ਕਵੀਆਂ ਨੇ, ਇਸ ਨਵ. ਰਹੱਸਵਾਦੀ ਕਵਿਤਾ ਦੀ ਨੀਂਹ ਰੱਖੀ, ਜਿਸ ਦੀ ਪ੍ਰਕਿਰਤੀ ਸਨਾਤਨੀ

ਅਧਿਆਤਮਵਾਦੀ ਕਵਿਤਾ ਤੋਂ ਵੱਖਰੀ ਸੀ। ਭਾਵੇਂ ਅਧਿਆਤਮਵਾਦ, ਵੀਹਵੀਂ ਸਦੀ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਖ ਵਿਸ਼ਾ ਨਹੀਂ ਸੀ ਰਿਹਾ, ਫਿਰ ਵੀ ਇਸ ਦੀ ਪਰੰਪਰਾ ਪਿਛਲੀ ਸਦੀ ਦੀ ਕਵਿਤਾ ਵਿਚ ਨਿਰੰਤਰ ਜਾਰੀ ਰਹੀ। ਵੀਹਵੀਂ ਸਦੀ ਦੇ ਉਤਰਾਧ ਵਿਚ ਪ੍ਰੀਤਮ ਸਿੰਘ ਸਫੀਰ ਤੇ ਜਸਵੰਤ ਸਿੰਘ ਨੇਕੀ, ਅਧਿਆਤਮਕ ਕਾਵਿ-ਧਾਰਾ ਦੇ ਨਵ-ਰਹੱਸਵਾਦੀ ਸਿਰਮੌਰ ਕਵੀ ਹਨ। ੧੯੯੧ ਵਿਚ ਪ੍ਰਕਾਸ਼ਿਤ ਜਸਵੰਤ ਸਿੰਘ ਨੇਕੀ ਨੇ ਆਪਣੇ ਇਕ ਕਾਵਿ-ਸੰਗ੍ਰਹਿ ਦਾ ਨਾਮ "ਗੀਤ ਮੇਰਾ ਸੋਹਿਲਾ ਤੇਰਾ" ਰੱਖਿਆ। ਸਾਡੇ ਵਰਤਮਾਨ ਕਵੀ ਸੰਤ ਦਲਬੀਰ ਸਿੰਘ ਤਰਸ ਦਾ 'ਸੋਹਿਲੜੇ' ਨਾਮ ਦਾ ਇਹ ਕਾਵਿ ਸੰਗ੍ਰਹਿ ਪੰਜਾਬੀ ਦੀ ਇਸ ਨਵ-ਅਧਿਆਤਮਵਾਦੀ ਪਰੰਪਰਾ ਦਾ ਹੀ ਅਗਲਾ ਵਿਸਥਾਰ ਹੈ।

"ਸੰਤ ਦਲਬੀਰ ਸਿੰਘ ਤਰਸ ਨੇ ਵੀ ਇਸ 'ਸੋਹਿਲੜੇ' ਨਾਮ ਦੇ ਕਾਵਿ-ਸੰਗ੍ਰਹਿ ਵਿਚ ਕਿਸੇ ਪ੍ਰਭੁਤਾਵਾਨ ਸੰਸਾਰੀ ਮਨੁੱਖ ਦੇ ਸੋਹਿਲੇ ਨਹੀਂ ਗਾਏ, ਸਗੋਂ ਅਗਮ ਅਗੋਚਰ ਪ੍ਰਭੂ ਪ੍ਰੀਤਮ ਤੇ ਇਸ ਧਰਤੀ ਉਤੇ ਉੱਸ ਦੇ ਸਾਕਾਰ ਸਰਗੁਣ ਸਰੂਪ ਸਤਿਗੁਰੂ ਦੇ ਸਤੋਤਰ ਰਚੇ ਹਨ।"

ਪਰ ਸਾਡਾ ਕਵੀ ਸਮਕਾਲੀ ਯਥਾਰਥ ਤੋਂ ਪਾਸਾ ਵੱਟ ਕੇ ਲੰਘਣ ਵਾਲਾ ਨਹੀਂ ਉਸ ਨੂੰ ਪਤਾ ਹੈ ਕਿ ਮਾਇਆਵਾਦੀ ਨਜ਼ਾਮ ਵਿਚ ਹੱਕ ਮੰਗਣ ਵਾਲਿਆਂ ਤੇ ਸੱਤਾ ਕਹਿਰ ਬਰਸਾਉਂਦੀ ਹੈ ਅਤੇ ਵਿਗਿਆਨ ਜੇ ਇਨ੍ਹਾਂ ਖੂੰਖਾਰ ਰਾਕਸ਼ਾਂ ਦੇ ਹਵਾਲੇ ਹੋ ਗਈ ਤਾਂ 'ਹੀਰੋਸ਼ਿਮਾ' ਅਤੇ 'ਨਾਗਾਸਾਕੀ' ਹੀ ਦੁਹਰਾਏ ਜਾਣਗੇ:

"ਸੌਂ ਗਏ ਅੱਜ ਨਿਰਾਸ਼ ਦੀ ਮੰਜੀ ਰੋ ਰੋ ਜੀਵ ਨਿਮਾਣੇ;
ਨਾਲ ਗੋਲੀਆਂ ਭੁੰਨੇ ਜਾਂਦੇ ਜਾ ਮੰਗੇ ਇਨ੍ਹਾਂ ਦਾਣੇ;
ਜਗਤ ਜਲੰਦਾ ਰਾਖਣਹਾਰੇ ਸੀਤਲਤਾ ਵਰਸਾਓ।

....

ਪੀ ਕੇ ਖੂਨ ਡਕਾਰ ਨਾ ਲੈਂਦੇ ਮਨੁੱਖਤਾ ਦੇ ਰਖਵਾਲੇ;
ਬੇ ਬੱਸ ਹੋ ਵਿਗਿਆਨ ਦੀ ਡੋਰੀ ਦੈਂਤਾਂ ਹੋਈ ਹਵਾਲੇ;
ਹੜ੍ਹੇ ਜਾਣ ਪਰਮਾਰਥ ਸ਼ਾਸਤ ਬੰਧ ਬਣੋ ਬਣ ਆਓ।"[20]

ਆਪਣੇ ਇਸ਼ਟ-ਸੱਜਣ ਦੇ ਦਰਸ਼ਨਾਂ ਤੋਂ ਬਿਨਾਂ ਉਸ ਨੂੰ ਕਰਮਕਾਂਡ ਫੋਕਟ ਲਗਦੇ ਹਨ:

"ਤੀਰਥ ਤੱਪ ਇਹ ਜੱਗ ਇਸ਼ਨਾਨਾ, ਭਰਮਣ ਫਾਥੀ ਫਿਰੇ ਲੁਕਾਈ।

ਨਾ ਕੋਈ ਸੋਧ ਸੱਜਨ ਵੱਲ ਜਾਏ, ਨਾ ਮਲ ਲਾਥੇ ਸੁੱਚ ਨਾ ਪਾਈ।

ਸੁਣਦੀ ਰਹੁ ਧਰ ਨੀਝ ਟਿਕਾ ਕੇ, ਕੋਈ ਗੀਤ ਸੱਜਣ ਜੀ ਗਾਵਣਗੇ।"[21]

ਕਵੀ ਦੀ ਡੂੰਘੀ ਕਾਵਿਕ ਅਨੁਭੂਤੀ ਦਾ ਇਹ ਕਮਾਲ ਹੈ ਕਿ ਮਲੇਰਕੋਟਲੇ ਦੇ ਰੱਕੜ ਵਿਚ ਜਦੋਂ ਕੂਕੇ ਸਿੰਘ ਬਰਤਾਨਵੀ ਬਸਤੀਵਾਦੀ ਤੋਪਾਂ ਦੁਆਰਾ ਉਡਾਏ ਜਾ ਰਹੇ ਹਨ ਤਾਂ ਕਵੀ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਤਾਂ ਸਤਿਗੁਰੂ ਰਾਮ ਸਿੰਘ ਆਪ ਹੀ ਉਡ ਰਹੇ ਹਨ:

"ਪਾਟ ਗਿਆ ਅੰਬਰ ਦਾ ਸੀਨਾ
ਬੁੱਦੀ ਭਾਰਤ ਮਾਂ ਦਾ ਹਿਰਦਾ
ਸੱਚ ਖੰਡ ਨਾਲ ਜੁੜਿਆ
ਜਾਂ ਉਸ ਤੱਕਿਆ
ਵਰਿਆਮ ਬੱਚੜਾ
ਮੋੜਿਆ ਨਾ ਜੋ ਮੁੜਿਆ
ਬਾਹਣ-ਵੀਆਂ ਸੇਜ ਬਣਾਈ
ਨਾਲ ਮੌਤ ਦੇ ਜੁੜਿਆ
'ਅਕਾਲ ਪ੍ਰਭੂ ਤੇਰੀ ਸਰਨਾਈ'
ਵੀਤਾ ਵੀਤਾ ਹੋ ਕੇ ਰਾਮ ਸਿੰਘ
ਇਸ ਰੱਕੜ ਵਿਚ ਉੜਿਆ

ਤੇ ਅਗਲੀ ਤੁਕ ਵਿਚ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਦੇ ਮਾਰਮਿਕ ਦ੍ਰਿਸ਼ ਨੂੰ "ਮਮਤਾ ਰੰਗੀ ਭਰੀ ਭਰਾਈ ਗਾਗਰ ਦੇ ਖਾਲੀ ਹੋ ਜਾਣ" ਦੇ ਬਿੰਬ ਨਾਲ ਜੋੜਿਆ ਹੈ:

"ਇਸੇ ਰੁੱਖ ਦੀ ਛਾਵੇਂ ਬਹਿ ਬਹਿ ਕੇ
ਡਾਈਆਂ ਵਿਚ ਡੂੰਘਾਣਾ ਲਹਿ ਕੇ
ਕਈ ਵੇਰ ਅਸੀਂ ਤੱਕਿਆ ਪ੍ਰੀਤਮ
ਇਕ ਗੱਡ ਤੇ ਚੜ੍ਹਿਆ
ਕਾਲੀ ਕੰਬਲੀ ਉਹੜੀ
ਮਮਤਾ ਰੰਗੀ
ਭਰੀ ਭਰਾਈ
ਮੂੰਹ ਮੂੰਹ ਗਾਗਰ
ਖਿਨਾਂ ਪਲਾਂ ਵਿਚ ਰੁਹੜੀ"[22]

ਲੰਮੀ ਸਰੋਦੀ ਕਵਿਤਾ 'ਯੁੱਧਮ' ਵਿਚ ਤਰਸ ਪਹਿਲਾਂ ਤਾਂ ਕ੍ਰਿਸ਼ਨ-ਅਰਜਨ ਸੰਵਾਦ ਦੁਆਰਾ ਅਰਜਨ ਨੂੰ ਯੁੱਧ ਲਈ ਤਿਆਰ ਕਰਦਾ ਹੈ ਕੌਰਵਾਂ ਦੇ ਖਿਲਾਫ ਫਿਰ ਸਤਿਗੁਰੂ ਰਾਮ ਸਿੰਘ ਜੀ ਨੂੰ ਗੋਰਾਸ਼ਾਹੀ ਵਿਰੁਧ ਜੂਝਦੇ ਵਿਖਾ ਕੇ ਇਹ ਦੱਸਿਆ ਹੈ ਕਿ ਅੱਜ ਵੀ 'ਅਰਜਨ' ਸੱਚ ਦੀ ਅੰਤਿਮ ਵਿਜੈ ਲਈ ਲਗਾਤਾਰ ਸੰਘਰਸ਼ਸ਼ੀਲ ਹੈ ਅਤੇ ਸਾਡੇ ਕਵੀ ਨੂੰ ਸੱਚ ਦੀ ਫਤਹਿ ਵਿਚ ਅਡੋਲ ਭਰੋਸਾ ਹੈ।

"ਪਾਰਥ ਉੱਠੋ! ਧਨੁਸ਼ ਉਠਾਓ;
ਯੁੱਧ ਕਰੋ ਤੇ ਧਰਮ ਨਿਭਾਓ।

ਹਾਰ ਜੀਤ ਨਾ ਕਰੋ ਕਹਾਣੀ
ਨਾ ਤੋਰੋ ਇਹ ਬਾਤ ਨਦਾਨੀ।
ਯੁੱਧ ਤੇਰਾ ਤੇ ਬਾਣ ਇਹ ਤੇਰੇ
ਪਰਨਾਮ ਯੁੱਧ ਦਾ ਹੱਥ ਨਾ ਤੇਰੇ

....

"ਅੱਜ ਦਾ ਯੁੱਧ ਬੜਾ ਬਚਿੱਤਰ
ਮੁਰਾਰ ਨਹੀਂ ਕਰਤਾਰ ਖੜ੍ਹੇ ਨੇ।
ਗੋਰਾ ਸ਼ਾਹੀ ਸੀਨੇ ਵੱਜੀ
ਤੱਕ ਚੀਨੀ ਅਸਵਾਰ ਖੜ੍ਹੇ ਨੇ।
ਅੱਜ ਭੀ ਅਮਰ ਆਤਮਾ ਅਰਜਨ
ਬਾਣੋਂ ਬਾਣ ਵਹਾਈ ਜਾਂਦਾ।
ਵਿਜੈ ਸੱਤ ਦੀ ਹੋ ਕੇ ਰਹਿਣੀ
ਕਿੰਨੀ ਯੁੱਧ ਦੀ ਹੋਏ ਲੰਬਾਈ।

....

ਝੂਠੇ ਇਹ ਆਕਾਰ ਨਾ ਰਹਿਣੇ
ਇਹ ਦਿਹ ਮੁੱਕੇ ਤਾਂ ਮੁੱਕ ਜਾਏ
ਜੀਵਨ ਦਾ ਇਹ ਅੰਤ ਨਹੀਂ ਹੈ
ਸੱਚ ਪਸਾਰਾ ਹੋ ਕੇ ਰਹਿਸੀ
ਅਰਜਨ ਇਹ ਅਜ਼ਮਾਈ ਜਾਂਦਾ।"[੨੩]

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ ਨਿਕਾਲੇ ਤੋਂ ਬਾਅਦ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਆਪ ਦੇ ਅਨੁਜ ਭ੍ਰਾਤਾ ਸ੍ਰੀ ਗੁਰੂ ਹਰੀ ਸਿੰਘ ਜੀ ਤੇ ਆ ਗਈ। ਅੰਗ੍ਰੇਜ਼ ਸਰਕਾਰ ਤਾਲ ਠੋਕ ਕੇ ਪੁੱਛ ਰਹੀ ਸੀ ਹੁਣ ਹੈ ਹਿੰਮਤ ਕਿਸੇ ਵਿਚ ਜੋ ਸਾਡੀ ਮਾਰ ਸਹਿਣ ਲਈ ਤਿਆਰ ਹੋਵੇ ? ਧੀਰ, ਸ਼ਾਂਤ, ਗੰਭੀਰ, ਖਿਮਾਂ, ਸੱਚ, ਨਿਆਂ ਅਤੇ ਮਹਾਨ ਸਿਦਕ ਦੀ ਮੂਰਤੀ ਸਨ ਗੁਰੂ ਹਰੀ ਸਿੰਘ। ਕਵੀ ਤਰਸ ਆਪਣੇ ਸ਼ਬਦਾਂ ਵਿਚ ਉਸ ਮਹਾਨ ਸ਼ਖਸੀਅਤ ਦਾ ਰੇਖਾ ਚਿੱਤਰ ਇਉਂ ਉਲੀਕਦਾ ਹੈ।

"ਲੈ ਗਈ ਗੱਡ ਚੂਹਾਂ ਤੋਂ ਬਾਹਰ
ਸਿੱਖ ਸਭਿਅਤਾ ਦਾ ਇਹ ਚਾਨਣ
ਹਿੰਦ ਦੀ ਗੋਦ ਦਾ ਫ਼ਖ਼ਰ ਹੈ ਇਹ
ਮਟਕ ਰਹੀ ਸਰਕਾਰ
ਗੁਰੂ ਰਾਮ ਸਿੰਘ ਦੇ ਹੁਣ ਪਿੱਛੋਂ
ਕੌਣ ਸਹੇਗਾ ਸਾਡੀ ਮਾਰ

....

"ਤੁੰਨ ਤੁੰਨ ਜੇਹਲਾਂ ਭਰੀਆਂ ਗਈਆਂ
ਕਾਲਖ ਵਰਗਾ ਕਾਰਨ ਜਿਸਦਾ
ਇਥੇ ਧਰਮ ਇਨ੍ਹਾਂ ਦਾ ਕੋਹੀਏ
ਇਥੇ ਰਹਿਤ ਇਨ੍ਹਾਂ ਦੀ ਲੁੱਟੀਏ
ਇਥੇ ਜ਼ਹਿਰ ਸੇਧ ਤੇ ਮਲੀਏ
ਦੇਖ ਲਵਾਂਗੇ ਕੀ ਕੁਝ ਕਰਦਾ
ਗੁਰੂ ਚੀਨੀ ਅਸਵਾਰ।

....

"ਗੁਰੂ ਧਾਮ ਤੇ ਲੱਗਿਆ ਪਹਿਰਾ
ਟੋਪਾਂ ਵਾਲੇ ਕਰਨ ਪਰੇਟਾਂ
ਜੁੜ ਸਿੰਘਾਂ ਨੂੰ ਬਹਿਣ ਨਹੀਂ ਦੇਣਾ
ਦਿਲਬਰ ਨੂੰ ਦੁੱਖ ਕਹਿਣ ਨਹੀਂ ਦੇਣਾ

....

"ਇਸ ਮੱਸਿਆ ਦੀ ਕਾਲੀ ਰੁੱਤੇ
ਜਦੋਂ ਅਨ੍ਹੇਰੀ ਛਾਈ ਉੱਤੇ
ਜਦੋਂ ਧਰਮ ਦੀ ਹੁੰਦੀ ਮਿਣਤੀ
ਜਦੋਂ ਜਬਰ ਦੀਆਂ ਪੈਣ ਜਰੀਬਾਂ
ਇਕ ਸੀ ਜੋਤ ਇਲਾਹੀ ਬੈਠੀ।
ਆਪਣਾ ਤਾਣ ਲੜਾਈ ਜਾਂਦੀ।
ਹਰਦਮ ਤਾਰ ਸਿੰਘਾਂ ਨਾ ਜੋੜੀ
ਮਾਲ ਅਮੋਲ ਪੁਜਾਈ ਜਾਂਦੀ
ਹਰ ਦਾ ਦੁੱਖ ਕਲੇਜੇ ਸਹਿ ਕੇ
ਹਰ ਕੇ ਅੰਦਰ ਆਪਾ ਤਹਿ ਕੇ
ਹਰ ਇਕ ਪੀੜ 'ਉਸੇ' ਦੀ ਕਹਿ ਕੇ
ਲੜੀ ਨਾਮ ਦੀ ਆਪੂੰ ਲਾ ਕੇ
ਪਰਮਾਰਥ ਦੀ ਬੁੱਕਲ ਦੇ ਵਿਚ
ਗੁਰੂ ਵੀਰ ਦੀ ਜੋਤ ਜਗੰਦੀ
ਨੇਤਰ ਰਹੇ ਫੁਹਾਰ

ਵਿਚਰ ਰਹੇ ਸੰਸਾਰ
ਗੁਰੂ ਹਰੀ ਅਵਤਾਰ"[੨੪]

ਸ੍ਰੀ ਜੀਵਨ ਨਗਰ ਵਿਚ ਸਤਿਜੁਗ ਦਾ ਸੰਪਾਦਕ ਬਣ ਕੇ ਕਵੀ ਪ੍ਰੀਤਮ ਸਿੰਘ ਜੀ ੧੯੫੭ ਈ. ਵਿਚ ਆਏ ਸਨ। ਨਾਮਧਾਰੀ ਭਾਈਚਾਰੇ ਲਈ ਉਹ ਬਿਪਤਾ ਦਾ ਸਮਾਂ ਸੀ। ਪੰਜਾਬ ਦੀ ਕੈਰੋਂਸ਼ਾਹੀ ਨਾਲ ਟੱਕਰ ਸੀ। ਚੌਧਰੀ ਦੇਵੀ ਲਾਲ ਅਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਅਜੇ ਆਪੋ ਵਿਚ ਵਿਗੜੀ ਨਹੀਂ ਸੀ। ਦੋਵੇਂ ਮਿਲ ਕੇ ਕੂਕਾ ਪੰਥ ਦਾ ਹਰ ਬਣਦਾ ਕੰਮ ਵਿਗਾੜਨ ਦੇ ਆਹਰ ਵਿਚ ਸਨ। ਕਚਿਹਰੀ ਪੇਸ਼ ਹੋਣਾ ਜਾ ਨਾ ਹੋਣਾ ਇਸੇ ਕਸ਼ਮਕਸ਼ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ। ਦੁੱਖਾਂ ਦੇ ਪਹਾੜ ਟੁੱਟ ਪਏ

ਨਾਮਧਾਰੀਆਂ ਤੇ। ਇਸ ਸਮੇਂ ਸਤਿਜੁਗ ਪਰਚੇ ਦੁਆਰਾ ਢਾਰਸ ਬੰਨਾਉਣ, ਧੀਰਜ ਦੇਣ ਅਤੇ ਸਰਕਾਰ ਵਿਰੁੱਧ ਜੂਝਣ ਦੇ ਸੰਕਲਪ ਨੂੰ ਹੋਰ ਪਕੇਰਾ ਕਰਨ ਦਾ ਕੰਮ ਵੀ ਕਵੀ ਜੀ ਨੇ ਆਪਣੀਆਂ ਲਿਖਤਾਂ ਅਤੇ ਸਤਿਜੁਗ ਦੇ ਵਿਸ਼ੇਸ਼ ਅੰਕਾਂ, ਗੁਰੂ ਹਰੀ ਸਿੰਘ ਅੰਕ, ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਅੰਕ, ਬਸੰਤ ਅੰਕ ਆਦਿ ਦੁਆਰਾ ਕਵੀ ਜੀ ਨੇ ਕੀਤਾ। ਨਵੀਆਂ ਕਲਮਾਂ ਤਰਸ, ਵਿਰਕ ਜਿਹਾਂ ਨੂੰ ਉਤਸ਼ਾਹਿਤ ਕਰਕੇ ਮਾਂਜਿਆ ਸੁਆਰਿਆ। ਆਪਣੇ ਉਸਤਾਦ ਨੂੰ ਕਵੀ ਤਰਸ ਦੀ ਭਾਵਪੂਰਤ ਸ਼ਰਧਾਂਜਲੀ:

"ਜੀਵਨ ਨਗਰ ਦੇ ਜੀਵਨ ਦੇ ਵਿਚ
'ਕਵੀ' ਬਣ ਨਵਜੀਵਨ ਆਇਆ
ਮਾਰੂਥਲ ਇਹ ਧਰਤ ਜਗਾਈ
ਨਵੀਆਂ ਛੂਹਾਂ ਨਵ-ਉਮੰਗਾਂ
ਇੱਕ ਮਧਰ ਪੁਸ਼ਪ ਮਹਿਕਾਇਆ।

ਗੂੰਜਣ ਲੱਗੀਆਂ ਖੁਸ਼ਕ ਫਿਜ਼ਾਂ ਵਿਚ
ਅੰਮ੍ਰਿਤ ਭਿੰਨੀਆਂ ਵਾਰਾਂ
ਨੇੜੇ ਨੇੜ ਦਿਆਂ ਦੇਸਾਂ ਵਿਚੋਂ
ਦੂਰ ਦਿਆਂ ਪ੍ਰਦੇਸਾਂ ਵਿੱਚੋਂ,
ਸਭੇ ਜੁੜੀਆਂ ਏਥੇ ਤਾਰਾਂ।

ਖੀਵੀ ਖੁਸ਼ਬੋ ਧਰਤੋਂ ਉੱਠੀ,
ਸ਼ੀਤਲਤਾ ਆਕਾਸ਼ ਤੋਂ ਉੱਠੀ।
ਬਸੰਤ ਦਿਆਂ ਫੁੱਲਾਂ 'ਚੋਂ ਉੱਠੀ,
ਗੁਰੂ ਹਰੀ ਤੇ ਸ੍ਰੀ ਸਿਮਰਤੀ
ਸਤਿਜੁਗ ਦੇ ਪ੍ਰਕਾਸ਼ 'ਚੋਂ ਉੱਠੀ।

ਸੱਚ-ਸੁੱਚ ਤੇ ਸੁੰਦਰ ਸਾਹਿਤ
ਕਵੀ ਜੀਆਂ ਇਕ ਬੂਟਾ ਲਾਇਆ।
ਰੰਗ ਰੰਗਾਂ ਦੇ ਪੰਛੀ ਚਹਿਕੇ
ਵੰਨ ਸੁਵੰਨੀਆਂ ਛੇੜ ਤਰੰਗਾਂ
ਦੇਸ ਸਾਰੇ ਨੂੰ ਆ ਗਰਮਾਇਆ।"[25]

ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਬਿਰਾਜਮਾਨ ਹੋਏ। ਉਨ੍ਹਾਂ ਦੇ ਛੋਟੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਨੇ ਸਿੱਖ ਸੇਵਕ ਦੀ ਨਿਆਈਂ ਭਰਾਤਾ ਸਤਿਗੁਰੂ ਦੇ ਚਰਨਾਂ ਦਾ ਸਾਥ ਮਾਣਿਆ ਅਤੇ ਇਨ੍ਹਾਂ ਦੋ ਵੀਰਾਂ ਦੇ ਮਿੱਤਰ ਪਿਆਰਿਆਂ ਦੇ ਸਾਥੀਆਂ ਦੇ ਸਖੇ ਸੁਹੇਲਿਆਂ ਦਾ ਸਾਥ ਕਵੀ ਜੀ ਮਾਣ ਰਹੇ ਸਨ:

"ਇਕ ਵੀਰ ਸੇਵਕ ਕੀ ਨਿਆਈ
ਵੀਰ ਵਡੇਰਾ ਸਤਿਗੁਰੂ ਪਿਆਰਾ
ਦੋਵਾਂ ਦਾ ਇਹੋ ਧੁਰੋਂ ਪਛਾਤਾ
ਦੋਵਾਂ ਸੰਗ ਮਿੱਤਰਤਾ ਨਾਤਾ
ਦੋਵਾਂ ਦਾ ਇਸ ਮਾਹੋਂ ਪਸਾਰਾ।[26]

ਤੇ ਅੰਤਿਮ ਪੰਕਤੀਆਂ ਵਿਚ ਕਵੀ ਜੀ ਦੇ ਸਫਲ ਜੀਵਨ ਤੇ ਤਰਸ ਹੋਰਾਂ ਕਾਵਿ-ਮੋਹਰ ਲਾ ਦਿੱਤੀ ਹੈ।

ਛੱਡ ਜਾਂਦੇ ਜੋ ਯਾਦਾਂ ਪਿੱਛੇ
ਆਵਣ ਸਫਲਾ ਕਰ ਜਾਂਦੇ ਨੇ।
ਇਹ ਦਿਹੁਰੀ ਹੈ ਕਾਠ ਦੀ ਬੇੜੀ
ਕਦੇ ਛੇਕ ਜੋ ਪੈਣ ਨਾ ਦਿੰਦੇ।
ਭਵ ਸਾਗਰ ਸਭ ਤਰ ਜਾਂਦੇ ਨੇ।"[27]

'ਕਵਿਤਾ ਕੁੰਦਨ' ਵਿਚ ਤਰਸ ਆਪਣੇ ਪੋਤਰੇ ਕੁੰਦਨ ਨੂੰ ਮੁਖਾਤਿਬ ਹੋ ਕੇ ਉਸ ਨੂੰ ਉਸ ਦੇ ਪੁਰਖਿਆਂ ਅਤੇ ਕੂਕੇ ਬੀਰਾਂ, ਸ਼ਹੀਦਾਂ, ਮਸਤਾਨਿਆਂ ਦਾ ਇਤਿਹਾਸ ਸੁਣਾ ਕੇ ਉਸ ਨੂੰ ਗਰਵਿਤ ਕਰਦਾ ਹੈ ਤਾਂ ਕਿ ਉਹ ਆਪਣੀਆਂ ਜੜ੍ਹਾਂ ਨਾਲ ਸ਼ਿੱਦਤ ਨਾਲ ਜੁੜਿਆ ਰਹੇ।

"ਕੁੰਦਨ ਤੇਰੀਆਂ ਜੜ੍ਹਾਂ ਪਤਾਲੀਂ
ਵੱਡਿਆਂ ਹੋ ਤੂੰ ਜਾਣ ਲਏਂਗਾ
ਉਸ ਮਿੱਟੀ ਦਾ ਬੀਜ ਹੈਂ ਤੂੰ
ਜਿਸ ਮਿੱਟੀ ਵਿਚ ਤੇਰੇ ਵੱਡੇਰੇ
ਲੰਮੀ ਯਾਤਰਾ ਕਰ ਕੇ ਸੁੱਤੇ
ਜੋ ਮਿੱਟੀ ਸੀ ਧੰਨ ਕਹਾਉਂਦੀ
ਗੁਰੂ ਰਾਮ ਦੀਆਂ ਪਾਕੇ ਛੂਹਾਂ
ਹਰ ਸੰਗਰਾਮ ਦਾ ਮੁੱਢ ਇਹ ਨਗਰੀ
ਬਾਰੂਵੇਂ ਬੰਪ ਦਾ ਪਿੰਡ ਜੋ ਭੈਣੀ
ਤੇਰਾ ਪਿੰਡ ਸੀ ਉਸ ਦੀ ਡਿਉੜੀ।"[28]

ਇਸੇ ਪੁਸਤਕ ਵਿਚਲੇ ਕੁਝ ਗੀਤ ਵੀ ਕਵੀ ਨੇ ਬਿਰਹਾ ਦੇ ਰੰਗ ਵਿਚ ਭਿੱਜ ਕੇ ਲਿਖੇ ਹਨ।

"ਜਿੰਦੇ ਨੀ ਸਾਨੂੰ ਗਾਈ ਜਾਣ ਦੇ
ਨਿੱਕੀ ਉਮਰਾ ਦੇ ਲੰਮੇਂ ਲੰਮੇ ਗੀਤ
ਬਿਰਹਾ ਦੀ ਪੀੜ ਬੋਲਦੀ
ਫੇਰਾ ਪੌਣਗੇ ਵਤਨ ਮੇਰੇ ਮੀਤ।"[29]

....

"ਸੁੱਤੇ ਸੁਪਨੇ ਆਈ ਜਗਾਵਣ
ਸੰਘਣੇ ਵਾਂਗੂ ਛਾਵਾਂ
ਬੰਨ੍ਹੇ ਪੋਟਲੀ ਬੁਚਕੀ ਪਾਂਵਾ
ਗੀਤ ਮਿਲੇ ਜੇ ਟਾਵਾਂ

ਚੰਨ ਸੋਹੇਂ ਵਿਰ ਖੁੱਲ੍ਹੇ ਪੋਟਲੀ,
ਰੈਣ ਫਿਰੇ ਸਧਰਾਈ।
ਲੁਹੜਾ ਪਿੱਪਲਾ ਵੇ
ਮੇਰੀ ਪੀਂਘ ਸਿਖਰ ਤੇ ਆਈ
ਝੂਮ ਝੂਮ ਹਾਂ ਪਿੱਪਲਾ ਵੇ
ਮੇਰੀ ਪੀਂਘ ਸਿਖਰ ਤੇ ਆਈ।"[30]

....

ਧੀਰੇ ਨੀ ਖੁਮਾਰੀਏ ਪੰਖੜੀ ਹਲਾ
ਧੀਰੇ ਧੀਰੇ ਅੰਬਰਾ ਵੇ ਤੋਲ
ਧੀਰੇ ਧੀਰੇ ਪੌਣੇ ਸਾਡੀ ਪਾਲਕੀ ਚਲਾ
ਜਾਣਾ ਧੀਰੇ, ਧੀਰੇ ਸੱਜਣਾਂ ਦੇ ਕੋਲ।[31]

ਇਉਂ ਅਸੀਂ ਵੇਖਦੇ ਹਾਂ ਕਿ ਲੱਗਭਗ ਅੱਧੀ ਸਦੀ ਤੋਂ ਸਾਹਿਤ ਸੇਵਾ ਵਿਚ ਜੁਟਿਆ ਦਲਬੀਰ ਸਿੰਘ ਤਰਸ ਪੰਜਾਬੀ ਦਾ ਇਕ ਸਫਲ ਕਵੀ ਸਿੱਧ ਹੁੰਦਾ ਹੈ। ਉਸ ਦੀ ਕਵਿਤਾ ਤੇ ਬੇਸ਼ਕ ਅੰਗ੍ਰੇਜ਼ੀ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ ਅੰਗਿਆ ਜਾ ਸਕਦਾ ਹੈ, ਪਰ ਉਸ ਦੀ ਕਵਿਤਾ ਦਾ ਮੁੱਖ ਸੋਮਾਂ ਗੁਰਬਾਣੀ ਹੈ ਅਤੇ ਗੁਰਬਾਣੀ ਵਿਚੋਂ ਵੀ ਗੁਰੂ ਅਤੇ ਸਿੱਖ ਦੇ ਰਿਸ਼ਤੇ ਨੂੰ ਉਸ ਬੜੀ ਸਜੀਵਤਾ ਨਾਲ ਆਪਣੇ ਕਾਵਿ ਵਿਚ ਰੂਪਮਾਨ ਕੀਤਾ ਹੈ। ਬੈਠਾ ਉਹ ਭਾਵੇਂ ਆਸਟ੍ਰੇਲੀਆ ਵਾਲੀ ਗੋਰਿਆਂ ਦੀ ਧਰਤੀ ਤੇ ਹੈ ਪਰ ਉਸ ਦੇ ਚੇਤਿਆਂ ਵਿਚ ਪੰਜਾਬ ਦੇ ਰੁੱਖ ਬੇਲੇ, ਭੂ ਦ੍ਰਿਸ਼ ਅਤੇ ਇਤਿਹਾਸਕ ਥਾਵਾਂ ਵੱਸਦੀਆਂ ਹਨ। ਆਪਣੇ ਇਤਿਹਾਸ ਨਾਲ ਜੁੜ ਕੇ ਉਸ ਬੜੀਆਂ ਸ਼ਕਤੀਸ਼ਾਲੀ ਕਵਿਤਾਵਾਂ ਲਿਖੀਆਂ ਹਨ। ਉਸ ਦੀ ਕਵਿਤਾ ਸਿੱਧੀ ਸਪਾਟ ਨਹੀਂ ਪਾਠਕ ਇਸ ਦੀਆਂ ਵਾਦੀਆਂ ਵਿਚ ਅਟਕ ਅਟਕ ਕੇ ਤੁਰਦਾ ਹੈ ਪਰ ਜਦੋਂ ਉਸ ਨੂੰ ਕਾਵਿ ਗੁਣ ਅਤੇ ਕਾਵਿ ਰਸ ਦੀ ਅਨੁਭੂਤੀ ਹੁੰਦੀ ਹੈ ਤਾਂ ਫਿਰ ਉਹ ਆਪਣੇ ਪਾਠਕ ਦੀ ਉਂਗਲ ਨੂੰ ਪੀਚਵੀ ਗੰਢ ਪਾ ਲੈਂਦੀ ਹੈ। ਇਸ ਕਵਿਤਾ ਦਾ ਰੰਗ ਰੂਪ ਵੀ ਗੁਰਬਾਣੀ ਜਿਉਂ ਇਸ ਦਾ ਵਾਰ ਵਾਰ ਪਾਠ ਕਰਨ ਨਾਲ ਨਿੱਖਰਦਾ ਹੈ। ਇਸ ਤਰ੍ਹਾਂ ਦੇ ਗਹਿਰ ਗੰਭੀਰ ਸੂਫੀ ਰੰਗਣ ਵਾਲੇ, ਮਾਨਵੀ ਸਰੋਕਾਰਾਂ ਨਾਲ ਲੈਸ,ਕਾਵਿ ਨੇ ਪੰਜਾਬੀ ਕਾਵਿ ਜਗਤ ਵਿਚ ਆਪਣੀ ਇਕ ਵਿਸ਼ੇਸ ਜਗ੍ਹਾ ਬਣਾ ਲੈਣੀ ਹੈ, ਅਜਿਹਾ ਮੇਰਾ ਵਿਸ਼ਵਾਸ ਹੈ। ਅਸੀਂ ਆਸ ਰੱਖਾਂਗੇ ਕਿ ਭਵਿੱਖ ਵਿਚ ਵੀ ਦਲਬੀਰ ਸਿੰਘ ਤਰਸ ਆਪਣੇ ਨਿਵੇਕਲੇ ਅੰਦਾਜ਼ ਵਾਲੀ ਵਿਸਮਾਦੀ ਸ਼ਾਇਰੀ ਨਾਲ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਹੁੰਦੇ ਰਹਿਣਗੇ।

ਕਰੀਵਾਲਾ (ਸਿਰਸਾ)
-125075
6-5-2006

ਫੁੱਟ ਨੋਟ:—

1. ਪਰਦੇਸਣ, ਲੁਧਿਆਣਾ, ੨੦੦੪ ਈ. ਸਫਾ ੧੧
2. ਉਪਰੋਕਤ ਸਫਾ ੧੨
3. ਉਪਰੋਕਤ ਸਫਾ ੧੩
4. ਉਪਰੋਕਤ ਸਫਾ ੨੦
5. ਉਪਰੋਕਤ ਸਫਾ ੨੪
6. ਉਪਰੋਕਤ ਸਫਾ ੩੪
7. ਲਹਿਰਾਂ, ਲੁਧਿਆਣਾ, ੨੦੦੪, ਸਫਾ ੧੫
8. ਉਪਰੋਕਤ ਸਫਾ ੨੩
9. ਉਪਰੋਕਤ ਸਫਾ ੨੫
10. ਉਪਰੋਕਤ ਸਫਾ ੨੮
11. ਉਪਰੋਕਤ ਸਫਾ ੩੦
12. ਉਪਰੋਕਤ ਸਫਾ ੫੬
13. ਉਪਰੋਕਤ ਸਫਾ ੬੬
14. ਸਫਰ, ਲੁਧਿਆਣਾ, ੨੦੦੫ ਈ. ਸਫਾ ੧੩
15. ਉਪਰੋਕਤ ਸਫਾ ੩੩
16. ਉਪਰੋਕਤ ਸਫਾ ੧੫
17. ਉਪਰੋਕਤ ਸਫਾ ੨੦
18. ਉਪਰੋਕਤ ਸਫਾ ੪੪
19. ਉਪਰੋਕਤ ਸਫਾ ੬੪
20. ਸੋਹਿਲੜੇ, ਲੁਧਿਆਣਾ, ੨੦੦੪ ਈ. ਸਫਾ ੧੫.੧੬
21. ਉਪਰੋਕਤ ਸਫਾ ੨੦
22. ਉਪਰੋਕਤ, ਸਫਾ ੩੩-੩੪
23. ਉਪਰੋਕਤ ਸਫਾ ੫੫-੫੮
24. ਉਪਰੋਕਤ ਸਫਾ ੧੧੭-੧੧੯
25. ਉਪਰੋਕਤ ਸਫਾ ੬੨
26. ਉਪਰੋਕਤ ਸਫਾ ੬੪
27. ਉਪਰੋਕਤ ਸਫਾ ੬੫
28. ਉਪਰੋਕਤ ਸਫਾ ੭੩
29. ਉਪਰੋਕਤ ਸਫਾ ੭੯
30. ਉਪਰੋਕਤ ਸਫਾ ੮੨
31. ਉਪਰੋਕਤ, ਸਫਾ ੧੧੩

ਜਾਗਤ ਜੋਤਿ !

—ਪ੍ਰਿੰ. ਕਰਤਾਰ ਸਿੰਘ ਕਾਲੜਾ

ਹੇ ਅਰੂਪ
ਹੇ ਪਰਮ ਸਰੂਪਾ,
ਸ਼ਬਦ - ਰੂਪ
ਤੇਰੀ ਹੋਂਦ ਅਰੂਪਾ!
ਨਾ ਦਿਸਦੇ ਪਿਸਦੇ ਵਿਚ ਆਵੇਂ,
'ਨਾਮ ਰੂਪ' ਸਭ ਅੰਦਰ ਭਾਵੇਂ!

—o—

ਤੇਰਾ ਕੌਣ ਸਰੂਪ ਮੈਂ ਮੰਨਾਂ
ਤੈਨੂੰ ਕਦੋਂ ਅਰੂਪ ਮੈਂ ਮੰਨਾਂ,
ਜੋਤਿ ਸਰੂਪੀ ਤੂੰ ਧਰ ਰਹਿਓਂ,
ਜਾਗਤ ਰੂਪ ਸਦਾ ਵਿਗਸਇਓ!

—o—

ਪਰਮ ਤੱਤ
ਸਭ ਤੱਤ ਸਮੇਟਾ,
ਤੱਤ ਸਰੂਪ ਰਿਦੇ ਵਿਚ ਬੈਠਾ;
ਰੂਪ-ਰੰਗ ਨ ਰੇਖ ਨ ਭੇਖਾ,
ਤਾਂ ਕਿਵ ਹੋਏ ਤੁਮਹਾਰੋ ਲੇਖਾ ?

—o—

ਨਾ ਬੁੱਤ ਬਣੇਂ
ਨਾ ਪੂਜ ਕਰਾਵੇਂ
ਹੇ ਅਰੂਪ
ਸ੍ਰਿਸ਼ਟੀ ਵਿਗਸਾਵੇਂ!

—o—

ਹੇ ਅਦ੍ਰਿਸ਼ਟ
ਜਗਤ ਪਰਮਾਤਮ
ਪਰਗਟ ਰੂਪ
ਜੀਵ ਵਿਚ ਆਤਮ।
ਤੂੰ ਖਾਲਿਕ
ਖ਼ਲਕਤ ਵਿਚ ਵਸੇਂ
ਜੋਤਿ ਰੂਪ, ਸਭ ਅੰਦਰ ਵਿਗਸੇਂ!

—o—

ਸਭ ਨੈਣਾਂ ਵਿਚ ਨੂਰ ਹੈ ਤੇਰਾ,
ਸਭ ਦੇ ਵਿਚ ਜ਼ਹੂਰ ਹੈ ਤੇਰਾ।
ਬਲਿਹਾਰੀ ਕੁਦਰਤ ਵਿਚ ਵੱਸੇਂ,
ਤੇਰਾ ਰੂਪ ਕਿਵੇਂ ਕੋਈ ਲੱਖੇ ?

—o—

ਤੇਰੀ ਲੀਲਾ ਅਪਰ ਅਪਾਰ,
ਨਿਰਗੁਣ ਰੂਪ ਸਤਿ-ਕਰਤਾਰ!

—o—

ਤੇਰੇ ਸਿਮਰਨ, ਤੈਨੂੰ ਪਾਈਏ,
ਤੇਰੇ ਵਿਚ ਲੀਨ ਹੋ ਜਾਈਏ!
ਏਹੋ ਮੁਕਤੀ ਏਹੋ ਪੂਜਾ
ਮਨ ਵਿਚ ਰਹੇ ਨਾ ਭਾਓ ਦੂਜਾ!

—o—

ਹੇ ਜਗ ਦੇ ਅਦ੍ਰਿਸ਼ਟ ਪਸਾਰੇ,
ਹੁਕਮ ਤੇਰੇ ਤੋਂ ਸਦਕੇ ਵਾਰੇ!

ਦੋ ਗ਼ਜ਼ਲਾਂ

—ਬੀ. ਆਰ. ਧਵਨ

ਰੋਜ਼ ਦਾ ਟੰਟਾ ਮੁਕਾ ਦੇ ਜ਼ਿਦ ਨ ਕਰ।
ਦਿਲ ਦੇ ਬਦਲੇ ਦਿਲ ਫੜਾ ਦੇ ਜ਼ਿਦ ਨ ਕਰ।

ਕਿਰਨ ਮੇਰੀ ਆਸ ਦੀ ਬਣ ਕੇ ਕਦੀ;
ਜ਼ਿੰਦਗੀ ਨੂੰ ਜਗਮਗਾਦੇ ਜ਼ਿਦ ਨ ਕਰ।

ਇਹ ਅੜਿਕਾ ਹੈ ਨਜ਼ਰ ਦੇ ਦਰਮਿਆਨ;
ਇਹ ਦੁਪੱਟਾ ਵੀ ਹਟਾ ਦੇ ਜ਼ਿਦ ਨ ਕਰ।

ਜ਼ਿੰਦਗੀ ਦਾ ਸਿਲਸਿਲਾ ਹੋਵੇ ਸ਼ੁਰੂ;
ਮੁਸਕੁਰਾ ਦੇ ਮੁਸਕੁਰਾ ਦੇ ਜ਼ਿਦ ਨ ਕਰ।

ਮੇਰੀ ਮੈਅ-ਨੋਸ਼ੀ ਬੁਰੀ ਲਗਦੀ ਹੈ ਤਾਂ;
ਘੁਟ ਕੁ ਨਜ਼ਰਾਂ ਚੋਂ ਪਿਲਾ ਦੇ ਜ਼ਿਦ ਨ ਕਰ।

ਇਸ਼ਕ ਵਿਚ ਤਾਂ ਮੌਤ ਵੀ ਹੈ ਜ਼ਿੰਦਗੀ
ਸਿਰ ਉੜਾਉਣਾ ਹੈ ਉੜਾ ਦੇ ਜ਼ਿਦ ਨ ਕਰ।

ਇਕ ਨਜ਼ਰ.ਤੇਰੀ "ਧਵਨ" ਦੀ ਪਿਆਸ ਹੈ;
ਇਕ ਨਜ਼ਰ ਦੀ ਖ਼ੈਰ ਪਾ ਦੇ ਜ਼ਿਦ ਨ ਕਰ।

੨

ਬਦਲਦੇ ਮੌਸਮਾਂ ਤੋਂ ਡਰ ਗਿਆ ਏਂ ?
ਸਮਝ ਲੈ ਜੁਗਨੂੰਆਂ ਤੋਂ ਡਰ ਗਿਆ ਏਂ।

ਅਜੇ ਸੱਜਣ ਤੇਰੇ ਬਾਕੀ ਪਏ ਨੇ ;
ਮਗਰ ਤੂੰ ਦੁਸ਼ਮਣਾਂ ਤੋਂ ਡਰ ਗਿਆ ਏਂ।

ਅਜੇ ਤੂੰ ਉਸ ਨੂੰ ਤੱਕਿਆ ਨਹੀਂ ਹੈ ;
ਤੂੰ ਜਿਸਦੇ ਜਲਵਿਆਂ ਤੋਂ ਡਰ ਗਿਆ ਏਂ।

ਅਗਰ ਡਰਨਾ ਹੈ ਤਾਂ ਡਰ ਸਿਫਤ ਕੋਲੋਂ;
ਭਲਾ ਕਿਉਂ ਤੁਹਮਤਾਂ ਤੋਂ ਡਰ ਗਿਆ ਏਂ।

ਪਏਗਾ ਸਿਦਕ ਵਾਲਾ ਜ਼ਹਿਰ ਪੀਣਾ;
ਤੂੰ ਸੱਚ ਬੋਲਣ ਤੋਂ ਵੀ ਤਾਂ ਡਰ ਗਿਆ ਏਂ।

ਤੇਰਾ ਮਹਿਬੂਬ ਹੀ ਦੁਨੀਆ ਹੈ ਤੇਰੀ;
ਤੂੰ ਇਸ ਦੁਨੀਆ ਤੋਂ ਕਿੱਦਾਂ ਡਰ ਗਿਆ ਏਂ ?

ਇਹੋ ਰਸਤੇ ਧਵਨ ਮੰਜ਼ਿਲ ਨੇ ਤੇਰੀ;
ਤੂੰ ਜਿਹਨਾਂ ਰਸਤਿਆਂ ਤੋਂ ਡਰ ਗਿਆ ਏਂ।

ਦੋ ਗੀਤ

—ਸੁਰਜੀਤ ਸਿੰਘ ਅਮਰ

ਮੇਰੇ ਇਹ ਪੰਜਾਬ ਦੀਆਂ ਸ਼ਾਨਾਂ ਨੇ ਨਿਰਾਲੀਆਂ।
ਇਹਦੇ ਲਈ ਅਸਾਂ ਬਹੁਤ ਘਾਲਾਂ ਹੈਣ ਘਾਲੀਆਂ।

ਏਸ ਥਾਂ ਤੇ ਜਨਮ ਲਿਆ ਨਾਨਕੀ ਦੇ ਵੀਰ ਸੀ।
ਓਸ ਨੇ ਜਗਾਈ ਸਾਡੀ ਸੁੱਤੀ ਤਕਦੀਰ ਸੀ।

ਦੁਨੀਆਂ ਨੂੰ ਉਹਨੇ ਰਾਹਾਂ ਨਵੀਆਂ ਵਖਾਲੀਆਂ।
ਮੇਰੇ ਇਹ ਪੰਜਾਬ ਦੀਆਂ ਸ਼ਾਨਾਂ ਨੇ ਨਿਰਾਲੀਆਂ।

'ਭਗਤ ਤੇ ਸਰਾਭੇ' ਜਹੇ ਹੋਏ ਸੂਰਬੀਰ ਨੇ।
ਦੇਸ਼ ਦੇ ਲਈ ਵਾਰੇ ਜਿਨ੍ਹਾਂ ਆਪਣੇ ਸਰੀਰ ਨੇ।

ਹਸ ਹਸ ਇਹਦੇ ਲਈ ਮੁਸੀਬਤਾਂ ਨੇ ਜਾਲੀਆਂ
ਮੇਰੇ ਇਹ ਪੰਜਾਬ ਦੀਆਂ ਸ਼ਾਨਾਂ ਨੇ ਨਿਰਾਲੀਆਂ।

ਇਹਦਿਆਂ ਕਿਸਾਨਾਂ ਬੜੀ ਕੀਤੀ ਪੈਦਾਵਾਰ ਏ।
ਤਾਂਹੀਓਂ ਅੱਜ ਬਣਿਆਂ ਇਹ ਅੰਨ ਦਾ ਭੰਡਾਰ ਏ।

ਹਰ ਪਾਸੇ ਖੇਤਾਂ ਵਿਚ ਹੋਈਆਂ ਹਰਿਆਲੀਆਂ।
ਮੇਰੇ ਇਹ ਪੰਜਾਬ ਦੀਆਂ ਸ਼ਾਨਾਂ ਨੇ ਨਿਰਾਲੀਆਂ।

ਮਿਹਨਤਾਂ ਦੇ ਨਾਲ ਅਸਾਂ ਏਸ ਨੂੰ ਉਸਾਰਿਆ।
ਏਸ ਲਈ ਏ ਸੁਰਗਾਂ ਦਾ ਰੂਪ ਇਹਨੇ ਧਾਰਿਆ।

ਵੇਖੋ! ਕਿਵੇਂ ਇਹਦੇ ਉੱਤੇ ਆਈਆਂ ਖੁਸ਼ਹਾਲੀਆਂ।
ਮੇਰੇ ਇਹ ਪੰਜਾਬ ਦੀਆਂ ਸ਼ਾਨਾ ਨੇ ਨਿਰਾਲੀਆਂ।

ਬਣਿਆਂ ਪੰਜਾਬ ਪਹਿਰੇ ਦਾਰ ਮੇਰੇ ਦੇਸ਼ ਦਾ।
ਹੋਰ ਹੀ ਵਧਾਇਆ ਸਤਕਾਰ ਮੇਰੇ ਦੇਸ਼ ਦਾ।

ਜਾਨਾਂ ਵਾਰ 'ਅਮਰ ਨੇ ਕਰਨੀਆਂ ਰਖਵਾਲੀਆਂ।
ਮੇਰੇ ਇਹ ਪੰਜਾਬ ਦੀਆਂ ਸ਼ਾਨਾਂ ਨੇ ਨਿਰਾਲੀਆਂ।

ਜੱਗ ਵਿੱਚ ਕੀ ਹੈ ਜ਼ਿੰਦਗਾਨੀ ਮਜ਼ਦੂਰ ਦੀ।
ਰੋਲ ਸੁੱਟੀ ਦੁੱਖਾਂ ਨੇ ਜਵਾਨੀ ਮਜ਼ਦੂਰ ਦੀ।

ਸਾਡੇ ਦੇਸ਼ ਦੇ ਇਹ ਜਿਹੜੇ ਕਾਰਖਾਨੇ ਦਾਰ ਨੇ।
ਏਸ ਦੀ ਕਮਾਈ ਖਾ ਕੇ ਹਕ ਲੈਂਦੇ ਮਾਰ ਨੇ।
ਭੁੱਲ ਕੇ ਉਹ ਕੀਤੀ ਕੁਰਬਾਨੀ ਮਜ਼ਦੂਰ ਦੀ।
ਜਗ ਵਿੱਚ ਕੀ ਹੈ ਜ਼ਿੰਦਗਾਨੀ ਮਜ਼ਦੂਰ ਦੀ।

ਦਿਨੇ ਰਾਤੀ ਲੱਗ ਕੇ ਇਹ ਕਰੇ ਮਜ਼ਦੂਰੀਆਂ।
ਫੇਰ ਦੀ ਨਾ ਏਸ ਦੀਆਂ ਪੈਂਦੀਆਂ ਨੇ ਪੂਰੀਆਂ।
ਸਦਾ ਹੋਈ ਰਹਿੰਦੀ ਏ ਵਿਰਾਨੀ ਮਜ਼ਦੂਰ ਦੀ।
ਜਗ ਵਿੱਚ ਕੀ ਏ ਜ਼ਿੰਦਗਾਨੀ ਮਜ਼ਦੂਰ ਦੀ।

ਵਧਾਈ ਮਹਿੰਗਾਈ ਨੇ ਹੈ ਲੱਕ ਇਹਦਾ ਤੋੜਿਆ।
ਚੌਤੋਂ ਪਹਿਰ ਫਿਕਰਾਂ ਨੇ ਲਹੂ ਹੈ ਨਿਚੋੜਿਆ।
ਮੁਕਦੀ ਕਦੋਂ ਹੈ ਪ੍ਰੇਸ਼ਾਨੀ ਮਜ਼ਦੂਰ ਦੀ।
ਜੱਗ ਵਿੱਚ ਕੀ ਹੈ ਜ਼ਿੰਦਗਾਨੀ ਮਜ਼ਦੂਰ ਦੀ।

ਰੋਲ ਰੋਲ ਸੁੱਟੇ ਭਾਵੇਂ ਆਪਣੇ ਸਰੀਰ ਨੂੰ
ਫੇਰ ਵੀ ਨਾ ਪੇਸ਼ ਜਾਂਦੀ ਰੋਵੇ ਤਕਦੀਰ ਨੂੰ।
ਕਿੰਨੀ ਦੁੱਖਾਂ ਭਰੀ ਹੈ ਕਹਾਣੀ ਮਜ਼ਦੂਰ ਦੀ।
ਜੱਗ ਵਿਚ ਕੀ ਹੈ ਜ਼ਿੰਦਗਾਨੀ ਮਜ਼ਦੂਰ ਦੀ।

ਕਰੀਏ ਕੀ ਚਾਰਾ ਚੱਲਨਾ ਹੋਇਆ ਭੈੜਾ ਹਾਲ ਵੇ।
ਅੱਜ ਸਾਡੇ ਘਰ ਵਿੱਚੋਂ ਮੁੱਕਾ ਆਟਾ ਦਾਲ ਵੇ।
ਰੋ ਰੋ ਇੰਜ ਆਖਦੀ ਜ਼ਨਾਨੀ ਮਜ਼ਦੂਰ ਦੀ।
ਜੱਗ ਵਿੱਚ ਕੀ ਏ ਜ਼ਿੰਦਗਾਨੀ ਮਜ਼ਦੂਰ ਕੀ।

ਸਵਾਰਥੀ

—ਕਰਮ ਸਿੰਘ ਵਕੀਲ

ਇੱਕ ਪਲ ਕਹਿੰਦੇ ਹੋ
ਉਹ ਪਾਲਣਹਾਰ ਹੈ
ਬਖਸ਼ਿੰਦ ਹੈ
ਨਵਾਜ਼ਿਸ਼ ਕਰਦੈ
ਸਰਵਸ਼ਕਤੀਮਾਨ ਹੈ
ਨਿਰਵੈਰ ਚਲਦੈ
ਉਹ ਨਿਰਭੌਅ ਰਹਿੰਦੈ
ਦੂਜੇ ਹੀ ਪਲ
ਗੁਜਰਾਤ ਦੀ ਦੇਖ ਤਬਾਹੀ
ਲਾ ਲੈਂਦੇ ਹੋ ਸਵਾਲੀਆਂ ਨਿਸ਼ਾਨ
ਉਸ ਦੀ ਹੋਂਦ ਤੇ
ਕਿੰਨੇ ਸਵਾਰਥੀ ਹੋ ਤੁਸੀਂ ?
ਕੀ ਕਦੇ ਲਾਉਂਦੇ ਹੋ ਸਵਾਲੀਆ ਨਿਸ਼ਾਨ ?
ਆਪਣੀ ਨੀਤ ਉੱਤੇ
ਜਦੋਂ ਸਵਾ ਰੁਪਏ ਬਦਲੇ
ਭਾਲਦੇ ਹੋ ਪੁੱਤਰ ਦੀ ਦਾਤ!
ਬਣਨਾ ਤਾਂ ਸੀ ਤੁਸੀਂ ਮੁਕਤੇ
ਪੜਵਾਕੇ ਬੇਦਾਵਾ
ਪਰ ਤੁਸੀਂ ਤਾਂ
ਅੰਮ੍ਰਿਤ ਨੂੰ ਸਮਝ ਪਾਣੀ
ਭਰੇ ਨੇ ਘੁੱਟ
ਕਕਾਰ ਤਾਂ ਤੁਹਾਡੇ ਲਈ
ਗਏ ਵਕਤ ਦੇ ਨੇ ਨਿਸ਼ਾਨ ਚਿੰਨ।
ਤੁਸੀਂ ਨਾ 'ਬੰਦੇ ਵਾਂਗ
ਲੈ ਸਕਦੇ ਹੋ ਬਦਲਾ
ਨਾ ਜਾਬਰ ਨੂੰ
ਚਖਾ ਸਕਦੇ ਹੋ ਮਜ਼ਾ
ਤੁਸੀਂ ਮੱਸੇ ਰੰਘੜ ਵਾਂਗ
ਸਭਿਆਚਾਰ ਨੂੰ ਕਰ ਕਤਲ
ਅੱਧ ਨੰਗੀਆਂ ਧੀਆਂ ਦਾ
ਚੁਸਕੀਆਂ ਭਰ ਦੇਖ ਸਕਦੇ ਹੋ ਨਾਚ
ਜਾਂ ਫੇਰ
ਸਰਮਾਏ ਅੱਗੇ
ਛੱਡ ਸਕਦੇ ਹੋ ਲਾਲਾਂ
ਐ ਦੁਨੀਆਂ ਵਾਲਿਓ!
ਕਿੰਨੇ ਸਵਾਰਥੀ ਹੋ ਤੁਸੀਂ!!!

ਖ਼ੈਰ

—ਪ੍ਰੋ. ਕੁਲਵੰਤ ਔਜਲਾ

ਤੇਰੇ ਮਿੱਠੇ ਬੋਲ ਸੁਣਨ ਲਈ ਜਦੋਂ ਤਰਸ ਜਾਵਾਂਗਾ ਮੈਂ
ਸਿਮਰਤੀਆਂ ਦੇ ਮੋਹ-ਅੰਬਰ ਨੂੰ ਆਪਣੇ ਕੋਲ ਬੁਲਾਵਾਂਗਾ ਮੈਂ
ਤੇਰਾ ਰੁੱਸਣਾ, ਤੇਰਾ ਰੋਣਾ ਤੇ ਤੇਰਾ ਮਨ ਆਈਆਂ ਕਰਨਾ
ਦਰਦ ਜੇਹਾ ਇਕ ਸੱਚਾ ਸੁੱਚਾ ਅੱਖਰਾਂ ਵਿਚ ਰਚਾਵਾਂਗਾ ਮੈਂ
ਹੈ ਤਾਂ ਬੇਸ਼ਕ ਬੜਾ ਹੀ ਔਖਾ ਏਨੀ ਜਲਦੀ ਭੁੱਲ ਜਾਣਾ
ਜੀਉਣ ਵਾਸਤੇ ਤੇਰੀਆਂ ਯਾਦਾਂ ਕੁਝ ਨਾ ਕੁਝ ਭੁਲਾਵਾਂਗਾ ਮੈਂ
ਰਿਸ਼ਤੇ ਨਹੀਂ ਜਿਸਮਾਂ ਦੇ ਹੁੰਦੇ, ਰਿਸ਼ਤੇ ਹੁੰਦੇ ਪਾਕ ਮਨਾਂ ਦੇ
ਅੰਤਿਮ ਸਾਹ ਤਕ ਹਰ ਹੀਲੇ ਹੀ ਏਹੋ ਵਚਨ ਨਿਭਾਵਾਂਗਾ ਮੈਂ
ਫੈਲਣ ਤੇਰੇ ਧਰਤੀ ਅੰਬਰ, ਜੀਉਣ ਤੇਰੀਆਂ ਮਿੱਠੀਆਂ ਛਾਵਾਂ
ਅੱਖਰਾਂ ਦੀ ਫੁਲਵਾੜੀ ਦੇ ਵਿਚ ਆਪਣਾ ਆਪ ਉਗਾਵਾਂਗਾ ਮੈਂ
ਤੇਰੇ ਸਾਥ 'ਚ ਮਿਲੀਆਂ ਨੇ ਜੋ ਖੁਸ਼ੀਆਂ ਤੇ ਖੁਸ਼ਹਾਲੀਆਂ
ਏਹਨਾਂ ਦੀ ਛਾਵੇਂ ਬਹਿ ਬਹਿ ਕੇ ਧੁੱਪਾਂ ਖੂਬ ਹੰਢਾਵਾਂਗਾ ਮੈਂ
ਕਵਿਤਾ ਤੇ ਕੁਲਵੰਤ ਦੋਵੇਂ ਹੀ ਇਕ ਦੂਜੇ ਲਈ ਰੂਹ ਤੇ ਜਾਨ
ਰੱਬਾ ਰੱਖੀਂ ਸਾਂਝ ਸਲਾਮਤ ਏਹੋ ਖ਼ੈਰ ਮਨਾਵਾਂਗਾ ਮੈਂ।

ਗ਼ਜ਼ਲ

—ਬਿੱਲੋ ਪ੍ਰੀਤ

ਸੋਚ ਦੀਆਂ ਕੰਧਾਂ ਤੇ ਉਤੇ ਫਿਕਰਾਂ ਦਾ ਪਛਾਵਾਂ
ਸਧਰਾਂ ਦੀਆਂ ਗਿਲੀਆਂ ਯਾਦਾਂ ਕਿਸ ਥਾਂ ਸੁਕਣੇ ਪਾਵਾਂ

ਗਲੀਆਂ ਮੋੜਾਂ ਉਤੇ ਲਗਾ ਨਾਲ ਸੰਗੀਨਾਂ ਪਹਿਰਾ
ਦਸ ਵੇ ਅੜਿਆ ਕਿਸ ਰਾਹ ਲੰਘ ਕੇ ਘਰ ਤੇਰੇ ਨੂੰ ਆਵਾਂ

ਪੈਂਦੀ ਮਾਰ ਜਾਨੂੰਨੀ ਏਧਰ ਓਧਰ ਮਾਰ ਕਾਨੂੰਨੀ
ਘਰ ਤੇਰੇ ਦਾ ਲਿਖਿਆ ਹੋਇਆ ਦਿਲ ਉਤੇ ਸਿਰਨਾਵਾਂ

ਈਸਾ ਰਾਮ ਮੁੰਹਮਦ ਨਾਨਕ ਚੋਹ ਗੁਠੀ ਦਫਨਾਏ
ਲੋਕ ਰਾਜ ਦੀਆਂ ਹੱਡੀਆਂ ਨੂੰ ਮੈਂ ਕਿਥੇ ਪੂਰਨ ਜਾਵਾਂ

ਸਮੇਂ ਝੱਖੜ ਘੇਰਿਆ ਕਾਫੱਲਾ ਰਾਹਗੀਰ ਭੁਲੇ ਰਾਹਵਾਂ
ਮੈਂ ਏਹਨਾਂ ਮਾਸੂਮ ਜੀਭਾਂ ਨੂੰ ਕੀਹਦੀ ਉਂਗਲੀ ਲਾਵਾਂ

ਖੂਨ ਨਾਲ ਗਈ ਧਰਤੀ ਰੰਗੀ ਅੰਬਰ ਹੋਇਆ ਕਾਲਾ
ਕਿਥੇ ਬਹਿਕੇ ਝਟ ਗੁਜ਼ਾਰਾਂ ਜ਼ਹਿਰੀਲੀਆਂ ਹਵਾਵਾਂ

ਮੌਸਮ ਮਾਲੀ ਵਿਗੜੇ ਦੋਵੇਂ ਰੱਬ ਵੀ ਗੁਸੇ ਰਹਿੰਦੈ
ਪ੍ਰੀਤ ਪ੍ਰੀਤ ਦੇ ਬੂਟੇ ਕਿਸ ਥਾਂ ਸਗਣਾਂ ਲਈ ਉਗਾਵਾਂ

ਵੇਖ ਸਜਣਾਂ ਸੌਣ ਰੁਸਿਐ ਸੌਣ ਨਹੀਂ ਚੰਗਾ ਲਗਦਾ
ਤੈਂ ਬਿਨ ਸਜਣਾ ਸੌਣ ਦੇ ਅੰਦਰ ਤੀਆਂ ਕਿਵੇਂ ਮਨਾਵਾਂ

—ਨਾਈਵਾਲਾ
ਸਿਰਸਾ ਹਰਿਆਣਾ

ਚੰਗਿਆਈ ਦੀ ਭਾਲ

—ਪ੍ਰਿੰ. ਨਵਰਾਹੀ ਘੁਗਿਆਣਵੀ

ਚੰਗਿਆਈ ਦੀ ਭਾਲ ਕਰੀ ਜਾ, ਚੰਗਿਆਈ ਦੀ ਭਾਲ।
ਚੰਗਿਆਈ ਹੀ ਨਿਭ ਸਕਦੀ ਹੈ, ਆਖਿਰ ਤੇਰੇ ਨਾਲ।

ਅੱਜ ਜਿਨ੍ਹਾਂ ਨੂੰ ਚੇਤੇ ਕਰੀਏ, ਸਨ ਉਹ ਬੰਦੇ ਚੰਗੇ।
ਐਪਰ ਮਾੜੇ, ਮਾੜੇ ਰਹਿੰਦੇ, ਹੋਣ ਅੰਤ ਨੂੰ ਨੰਗੇ।
ਹਰ ਔਕੜ ਵਿਚ ਰਾਖੀ ਕਰਦੀ ਚੰਗਿਆਈ ਦੀ ਢਾਲ।
ਚੰਗਿਆਈ ਦੀ ਭਾਲ ਕਰੀ ਜਾਂ...

ਬੇਸ਼ੱਕ ਹੈ ਬੁਰਿਆਈ ਕਾਫ਼ੀ ਫਿਰ ਵੀ ਨਾ ਘਬਰਾਵੇਂ!
ਬੁਰਿਆਈ ਹੈ ਕੰਧ ਰੇਤ ਦੀ, ਤੋਪਾਂ ਮਾਰ ਉਡਾਵੇਂ!
ਹਿੰਮਤ ਕਰ ਕੇ ਤਣੋਂ ਚੁਫ਼ੇਰੇ, ਚੰਗਿਆਈ ਦਾ ਜਾਲ।
ਚੰਗਿਆਈ ਦੀ ਭਾਲ ਕੀ ਜਾਂ.....

ਚੰਗਿਆਈ ਉਚਿਆਈਆਂ ਲੋਚੇ, ਗਗਨਾਂ ਦਾ ਮੋਹ ਲਾਵੇ।
ਚੰਗਿਆਈ ਹਰ ਬੰਦੇ ਤਾਈਂ ਪੂਜਣ ਯੋਗ ਬਣਾਵੇ।
ਕਾਰਜ ਵੀ ਸ਼ੁੱਧ ਹੋ ਜਾਂਦੇ ਨੇ, ਜੇ ਸ਼ੁੱਧ ਹੋਣ ਖ਼ਿਆਲ।
ਚੰਗਿਆਈ ਦੀ ਭਾਲ ਕਰੀ ਜਾ....

ਲੋਕ ਭਲਾਈ, ਸਾਂਝ ਸੱਚਾਈ, ਹਮਦਰਦੀ, ਚੰਗਿਆਈ।
ਚੰਗਿਆਈ ਇੱਕ ਵਸਤ ਅਲੌਕਿਕ ਆਕਾਸ਼ਾਂ ਤੋਂ ਆਈ।
'ਨਵਰਾਹੀ' ਚੰਗਿਆਈ, ਸਾਡੀ ਹਰ ਥਾਂ ਬਣੇ ਭਿਆਲ।
ਚੰਗਿਆਈ ਦੀ ਭਾਲ ਕਰੀ ਜਾ, ਚੰਗਿਆਈ ਦੀ ਭਾਲ।
ਚੰਗਿਆਈ ਹੀ ਨਿਭ ਸਕਦੀ ਆਖਿਰ ਸਾਡੇ ਨਾਲ।

—ਨਹਿਰ ਨਜ਼ਾਰਾ
ਨਿਊ ਹਰਿੰਦਰ ਨਗਰ, ਫਰੀਦਕੋਟ

ਤਿੰਨ ਰੁਬਾਈਆਂ

—ਨਵਰਾਹੀ ਘੁਗਿਆਣਵੀ

ਅਸਲੇ ਦੀ ਪਹਿਚਾਣ ਗਵਾ ਕੇ, ਕੁਝ ਵੀ ਰਹੇ ਨਾ ਪੱਲੇ।
ਸਾਡੇ ਸਭਿਆਚਾਰ 'ਤੇ ਹੋਵਣ, ਹਰ ਪਾਸੇ ਤੋਂ ਹੱਲੇ।
ਇਹ ਤਬਦੀਲੀ ਕਿੱਦਾਂ ਹੋਈ, ਕਿਵੇਂ ਕੀਮਤਾਂ ਵਟੀਆਂ,
'ਨਵਰਾਹੀ' ਬੇਸਮਝੀ ਮੂਹਰੇ, ਪੇਸ਼ ਨਾ ਕਾਈ ਚੱਲੇ।

ਮਾਨਵਤਾ ਦਾ ਘਾਣ ਕਰੇਂਦੀ, ਇਹ ਜੰਗਜੂ ਜ਼ਹਿਨੀਅਤ।
ਮੂਰਖਤਾ, ਹੰਕਾਰ, ਦੋਹਾਂ ਦੀ, ਖ਼ਤਰਨਾਕ ਤਰਬੀਅਤ।
ਸਹਿਣਸ਼ੀਲਤਾ ਅਤੇ ਨਿੰਮ੍ਰਤਾ, ਧੀਰਜ ਅਤੇ ਮੁਹੱਬਤ;
'ਨਵਰਾਹੀ' ਸੱਚ, ਸੰਜਮ ਬਾਝੋਂ, ਕਿਵੇਂ ਬਣੇ ਸ਼ਖਸੀਅਤ ?

ਤੇਰੀ ਬਖ਼ਸ਼ਿਸ਼ ਨਾਲ ਦਾਤਿਆ, ਹੋਈਆਂ ਲਹਿਰਾਂ ਬਹਿਰਾਂ।
ਤੇਰੇ ਇੱਕ ਇਸ਼ਾਰੇ ਉੱਤੇ, ਵਗੀਆਂ ਅੰਮ੍ਰਿਤ ਨਹਿਰਾਂ।
ਤੂੰ ਚਾਹੇਂ ਜਲ ਥਲ ਹੋ ਜਾਵੇ, ਨਾ ਚਾਹੇਂ ਤਾ ਸੋਕਾ;
'ਨਵਰਾਹੀ' ਤੇਰੇ ਦਰ ਉੱਤੇ, ਮਿਲਣ ਸਦੀਵੀ ਠਹਿਰਾਂ;।

ਨਹਿਰ ਨਜ਼ਾਰਾ,
ਨਿਊ ਹਰਿੰਦਰ ਨਗਰ, ਫਰੀਦਕੋਟ

ਹਵਾ

(ਸੰਤਾਪ ਦੇ ਹੰਢਾਏ ਪਲਾਂ ਚੋਂ ਲੰਘਦਿਆਂ)

—ਚਰਨ ਸੀਚੇਵਾਲਵੀ

ਨਾ ਕਿਤੇ ਚੱਜਨਾ ਬੈਠਣ ਦੇਵੇ,
ਨਾ ਕਿਤੇ ਚੱਜਨਾ ਖਲੋਣ ਹਵਾ!
ਨਾ ਕਿਤੇ ਚੱਜਨਾ ਹੱਸਣ ਦੇਵੇ,
ਨਾ ਕਿਤੇ ਚੱਜਨਾ ਰੋਣ ਹਵਾ।

ਪੱਗਾਂ ਲਾਹੁੰਦੀ, ਬੇਪੱਤ ਕਰਦੀ,
ਚੰਦਰੀ ਸਿਆਸਤ ਦਾਨ ਹਵਾ।
ਸੋਚ ਮੇਰੀ ਦਾ ਵਰਕਾ ਵਰਕਾ,
ਕਰ ਗਈ ਲਹੂ-ਲੁਹਾਨ ਹਵਾ।

ਲੁੱਟੇ ਖੋਹੇ ਤੇ ਡਾਕੇ ਮਾਰੇ,
ਬੋਲੇ ਝੂਠ ਤੁਫ਼ਾਨ ਹਵਾ।
ਮੇਰੇ ਬੁੱਲਾਂ ਉੱਤੋਂ ਸਾਰੀ,
ਚੱਟ ਗਈ ਮੁੱਸਕਾਨ ਹਵਾ।

ਆਪੇ ਅੱਗ ਬਾਂਸਾਂ ਨੂੰ ਲਾਉਂਦੀ,
ਆਪੇ ਪਾਉਂਦੀ ਸ਼ੋਰ ਹਵਾ
ਆਪੇ ਕਹਿੰਦੀ 'ਸੜ ਗਏ, ਸੜ ਗਏ,'
ਔਹ ਜੰਗਲ ਦੇ ਮੋਰ ਹਵਾ।

ਗੀਤ ਕੋਇਲ ਦੇ ਅਗਵਾ ਕੀਤੇ,
ਬੂਰ ਵੀ ਦਿੱਤੇ ਝੰਬ ਹਵਾ
ਨਾ ਕੋਈ ਟਾਹਣੀ ਦੇ ਨਾਲ ਲੱਗਾ,
ਛੱਡਿਆ ਸਾਬਤ ਅੰਬ ਹਵਾ

ਪਾਗਲ ਹੋਈ ਨੱਸੀ ਫਿਰਦੀ,
ਫਿਰਦੀ ਪਿੰਡ ਤੇ ਸ਼ਹਿਰ ਹਵਾ,
ਸਾਹ ਲਈਏ ਤੇ ਲਈਏ ਕਿੱਥੇ,
ਜਿੰਦ ਕੱਢਦੀ ਹੈ ਜ਼ਹਿਰ ਹਵਾ।

੪੨੮ , ਗੁਰੂ ਨਾਨਕਪੁਰਾ (ਵੈਸਟ)
ਡਾਕ-ਚੌਗਿੱਟੀ, ਜਲੰਧਰ

ਫੂਲ ਜੀ

—ਡਾ. ਮਾਨ ਸਿੰਘ ਨਿਰੰਕਾਰੀ

(ਆਕਰਸ਼ਿਕ ਸ਼ਖ਼ਸ਼ੀਅਤ)

ਪਰਮ ਸਤਿਕਾਰ ਯੋਗ ਡਾ. ਬਾਬਾ ਮਾਨ ਸਿੰਘ ਨਿਰੰਕਾਰੀ ਜੀ ਦੇ ਜੀਵਨ ਸਾਥਣ ਮਾਤਾ ਫੂਲ ਜੀ ਨਿਰੰਕਾਰੀ ਆਪਣੀ ਸਫਲ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਮਾਤਾ ਜੀ ਨੂੰ ਯਾਦ ਕਰਦਿਆਂ ਸ਼ਰਧਾ ਸੁਮਨ ਵਜੋਂ ਡਾਕਟਰ ਨਿਰੰਕਾਰੀ ਜੀ ਦੀ ਲਿਖੀ ਸ੍ਵੈ ਜੀਵਨੀ 'ਕਥਾ ਕਹਾਣੀ' ਵਿਚੋਂ ਇਹ ਅੰਸ਼ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ — ਸੰਪਾਦਕ

ਫੂਲ ਜੀ ਸਾਥਣ ਤੇ ਸਹਿਯੋਗੀ। ਆਮ ਕਹਾਵਤ ਹੈ ਕਿ ਪਤੀ-ਪਤਨੀ ਦੇ ਸਬੰਧ ਅੰਬਰ ਦੇਵ ਲੋਕ ਵਿਚ ਨਿਸ਼ਚਿਤ ਹੁੰਦੇ ਹਨ। ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰਾਂ ਦੀ ਇਸ ਕਾਰਜ ਵਿਚ ਵਿਚੋਲੇ ਵਾਲੀ ਭੂਮਿਕਾ ਹੈ। ਧਨ, ਪਿਰ ਦਾ ਰਿਸ਼ਤਾ ਸਬੰਧ ਕੁਦਰਤ ਵਲੋਂ ਨਿਯਤ ਕੀਤਾ ਜਾਂਦਾ ਹੈ। ਇਹ ਪਿਛਲੇ ਕਰਮਾਂ ਦੀ ਖੇਡ ਹੈ। ਮੈਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹਾਂ ਕਿ ਇਕ ਇਹੋ ਜਿਹੀ ਸਹਾਇਕ ਨਾਲ ਮੇਰਾ ਮੇਲ ਹੋਇਆ। ਆਪਣੇ ਨਾਂ ਵਾਂਗ ਉਨ੍ਹਾਂ ਵਿਚ ਫੁੱਲਾਂ ਵਰਗੀ ਮਹਿਕ, ਸੁੰਦਰਤਾ ਤੇ ਪਵਿੱਤਰਤਾ ਹੈ। ਸਰੀਰਕ ਗੁਣ ਦੇ ਵਾਂਗ ਰੂਹ ਤੇ ਆਤਮਾ ਦੇ ਵੀ ਬਹੁਤ ਮਿੱਠੇ ਤੇ ਪਿਆਰੇ ਹਨ। ਜੋ ਵੀ ਮਿਲਣ ਲਈ ਆਇਆ, ਉਸਨੂੰ ਪ੍ਰੇਮ-ਪਿਆਰ ਦੀ ਅਦੁੱਤੀ ਭਾਵਨਾ ਨਾਲ ਆਪਣੇ ਨਾਲ ਸਦਾ ਲਈ ਜੋੜ ਲਿਆ। ਸੇਵਾ ਦੇ ਖੇਤਰ ਵਿਚ ਰੈੱਡ ਕਰਾਸ, ਲਾਇਨਜ਼ ਕਲੱਬ, ਸੀਨੀਅਰ ਸਿਟੀਜ਼ਨ ਸੁਸਾਇਟੀ ਵਿਚ ਵਿਸ਼ੇਸ਼ ਤੇ ਟੁਕਵਾ ਹਿੱਸਾ ਪਾਇਆ ਤੇ ਮਾਣ-ਸਨਮਾਨ ਖੱਟਿਆ। ਆਪ ਜੀ ਦੀ ਜਮਾਤਣ ਸ੍ਰੀਮਤੀ ਰਾਜ ਸ੍ਰੀ ਨਗੇਸ਼ (ਸ੍ਰੀ ਨਗੇਸ਼ ਫੌਜ ਦੇ ਮੁਖੀ ਕਮਾਂਡਰ ਤੇ ਤਿੰਨ ਸੂਬਿਆਂ ਦੇ ਰਾਜਪਾਲ ਰਹੇ ਸਨ) ਦੱਸਦੇ ਹਨ ਕਿ ਕਾਲਜ ਵਿਚ ਦੋਵੇਂ ਇਕੋ ਕਲਾਸ ਵਿਚ ਪੜ੍ਹਦੇ ਸਨ। ਹੋਸਟਲ ਵਿਚ ਨਿਵਾਸ ਸੀ। ਜਦੋਂ ਵੀ ਨਾਸ਼ਤਾ ਟੇਬਲ 'ਤੇ ਆਉਣਾ ਤਾਂ ਇਨ੍ਹਾਂ ਨੇ ਆਪਣੇ ਹਿੱਸੇ ਦਾ ਅੱਧਾ ਆਹਾਰ ਅਸਾਡੇ ਹਵਾਲੇ ਕਰ ਦੇਣਾ ਤੇ ਬਾਕੀ ਆਪ ਗ੍ਰਹਿਣ ਕਰਨਾ। ਆਪ ਰਸੋਈ ਕਲਾ ਵਿਚ ਨਿਪੁਨ ਹਨ। ਬੇਕਿੰਗ ਤੇ ਰਸਦਾਇਕ ਭੋਜਨ ਬਨਾਉਣ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ। ਆਪਣੀਆਂ ਕਈ ਸਹੇਲੀਆਂ ਨੂੰ ਇਨ੍ਹਾਂ ਨੇ ਬੇਕਿੰਗ ਦੀ ਸਿੱਖਿਆ ਦਿੱਤੀ। ਆਪਣੇ ਬਜ਼ੁਰਗਾਂ, ਮਾਪਿਆਂ ਤੇ ਸਹੁਰਿਆਂ ਦੀ ਯੋਗਤਾ ਤੇ ਆਦਰ ਨਾਲ ਸੇਵਾ-ਸੰਭਾਲ ਤਨੋ ਮਨੋ ਕੀਤੀ ਜਿਸਦੇ ਫਲਸਰੂਪ ਬੱਚਿਆਂ ਵਿਚ ਵੀ ਇਹੋ ਜਿਹੀ ਭਾਵਨਾ ਪ੍ਰਤੱਖ ਦਿਸਦੀ ਹੈ। ਇਨ੍ਹਾਂ ਆਪਣੇ ਬੱਚਿਆਂ ਨੂੰ ਯੋਗ ਸਿੱਖਿਆ ਦੇ ਕੇ ਨਿਪੁਨ ਬਣਾਇਆ। ਵਿਛੋੜੇ ਦੇ ਦਿਨ ਨੇੜੇ ਆ ਰਹੇ ਹਨ। ਵਧੇਰੇ ਵਰ੍ਹਿਆਂ ਤੋਂ ਸਾਡਾ ਪਿਆਰ ਸਹਿਜ ਪ੍ਰੀਤ ਵਾਲਾ ਹੈ, ਜਵਾਨੀ ਦੇ ਦਿਨਾਂ ਵਾਲਾ ਨਹੀਂ। ਸਹਿਜ ਪ੍ਰੀਤ ਰੂਹਾਨੀ ਹੋਣ ਕਾਰਨ ਅਨੰਦਮਈ ਤੇ ਵਧੇਰੀ ਨੇੜਤਾ ਦੀ ਲਖਾਇਕ ਹੈ। ਇਕ ਦੂਜੇ ਦੇ ਨੇੜੇ ਹਰ ਵੇਲੇ ਰਹਿਣ ਦੀ ਰੁਚੀ ਰਹਿੰਦੀ ਹੈ। ਪੁਰਾਣੀਆਂ ਯਾਦਾਂ ਦਾ ਚਿਤਵਨ ਅਨੰਦਮਈ ਹੁੰਦਾ ਹੈ।

ਇਕ ਦਿਨ ਸਵੇਰੇ ੬ ਵਜੇ ਫੂਲ ਜੀ ਮੇਰੇ ਮੰਜੇ ਤੋਂ ਖੱਬੇ ਪਾਸੇ ਦੇ ਮੰਜੇ ਉਤੇ ਲੇਟੇ ਹੋਏ ਸਨ। ਸਰੀਰ ਰਜਾਈ ਕੰਬਲ ਨਾਲ ਢੱਕਿਆ ਹੋਇਆ ਸੀ। ਚਿਹਰਾ ਨੰਗਾ ਤੇ ਸੱਜੇ ਪਾਸੇ ਦੇ ਭਾਰ ਪਏ ਹੋਏ ਸਨ। ਬੁਢਾਪੇ ਵਿਚ ਵੀ ਇਕ ਨਿਵੇਕਲੀ ਤੇ ਅਨੋਖੀ ਸੁੰਦਰਤਾ ਇਨ੍ਹਾਂ ਦੇ ਚਿਹਰੇ ਤੋਂ ਟਪਕ ਰਹੀ ਸੀ। ਮੈਂ ਵਾਰ ਵਾਰ ਚੇਹਰੇ ਵੱਲ ਦੇਖ ਰਿਹਾ ਸਾਂ। ਇਵੇਂ ਜਾਪਦਾ ਸੀ ਜਿਵੇਂ ਇਹ ਮੁਖੜਾ ਬੇਜੀ (ਫੂਲ ਜੀ ਦੇ ਮਾਤਾ) ਜੀ ਦਾ ਹੈ। ਮੁੜ ਕਦੀ ਇਵੇਂ ਜਾਪੇ ਇਹ ਫੂਲ ਜੀ ਦਾ ਚਿਹਰਾ ਹੈ। ਇਵੇਂ ਲੱਗਿਆ ਕਿ ਜਿਵੇਂ ਬੇਜੀ ਤੇ ਫੂਲ ਜੀ ਦੇ ਸੁਮੇਲਿਤ ਪ੍ਰਭਾਵ ਨੇ ਮੇਰੇ ਮਨ ਨੂੰ ਵਧੇਰੇ ਬਲ ਦਿੱਤਾ। ਫੂਲ ਜੀ ਦਾ ਮੂੰਹ ਤੇ ਅੱਖਾਂ ਬੰਦ ਸਨ।

ਵਧੇਰੀ ਆਯੂ ਕਾਰਨ ਸਹਿਜੇ-ਸਹਿਜੇ ਸਰੀਰ ਦਾ ਹੇਠਲਾ ਹਿੱਸਾ ਕਮਜ਼ੋਰ ਹੋ ਗਿਆ। ਉਠਣ-ਬੈਠਣ ਵਿਚ ਵਿਗਾੜ ਪੈ ਗਿਆ। ਵੀਲ੍ਹ—ਚੇਅਰ ਦਾ ਆਸਰਾ ਲੈਣਾ ਪੈ ਰਿਹਾ ਹੈ। ਉੱਠਣ-ਬੈਠਣ ਤੇ ਕੁਝ ਕਦਮ ਪੁਟਣ ਲਈ ਸਹਾਰੇ ਦੀ ਲੋੜ ਪੈਂਦੀ ਹੈ। ਇਹ ਅਵਸਥਾ ਉਸ ਇਸਤਰੀ ਦੀ ਹੈ ਜੋ ਬੜੀ ਫੁਰਤੀਲੀ ਤੇ ਤੇਜ਼ੀ ਨਾਲ ਕਦਮ ਪੁੱਟਣ ਵਿਚ ਆਪਣੇ ਸਾਥੀਆਂ ਨੂੰ ਮਾਤ ਕਰਦੀ ਸੀ। ਮੈਂ ਵੀ ਦੋ ਤਿੰਨ ਵਾਰੀ ਸੱਚੀ ਦਰਗਾਹ ਨੂੰ ਹੱਥ ਲਾ ਕੇ ਮੁੜਿਆ ਹਾਂ। ਇਹ ਅਜੋਕੀ ਡਾਕਟਰੀ ਦਾ ਕਮਾਲ ਹੈ ਤੇ ਬੱਚੀ ਨੀਲਮ ਦੀ ਦੇਖ-ਰੇਖ ਕਾਰਨ ਸਮੇਂ ਸਿਰ ਹੀ ਡਾਕਟਰੀ ਸਹਾਇਤਾ ਮਿਲਦੀ ਰਹੀ ਹੈ ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਰਹੀ ਹੈ। ਇਨ੍ਹਾਂ ਹਾਲਤਾਂ ਵਿਚ ਕਿਸੇ ਵੇਲੇ ਵੀ ਸੱਦਾ ਆ ਸਕਦਾ ਹੈ, ਗੁਰੂ ਸਾਹਿਬ ਦਾ ਫੁਰਮਾਨ ਹੈ: ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ (12)

ਫੂਲ ਜੀ ਬਾਰੇ ਚੰਦ ਸਤਰਾਂ ਜੋ ਮੇਰੇ ਦਿਲ ਦੀ ਡੂੰਘਾਈ ਵਿਚੋਂ ਉਤਪੰਨ ਹੋਈਆਂ ਹਨ, ਅੰਕਿਤ ਕਰ ਰਿਹਾਂ ਹਾਂ :

ਤੂੰ ਏ ਮੇਰੀ ਆਰਜ਼ੂ, ਤੂੰ ਏ ਮੇਰੀ ਜੁਸਤਜੂ।
ਤੂੰ ਏ ਮੇਰੀ ਅਸਲ ਰੂਹ, ਤੂੰ ਏ ਮੇਰੀ ਆਬਰੂ।
ਤੂੰ ਮੇਰੀ ਦਿਲਦਾਰ ਹੈਂ, ਤੂੰ ਮੇਰੀ ਗਮਖ਼ਾਰ ਹੈਂ।
ਤੇਰਾ ਮੇਰਾ ਸੱਚਾ ਪਿਆਰ, ਤੁਝ ਪੇ ਮੇਰਾ ਦਿਲ ਨਿਸਾਰ।
ਤੂੰ ਮੇਰੀ ਜਿੰਦ-ਜਾਨ ਹੈਂ, ਤੂੰ ਮੇਰਾ ਈਮਾਨ ਹੈਂ।
ਤੂੰ ਮੇਰੀ ਦਿਲ ਰੁਬਾ, ਹੋ ਗਿਆ ਹੈ ਦਿਲ ਫਿਦਾ।

ਨਾ ਦਿਨ ਸੀ, ਨਾ ਰਾਤ ਸੀ, ਮਿੱਠੀ ਬੜੀ ਪ੍ਰਭਾਤ ਸੀ।
ਉਭਰੀ ਮਨ ਇਕ ਬਾਤ ਸੀ, ਮੰਗੀ ਝਲਕ ਦੀ ਦਾਤ ਸੀ।

(ਕਿਸ਼ਤ ਨੰ. ੩)

ਜ਼ਬਤ ਹੋਏ ਨਾਮਧਾਰੀ ਸਾਹਿਤ ਦਾ ਆਲੋਚਨਾਤਮਕ ਅਧਿਐਨ

'ਬਾਰਾਂਮਾਹ' ਕ੍ਰਿਤ ਭਾਈ ਚੰਦਾ ਸਿੰਘ

—ਸਵਰਨ ਸਿੰਘ 'ਸਨੇਹੀ', ਸ਼ਾਹਪੁਰ (ਫਿਲੌਰ)

ਬਾਰਾਂਮਾਂਹੇ ਦਾ ਕਲਾਤਮਕ ਪੱਖ :

ਇਸ ਰਚਨਾ ਦਾ ਕਲਾ ਪਖ ਵੀ ਉਨ੍ਹਾਂ ਹੀ ਕੀਮਤੀ ਹੈ ਜਿੰਨਾ ਵਿਸ਼ਾ ਵਸਤੂ ਪਖ। ਇਸ ਤੋਂ ਕਵੀ ਦੀ ਛੰਦ ਉਪਰ ਪਕੜ ਦੀ ਮਜ਼ਬੂਤੀ ਦਾ ਗਿਆਨ ਹੁੰਦਾ ਹੈ। ਇਸ ਬਾਰਾਂਮਾਹੇ ਦੀ ਰਚਨਾ ਲਈ ਅਰਿਲ ਅਤੇ ਰੂਪ ਚੋਪਈ ਛੰਦ ਦਾ ਪ੍ਰਯੋਗ ਕੀਤਾ ਗਿਆ ਹੈ ਜਿਸ ਦੀ ਵਰਤੋਂ ਪਹਿਲਾਂ ਬੀਰ ਸਿੰਘ ਕਵੀ ਨੇ ੧੯੭੭ ਬਿ. ਵਿਚ ਰਚੇ ਆਪਣੇ ਬਾਰਾਂਮਾਹੇ ਵਿਚ ਕੀਤੀ ਹੈ। ਚੰਦਾ ਸਿੰਘ ਦੀ ਇਸ ਰਚਨਾ ਵਿਚ ਰਹਾਉ ਦੀ ਤੁਕ ੯ ਮਾਤ੍ਰਾਂ ਦੀ ਹੈ ਤੇ ਹਰ ਮਾਹ ਵਰਨਣ ਨੂੰ ਉਹਨੇ ਲਗਪਗ ਚਾਰ ਬੰਦ ਸਮਰਪਤ ਕੀਤੇ ਹਨ, ਪਰ ਇਸ ਨੂੰ ਵੀ ਕੋਈ ਪੱਕਾ ਅਸੂਲ ਅਸੂਲ ਨਹੀਂ ਬਣਾਇਆ।

ਇਸੇ ਤਰ੍ਹਾਂ ਹਰ ਬੰਦ ਦੇ ਚਰਣਾਂ ਦੀ ਗਿਣਤੀ ਵੀ ਇਕਸਾਰ ਨਹੀਂ। ਕੱਤਕ ਮਾਹ ਵਰਨਣ ਪੰਜ ਬੰਦਾਂ ਵਿਚ ਨਿਭਾਇਆ ਹੈ ਪਰ ਫੱਗਣ ਨੌਂ ਬੰਦਾਂ ਵਿਚ। ਹਰੇਕ ਮਹੀਨੇ ਦਾ ਵਰਨਣ ਇਕ ਜਾਂ ਇਕ ਤੋਂ ਵਧ ਦੋਹਿਰਿਆਂ ਨਾਲ ਆਰੰਭ ਹੁੰਦਾ ਹੈ। ਬਾਰਾਂਮਾਹੇ ਦੇ ਆਰੰਭ ਵਿਚ ਸ਼ਾਇਦ ਮੰਗਲਾਚਰਨ ਕਰਨ ਕਰ ਕੇ ਚਾਰ ਦੋਹਿਰੇ ਦਿਤੇ ਹਨ। ਦੋਹਿਰਾ ਇਕ ਹੋਣ ਦੀ ਸੂਰਤ ਵਿਚ, ਦੋਹਿਰੇ ਦੇ ਪਹਿਲੇ ਅੱਧ ਵਿਚ ਕਵੀ ਸਬੰਧਤ ਮਹੀਨੇ ਮੌਸਮੀ ਵਰਨਣ ਕਰਦਾ ਹੈ ਤੇ ਦੂਜੇ ਅੱਧ ਵਿਚ ਉਹ ਅਕਸਰ ਗੁਰੂ, ਮਰਯਾਦਾ ਜਾਂ ਇਤਿਹਾਸ ਵਰਨਣ ਦਾ ਸੰਕੇਤ ਦੇ ਕੇ ਅਗੋਂ ਉਸੇ ਹਿਸਾਬ ਦਾ ਪ੍ਰਕਰਣ ਸ਼ੁਰੂ ਕਰ ਲੈਂਦਾ ਹੈ ਜਿਵੇਂ :

> ਜੇਠ ਮਹੀਨਾ ਬੀਤਿਆ ਘਾਮ[45] ਕੀਆ ਪਰਵੇਸ਼।
> ਗੁਰ ਰਹਿਤ ਬਤਾਈ ਖਾਲਸੇ, ਇਸ਼ਨਾਨ ਕਰੋ ਸਣਕੇਸ।

ਪਰ ਕਿਤੇ-ਕਿਤੇ ਉਹ ਇਸ ਲੀਹ ਦਾ ਅਨੁਸਰਣ ਤਿਆਗ ਵੀ ਦਿੰਦਾ ਹੈ ਜਿਵੇਂ ਅੱਸੂ, ਕੱਤਕ, ਮੱਘਰ, ਮਾਘ ਤੇ ਫਗਣ ਮਹੀਨੇ ਦੇ ਆਰੰਭਕ ਦੋਹਿਰਿਆਂ ਵਿਚ :

> ਗੁਰ ਧਰਮ ਰੱਖਣ ਦੇ ਵਾਸਤੇ ਜੁਗ ਜੁਗ ਲਏ ਅਵਤਾਰ।
> ਚੁਗਲ ਨਿੰਦਕ ਚੁਣ ਮਾਰਨੇ, ਕਰਨੇ ਅਸੁਰ ਸੰਘਾਰ।
> (ਕੱਤਕ)

ਕਵੀ ਨੇ ਇਸ ਰਚਨਾ ਵਿਚ ਅਜਿਹੇ ਤੁਕਾਂਤਾਂ ਦਾ ਪ੍ਰਯੋਗ ਕੀਤਾ ਹੈ ਜਿਹੜੇ ਕੰਨਾਂ ਨੂੰ ਸੁੰਦਰ, ਮਨ ਨੂੰ ਆਕਰਸ਼ਕ ਲਗਦੇ ਹਨ ਤੇ ਆਮ ਵਰਤੋਂ ਵਾਲੇ ਹਨ, ਪਰ ਕਿਤੇ-ਕਿਤੇ ਰਵਾਇਤੀ ਸ਼ਬਦਾਂਤਕਾਂ ਨੂੰ ਛਡ ਕੇ ਨਵੇਂ ਸ਼ਬਦਾਂਤਕਾਂ ਦਾ ਕੀਤਾ ਗਿਆ ਪ੍ਰਯੋਗ ਕਾਵਿ-ਰੌਚਿਕਤਾ ਵਧਾਉਂਦਾ, ਉਸ ਵਿਚ ਨਵੀਨਤਾ ਲਿਆਉਂਦਾ ਤੇ ਕਾਵਿ-ਰਸ ਦੀ ਮਾਤਰਾ ਵਿਚ ਵਾਧਾ ਕਰਦਾ ਹੈ :

> ਵਜੇ ਢੋਲਕ ਛੈਣੇ ਖੜਕਣ,
> ਹੱਲੇ ਦੇ ਸ਼ਬਦ ਕਲੇਜੇ ਰੜਕਣ,
> ਬੀਬੀਆਂ ਵਾਂਗ ਕਬੂਤਰ ਫੜਕਣ,
> ਕਰਦੀਆਂ ਨਿਰਤ ਪੈਰ ਨਹੀਂ ਅਟਕਣ,
> ਖੁਲ੍ਹੇ ਕੇਸ ਗਲੇ ਵਿਚ ਲਟਕਣ, ਸੋਭਾ ਪਾਂਵਦੇ।

ਅਲੰਕਾਰਾਂ ਨੂੰ ਕਵਿਤਾ ਤੇ ਗਹਿਣੇ ਮੰਨਿਆ ਗਿਆ ਹੈ ਜੋ ਕਾਵਿ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ। ਪਰ ਇਨ੍ਹਾਂ ਦਾ ਪ੍ਰਯੋਗ ਕਵੀ ਦੀ ਮੁਹਾਰਤ ਜਾਂ ਕਾਵਿ ਅਭਿਆਸ ਤੇ ਵਿਦਵਤਾ ਦੇ ਫਲਸਰੂਪ ਸੁਤੇ ਸਿਧ ਹੀ ਹੋਇਆ ਹੁੰਦਾ ਹੈ। ਭਾਈ ਚੰਦਾ ਸਿੰਘ ਦੀ ਇਹ ਸੁੰਦਰ ਤੇ ਮਨਮੋਹਕ ਰਚਨਾ ਅਲੰਕਾਰਾਂ ਤੋਂ ਵੀ ਸੱਖਣੀ ਨਹੀਂ ਹੈ। ਸਰਵਾਂਤਯਾਨੁਪ੍ਰਾਸ ਤਾਂ ਲਗਪਗ ਸਾਰੇ ਬਾਰਾਂਮਾਂਹ ਵਿਚ ਹੀ ਮੌਜੂਦ ਹੈ। ਅਨੁਪ੍ਰਾਸਾਲੰਕਾਰ ਦੀਆਂ ਹੋਰਨਾਂ ਕਿਸਮਾਂ ਦਾ ਵੀ ਪ੍ਰਯੋਗ ਹੋਇਆ ਮਿਲਦਾ ਹੈ। ਵ੍ਰਿਤਯਾਨੁਪ੍ਰਾਸ ਆਮ ਮਿਲਦਾ ਹੈ ਪਰ ਸ਼ਤਯਾਨੁਪ੍ਰਾਸ ਵੀ ਕਿਤੇ ਕਿਤੇ ਦਰਸ਼ਨ ਦਿੰਦਾ ਹੈ। ਕਈ ਪੰਕਤੀਆਂ ਵਿਚ ਇਕ ਤੋਂ ਬਹੁਤੇ ਅਲੰਕਾਰਾਂ ਦਾ ਸਮਾਵੇਸ਼ ਵੀ ਹੋਇਆ ਮਿਲਦਾ ਹੈ। ਬਾਰਾਂਮਾਹੇ ਵਿਚੋਂ ਅਲੰਕਾਰ-ਪ੍ਰਯੋਗਾਂ ਦੀਆਂ ਕੁਛ ਉਦਾਹਰਣਾਂ ਦੇਣੀਆਂ ਯੋਗ ਹੋਣਗੀਆਂ :

੧. ਉਪਮਾਲੰਕਾਰ

ੳ) ਸੂਬੇ ਸੋਭਾ ਪਾਵਣ ਨਾਲ
> ਚੜ੍ਹਦੀ ਜਿਉਂ ਹੰਸਾਂ ਦੀ ਡਾਰ,
> ਫੌਜਾਂ ਸੋਹਣ ਜਿਵੇਂ ਸਰਦਾਰ.....

(ਅ) ਗੋਰਾ ਖੌਫ ਸਿੰਘਾਂ ਤੋਂ ਖਾਏ, ਨਹੀਂ ਇਹ ਖੈਰ ਗੁਜ਼ਾਰਦੇ।

ਇਥੇ ਅਨੁਪ੍ਰਾਸਲੰਕਾਰ ਵੀ ਮੌਜੂਦ ਹੈ।

੨. ਵਿਨੋਕਤਿ ਅਲੰਕਾਰ :

> ਭਜਨ ਬਿਨ ਬਿਰਥਾ ਜਾਂਦੀ ਦੇਹ।

੩. ਵ੍ਰਿਤਯਾਨੁਪ੍ਰਾਸਾਲੰਕਾਰ:

> ੳ) ਖੁਲ੍ਹੇ ਕੇਸ ਗਲੇ ਗਲੇ ਵਿਚ ਲਟਕਣ।
> ਅ) ਜਿਹੜੇ ਬੜੇ-ਬੜੇ ਸਿਰ ਕਰਦੇ।

੪. ਉਭਯਾਲੰਕਾਰ:

ਗੁਰ ਦੇ ਦਰਸ਼ਨ ਪਾਵਨ।

੫. ਉਲਾਸਾਲੰਕਾਰ ਦਾ ਦੂਜਾ ਰੂਪ :

ਖੁਲ੍ਹੇ ਕੇਸ ਤੇ ਫਾਲੀਂ ਲਾਵਣ,
ਮੇਰੇ ਸਤਿਗੁਰ ਦੇ ਮਨ ਭਾਵਣ, ਜਦੋਂ ਉਹ ਲੇਟਦੇ।

੬. ਉਲਾਸਾਲੰਕਾਰ ਦਾ ਤੀਜਾ ਰੂਪ :

ਲਿਆ ਭਜਨ ਮੈਂ ਕਰ ਕੇ ਜੋਰ,
ਘਰ ਵਿਚ ਰਹੇ ਹਮੇਸ਼ਾ ਸ਼ੋਰ,
ਸੱਸ ਕਢੇਂਦੀ ਮੰਦੇ ਬੋਲ,
ਨੀ ਤੈਂ ਜਾਣਾ ਕੂਕਿਆਂ ਕੋਲ, ਮੇਹਣੇ ਮਾਰਦੀ।

੭. ਅਸੰਭਵਾਲੰਕਾਰ :

ਜਿਹੜੇ ਸਿੰਘ ਗੁਰਾਂ ਦੇ ਪਿਆਰੇ,
ਲੰਘ ਕੇ ਗਏ ਸਾਗਰ ਖਾਰੇ।

੮. ਭਾਵਿਕਾਲੰਕਾਰ :

ਜਦ ਰੂਸ ਪੰਜਾਬੇ ਆਵੇ,
ਪਵੇ ਕਾਲ ਮੁਲਕ ਰੁਲ ਜਾਵੇ,
ਦੁਨੀਆਂ ਮਰੇ ਅੰਨ ਕੋ ਹਾਵੇ,
ਠਗ ਚੋਰ ਬਹੁ ਲੁਟ ਲੁਟ ਖਾਵੇ....

੯. ਸਿਮਰਣਾਲੰਕਾਰ :

ਮਹੀਨਾ ਫਗਣ ਕੀਆ ਪਰਵਾਸ,
ਸਤਿਗਰ ਕੀਤਾ ਚਿਤ ਉਦਾਸ,
ਜਿਵੇਂ ਰਾਮ ਚਲੇ ਬਣਾਵਾਸ....

ਅ) ਸਾਧ ਸੰਗਤ ਉਡੀਕਣ ਸਾਰੇ, ਜਿਉਂ ਅਜੁਧਿਆ ਰਾਮ ਨੂੰ।

੧੦. ਸ਼ੁਤਯਾਨੁਪ੍ਰਾਸਾਲੰਕਾਰ :

ਸੰਗਤ ਕੀਤੀ ਭਵਜਲੋਂ ਪਾਰ, ਚਾੜ੍ਹ ਬੇੜੇ ਨਾਮ ਕੇ।

ਇਸ ਬਾਰਾਂਮਾਂਹੇਂ ਵਿਚ ਆਮ ਕਰ ਕੇ ਬਿਰਹਾ ਵਰਨਣ ਹੋਣ ਕਾਰਨ ਸ਼ਾਂਤ ਤੇ ਕਰੁਣਾ ਰਸ ਪ੍ਰਧਾਨ ਹੁੰਦਾ ਹੈ ਪਰ ਜਿਵੇਂ ਕਵੀ ਨੇ ਬਾਰਾਂਮਾਂਹ ਦਾ ਰਵਾਇਤੀ ਵਿਸ਼ਾ ਵਸਤੂ ਬਦਲਕੇ ਨਿਰੋਲ ਬਿਰਹਾ ਕਾਵਿ ਦੀ ਥਾਂ ਇਸ ਨੂੰ ਇਤਿਹਾਸ ਪ੍ਰਧਾਨ ਰਚਨਾ ਦਾ ਰੂਪ ਦਿੱਤਾ ਹੈ ਤਿਵੇਂ ਹੀ ਉਸ ਨੇ ਕਰੁਣਾ ਤੇ ਸ਼ਾਂਤ ਰਸ ਦੇ ਪ੍ਰੰਪਰਾਗਤ ਰਸ ਵਰਨਣਾਂ ਦੇ ਨਾਲ-ਨਾਲ ਪ੍ਰਸੰਗ ਵਸ ਕਵੀ ਹੋਰ ਰਸਾਂ ਦਾ ਪ੍ਰਯੋਗ ਵੀ ਕੀਤਾ ਹੈ।

੧. ਇਹ ਹੈ ਸ਼ਿੰਗਾਰ ਰਸ ਦੀ ਵੰਨਗੀ :

ੳ) ਸਤਿਗੁਰੂ ਚੀਨੀ ਦੇ ਹੁੰਦੇ ਅਸਵਾਰ,
ਸੁਬੇ ਸੋਭਾ ਪਾਵਣ ਨਾਲ,
ਚੜ੍ਹਦੀ ਜਿਉਂ ਹੰਸਾਂ ਦੀ ਡਾਰ,
ਫੌਜਾਂ ਸੋਹਣ ਜਿਵੇਂ ਸਰਦਾਰ,
ਐਸਾ ਕਵਣ ਜੋ ਕਰੇ ਬੀਚਾਰ, ਏਸ ਅਵਤਾਰ ਦੀ।

ਅ) ਵਜੇ ਢੋਲਕ ਛੈਣੇ ਖੜਕਣ ਵਾਲਾ ਬੰਦ ਵੀ ਦੇਖਿਆ ਜਾ ਸਕਦਾ ਹੈ।

੨. ਇਹ ਹੈ ਬੀਰ ਰਸ ਦਾ ਨਮੂਨਾ :

ੳ) ਚੰਦਾ ਸਿੰਘ ਗੁਰ ਰਚਿਆ ਭਾਣਾ,
ਸਿੰਘ ਕਰਦੇ ਜੋਰ ਧਿਙਾਣਾ,
ਕਹਿੰਦੇ ਮਲੇਰ ਕੋਟਲੇ ਧਾਣਾ,
ਜੱਥੇ ਗਿਆਨ ਸਿੰਘ ਦੀ ਜਾਣਾ,
ਬਦਲਾ ਲੈਣਾ ਪਾਸ ਪਠਾਣਾਂ,....

੩. ਸ਼ਾਂਤ ਰਸ :

ਜਾਂ ਸਿੰਘ ਬੈਠੇ ਵਿਚ ਦੀਵਾਨ,
ਹਿਰਦੇ ਗੁਰ ਦਾ ਜਾਪ ਕਮਾਨ,
ਦਰਸਨ ਕਰਦੇ ਲਾਇ ਧਿਆਨ,
ਸਤਿਗੁਰ ਬਚਨ ਬਿਲਾਸ ਸੁਨਾਣ,
ਸਿੰਘ ਹੋ ਮਸਤਾਨੇ ਜਾਣ,
ਉਠ ਉਠ ਚਰਨੀਂ ਸੀਸ ਨਿਵਾਣ.

੪. ਕਰੁਣਾ ਰਸ :

ਕਵੀ ਵੱਲੋਂ ਕਰੁਣਾ ਰਸ ਦੇ ਪ੍ਰਯੋਗ ਦੀ ਦਿਤੀ ਗਈ ਉਦਾਹਰਣ ਬਹੁਤ ਉਤਮ ਜਾਪਦੀ ਹੈ। ਇਤਿਹਾਸਕ ਪਖੋਂ ਤੁਲਨਾਤਮਕ ਵੀ ਹੈ। ਤ੍ਰੇਤੇ ਜੁਗ ਵਿਚ ਭਗਵਾਨ ਰਾਮ, ਬਣਵਾਸ ਮਿਲ ਜਾਣ ਸਮੇਂ ਅਯੁਧਿਆ ਤੋਂ ਵਿਦਿਆ ਹੋਏ ਤਾਂ ਅਯੁਧਿਆ ਵਾਸੀਆਂ ਦੇ ਦਿਲਾਂ ਵਿਚ ਜਿਹੜੀਆਂ ਬਿਰਹਾ ਕਟਾਰੀਆਂ ਵੱਜੀਆਂ ਉਨ੍ਹਾਂ ਨੇ ਲੋਕਾਂ ਨੂੰ ਕੁਰਲਾਉਣ ਲਾ ਦਿਤਾ ਸੀ ਜਦ ਕਿ ਰਾਜਾ ਦਸ਼ਰਥ, ਪੁਤਰ-ਵਿਯੋਗ ਵਿਚ ਹੀ ਮਹਿਲ ਤੋਂ ਛਾਲ ਮਾਰ ਕੇ ਡਿਗ ਕੇ ਪ੍ਰਾਣ ਤਿਆਗ ਗਿਆ ਸੀ। ਇਸ ਕਾਵਿ ਰਚਨਾ ਦੇ ਮੁੱਖ ਨਾਇਕ ਭਗਵਾਨ ਰਾਮ ਦੇ ਇਕ ਪਖੋਂ ਸਰਨਾਵੀਏਂ ਹਨ ਸਤਿਗੁਰੂ ਰਾਮ ਸਿੰਘ। ਉਹ ਪ੍ਰਦੇਸ ਗਵਨ ਕਰਦੇ ਹਨ ਤਦ ਨਾਮਧਾਰੀ ਕੇਂਦਰ, ਭੈਣੀ ਸਾਹਿਬ ਵਿਚ ਮੌਜੂਦ ਸੰਗਤ ਦਾ ਹਾਲ ਵੀ ਤ੍ਰੇਤੇ ਜੁਗ ਦੇ ਅਯੁਧਿਆ ਵਾਸੀਆਂ ਵਾਲਾ ਹੀ ਹੁੰਦਾ ਹੈ। ਰਾਮ ਦੇ ਪਿਛੇ ਵੀ ਰਾਜ ਦੀ ਸੰਭਾਲ ਕਰਨ ਵਾਲਾ ਉਨ੍ਹਾਂ ਦਾ ਭਾਈ ਭਰਥ ਰਿਹਾ ਸੀ। ਇਥੇ ਗੁਰੂ ਰਾਮ ਸਿੰਘ ਦਾ ਵੀ ਭਾਈ ਹੀ ਪਿਛੇ ਰਿਹਾ। ਇਸ ਤੁਲਨਾ ਨਾਲ ਕਵੀ ਨੇ ਇਸ ਰਸ ਵਰਨਣ ਵਿਚ ਹੋਰ ਵੀ ਰੰਗ ਭਰ ਦਿਤਾ ਹੈ :

ੳ) ਮਹੀਨੇ ਫਗਣ ਕੀਆ ਪਰਵਾਸ,
ਸਤਿਗੁਰੂ ਕੀਤਾ ਚਿਤ ਉਦਾਸ,
ਜਿਵੇਂ ਰਾਮ ਚਲੇ ਬਣਵਾਸ,
ਸੀਤਾ ਲਛਮਣ ਲੈ ਗਏ ਸਾਥ,
ਪਿਛੇ ਵਾਂਗ ਭਰਥ ਭਾਈ ਰਹੇ,
ਦੁਖ ਸੁਖ ਜਿਸ ਤੇ ਸੰਗਤ ਰਹੇ, ਮੈਂ ਬਲਿਹਾਰੀਆਂ।

ਅ) ਸਤਿਗੁਰ ਬਾਝੋਂ ਚੈਨ ਨ ਹੋਈ,
ਸੰਗਤ ਸਭ ਉਦਾਸੀ ਹੋਈ,
ਰਾਤੀ ਨੈਣੀ ਨੀਂਦ ਨ ਆਵੇ,

ਤਾਰੇ ਗਿਣਦਿਆਂ ਰੈਣ ਵਿਹਾਵੇ,
ਸਾਨੂੰ ਪਾਣੀ ਅੰਨ ਨ ਭਾਵੇ,
ਦਿਨ ਦਿਨ ਗਮ ਗੁਰਾਂ ਦਾ ਖਾਵੇ,
ਐਸਾ ਕੌਣ ਜੋ ਆਣ ਮਿਲਾਵੇ, ਮੈਂ ਕਰਾਂ ਸਿਰਵਾਰਨੇ।

੫. **ਅਦਭੁਤ ਰਸ** :

ਚੰਦਾ ਸਿੰਘ ਗੁਰ ਤੋਂ ਬਲਿਹਾਰੀ,
ਜਿਸ ਨੇ ਅਚਰਜ ਕਲਾ ਦਿਖਾਰੀ।

੬. **ਭਿਆਨਕ ਰਸ** :

ੳ) ਗੋਰਾ ਮੂੰਹ ਵਿਚ ਉਂਗਲ ਪਾਏ,
ਸਾਡਾ ਧੜਕ ਕਲੇਜਾ ਜਾਇ।
ਅ) ਅਗੇ ਸਾਵਣ ਮਹੀਨੇ ਚੜ੍ਹਦੇ,
ਗੋਰੇ ਬਹਿ ਕੇ ਕੌਂਸਲ ਕਰਦੇ,
ਸਾਡੇ ਚਿਤ ਗੁਰਾਂ ਤੋਂ ਡਰਦੇ,
ਇਹ ਸਿੰਘ ਸ਼ੋਰ ਸ਼ਰਾਬਾ ਕਰਦੇ....
ੲ) ਬੈਠੇ ਖੌਫ ਖਾਂਵਦੇ ਗੋਰੇ,
ਪੈ ਗਏ ਲੰਦਨ ਦੇ ਵਿਚ ਸ਼ੋਰੇ,
ਸ) ਰਾਤੀਂ ਨਜ਼ਰ ਖਾਲਸਾ ਆਇਆ,
ਉਸਨੇ ਭਵਜਲ ਬੁਰਾ ਦਿਖਾਇਆ,
ਮੁਖ ਥੀਂ ਕਰੜਾ ਬਚਨ ਸੁਣਾਇਆ,
ਚੜ੍ਹੋ ਲਾਹੌਰ ਤੇ।

੭. **ਰੌਦ੍ਰ ਰਸ** :

ਹੋਇਆ ਕੰਸ ਰਾਜਾ ਅਉਤਾਰੀ,
ਉਸਨੇ ਭੈਣ ਕੈਦ ਕਰ ਡਾਰੀ,
ਜੰਮੇ ਲੜਕਾ ਲੜਕੀ ਮਾਰੀ,
ਬਿਜਲੀ ਹੋਇ ਗਗਨ ਚਮਕਾਰੀ....
ਅ) ਦਿਨੋ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਨ ਧੀਆਂ ਪਰਾਈਆਂ, ਪਲੂ ਪਾਇਕੇ।

ਭਗਤੀ ਮੱਤ ਵਾਲੇ ਸ਼ਾਂਡਿਲਯ ਰਿਖੀ ਨੇ ਕੇਵਲ ਪੰਜ ਰਸ ਮੰਨੇ ਹਨ ਜਿਨ੍ਹਾਂ ਵਿਚ ਉਸ ਨੇ ਵਾਤਸਲਯ, ਦਾਸਯ, ਤੇ ਸਖਯ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਰਸਾਂ ਦਾ ਵੀ ਪ੍ਰਯੋਗ ਹੋਇਆ ਇਸ ਰਚਨਾ ਵਿਚ ਮਿਲਦਾ ਹੈ।

੧. **ਇਹ ਹੈ ਵਾਤਸਲਯ ਰਸ ਦੀ ਉਦਾਹਰਣ** :

ਕੀ ਪਰਵਾਹ ਕਿਸੇ ਦੀ ਉਹਨਾਂ
ਗੁਰੂ ਜਿਨ੍ਹਾਂ ਦਾ ਪਖੀ,
ਸਤਿਗੁਰ ਬਿਰਦ ਤੁਮਾਰਾ ਕਹੀਏ ਲਾਜ ਬਿਰਦ ਦੀ
ਰਖੀ, ਬਿਰਦ ਬੀਚਾਰਕੇ।

੨. **ਦਾਸਯ ਰਸ** :

ੳ) ਵਿਚ ਪਰੇਮੀ ਸਿੰਘ ਵੀ ਆਵਣ,
ਪਖੇ ਝੱਲਣ ਪਾਣੀ ਪਿਆਂਵਣ,
ਮੁਠੀਆਂ ਭਰਨ ਥਕੇਵੇਂ ਲਾਹਵਣ,
ਬਰਤਨ ਮਾਂਜਣ ਟਹਿਲ ਕਮਾਵਣ....
ਅ) ਸਿੰਘਾਂ ਦੇ ਵਲ ਲਿਖਦੇ ਪੜ੍ਹਦੇ,
ਸਾਨੂੰ ਜਾਣੋ ਅਪਣੇ ਬਰਦੇ,
ਦਰਸ਼ਨ ਦੇਹੋ ਕਿਰਪਾ ਕਰ ਕੇ...
ੲ) ਗੁਰ ਸੰਗਤ ਭੁਲ ਚੁਕ ਬਖਸ਼ ਲੈ,
ਜਾਨ ਦਾਸਾਂ ਦਾ ਦਾਸ।

੩. **ਸਖਯ ਰਸ** :

ਗੁਰ ਚਰਨਾਂ ਦੀ ਟੇਕ ਹੈ ਹੋਰ ਨ ਰੰਚਕ ਆਸ।
ਅ) ਅਸੂ ਆਸ ਗੁਰਾਂ ਦੀ ਰਖੀ,
ਨਿਤ ਮੈਂ ਦਰਸ਼ਨ ਦੇਖਾਂ ਅਸੀਂ।

ਭਾਈ ਚੰਦਾ ਸਿੰਘ ਦੀ ਰਚਨਾ ਵਿਚ ਕੁਦਰਤੀ ਚੀਜ਼ਾਂ ਦਾ ਮਾਨਵੀਕਰਨ ਕੀਤਾ ਹੋਇਆ ਵੀ ਮਿਲਦਾ ਹੈ। ਸਮੁੰਦਰੀ ਜਹਾਜ਼ ਰਾਹੀਂ ਗੁਰੂ ਰਾਮ ਸਿੰਘ ਦੀ ਬਰਮਾ ਨੂੰ ਰਵਾਨਗੀ ਮੌਕੇ ਦੇ ਸਫ਼ਰ ਵਰਨਣ ਵਿਚ ਸਾਗਰ ਮਾਨਵੀ ਰੂਪ ਧਾਰ ਕੇ ਗੁਰੂ ਜੀ ਨੂੰ ਨਮਸਕਾਰ ਕਰਦਾ ਦਿਖਾਇਆ ਹੈ :

ਅਗੋਂ ਸਾਗਰ ਸਰਨੀ ਆਇਆ।
ਉਸ ਜੋੜੇ ਹੱਥ ਤੇ ਸੀਸ ਨਿਵਾਇਆ,
ਧੰਨ ਭਾਗ ਮੈਂ ਦਰਸ਼ਨ ਪਾਇਆ।

ਕਲ-ਨਾਰਦ ਦੇ ਮਿਥਿਹਾਸਕ ਪਾਤਰਾਂ ਦਾ ਪ੍ਰਯੋਗ ਉਸ ਨੂੰ ਨਜਾਬਤ ਦੇ ਬਰਾਬਰ ਖੜ੍ਹਾ ਕਰ ਦਿੰਦਾ ਹੈ। ਨਜਾਬਤ ਤੇ ਉਸ ਦੀ ਵਾਰ ਸਬੰਧੀ ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਪ੍ਰੋ. ਪਰਮਿੰਦਰ ਸਿੰਘ ਹੋਰਾਂ ਦੀ ਆਲੋਚਨਾਤਮਕ ਟਿਪਣੀ ਭਾਈ ਚੰਦਾ ਸਿੰਘ ਤੇ ਉਸ ਦੀ ਇਸ ਰਚਨਾ ਤੇ ਇੰਨ-ਬਿੰਨ ਢੁਕਦੀ ਮਲੂਮ ਹੁੰਦੀ ਹੈ। "ਕਲ ਤੇ ਨਾਰਦ ਦੇ ਮਿਥਿਹਾਸਕ ਪਾਤਰਾਂ ਨੂੰ ਆਮ ਲੋਕਾਂ ਦੀ ਦਸ਼ਾ ਦਾ ਅਜਿਹਾ ਚਿੰਨ੍ਹ ਬਣਾਇਆ ਹੈ ਕਿ ਲੇਖਕ (ਨਜਾਬਤ) ਨੂੰ ਵਧੀਆ ਕਲਾਕਾਰ ਮੰਨਣਾ ਪੈਂਦਾ ਹੈ," ਉਹ ਲਿਖਦੇ ਹਨ, "ਲੇਖਕ ਦੀ ਹਿੰਦੂ ਮਿਥਿਹਾਸ ਤੇ ਰਚਨਾਵਾਂ ਨਾਲ ਏਨੀ ਵਾਕਫੀ ਹੈ ਕਿ ਮੰਨਣਾ ਪੈਂਦਾ ਹੈ ਇਸ ਵਾਰ ਦਾ ਕਰਤਾ ਇਕ ਕਾਫੀ ਉਘਾ ਵਿਦਵਾਨ ਸੀ।"[46] ਇਸ ਹਿਸਾਬ ਭਾਈ ਚੰਦਾ ਸਿੰਘ ਦੀ ਕਲਾ ਪ੍ਰਬੀਨਤਾ ਨੂੰ ਵੀ ਮੰਨਣਾ ਪਇਗਾ।

'ਹੈਂ ਗੁਣ ਔਗੁਣ ਸਭ ਵਿਖੇ ਇਨ ਬਿਨ ਜੰਤ ਨਾ ਕੋਇ।'[47] ਅਨੁਸਾਰ ਜਿਥੇ ਇਸ ਕਾਵਿ ਰਚਨਾ ਵਿਚ ਇੰਨੇ ਗੁਣ ਹਨ ਉਥੇ ਇਕ ਦੋ ਔਗੁਣਾਂ ਤੋਂ ਵੀ ਇਹ ਬਚੀ ਨਹੀਂ।

ਕਵਿਤਾ ਵਿਚ ਵਜ਼ਨ ਤੋਲ ਵਿਚ ਵਾਧਾ ਘਾਟਾ ਗੰਭੀਰ ਦੋਸ਼ ਮੰਨਿਆ ਜਾਂਦਾ ਹੈ ਕਿਉਂਕਿ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਵਿਤਾ ਵਿਚ ਐਧੀ ਮਾਤਰਾ ਦਾ ਵਾਧਾ ਘਾਟਾ ਵੀ ਛੰਦ ਚਾਲ ਵਿਗਾੜ ਦਿੰਦਾ ਹੈ, ਕਈ ਵਾਰ ਜੇ ਸ਼ਬਦਾਂ ਦੀ

ਥੀਤ ਸਹੀ ਨਾ ਹੋਵੇ ਤਦ ਵਜ਼ਨ ਤੋਲ ਸਹੀ ਹੁੰਦਿਆਂ ਹੋਇਆ ਵੀ ਸਕਤਾ ਪੈਦਾ ਹੋ ਸਕਦਾ ਹੈ। ਕਾਵਿ-ਚਰਣ ਵਿਚ ਅਰਧ ਜਾਂ ਪੂਰਾ ਬਿਸਰਾਮ ਪੂਰੇ ਵਰਣਾਂ ਜਾਂ ਮਾਤ੍ਰਾਂ ਤੇ ਨਾ ਦਿਤਾ ਗਿਆ ਹੋਵੇ ਤਦ ਯਤੀਭੰਗ ਦੋਸ਼ ਬਣ ਜਾਂਦਾ ਹੈ। ਇਹੋ ਜਹੇ ਕੁਛ ਦੋਸ਼ ਭਾਈ ਜੀ ਦੀ ਰਚਨਾ ਵਿਚ ਵੀ ਥੋੜ੍ਹੀ ਬਹੁਤੀ ਮਾਤਰਾ ਵਿਚ ਮੌਜੂਦ ਹਨ। ਉਦਾਹਰਣ ਵਜੋਂ ਛੰਦ ਚਾਲ ਦੇ ਹਿਸਾਬ ਦੋਹਿਰੇ ਦਾ ਬਿਸਰਾਮ ੧੩,੧੧ ਮਾਤ੍ਰਾਂ ਤੇ ਹੁੰਦਾ ਹੈ ਪਰ ਵਿਚਾਰਾਧੀਨ ਬਾਰਾਂਮਾਂਹ ਵਿਚ ੧੫ ਮਾਤ੍ਰਾਂ ਤੇ ਪਹਿਲਾ ਬਿਸਰਾਮ ਵੀ ਮਿਲਦਾ ਹੈ ਤੇ ਵੀਹਾਂ ਤੇ ਵੀ। ਮੰਗਲਾਚਰਨ ਦੇ ਪਹਿਲੇ ਦੋਹਿਰਿਆਂ ਵਿਚ ਵੀ ਕਵੀ ਨੇ ਕਾਫੀ ਖੁਲ੍ਹ ਲਈ ਹੈ ਜਿਸ ਦੀ ਇੰਨੇ ਸਿਆਣੇ ਕਵੀ ਤੋਂ ਆਸ ਕਰਨੀ ਬਣਦੀ ਨਹੀਂ :

ਬਾਰਾਂਮਾਹ ਸ੍ਰੀ-ਸਤਿਗੁਰੂ ਕਾ ਉਚਰੋਂ,
ਮੁਹਿ ਪਹਿ ਹੋਇ ਸੁਹਾਇ।

ਪੰਕਤੀ ਦੇ ਪਹਿਲੇ ਬਿਸਰਾਮ ਵਿਚ ਹੀ ਮਾਤ੍ਰਾਂ ਦੀ ਗਿਣਤੀ ਨਿਰਧਾਰਤ ਤੋਂ ਡਿਉਢੀ ਹੈ ਜੋ ਦੋਸ਼ ਹੈ।

ਇਹ ਸਕਤੇ ਦੀ ਉਦਾਹਰਣ ਹੈ :

ੳ) ਗਲ ਮਾਲਾ ਸੀਸ ਖੰਡਾ ਸੋਭਾ ਪਾਈ।
ਅ) ਸਤਿਗੁਰੂ ਚੀਨੀ ਦੇ ਹੁੰਦੇ ਅਸਵਾਰ।

ਪੜ੍ਹਨ ਵਿਚ ਵੀ ਸਕਤਾ ਪੈਦਾ ਹੁੰਦਾ ਹੈ।

੨. ਤੁਕਾਂਤ ਭੰਗ :

ਇਹ ਦੋਸ਼ ਵੀ ਅਕਸਰ ਇਸ ਰਚਨਾ ਵਿਚ ਮਿਲਦਾ ਹੈ। ਜਿਵੇਂ ਗੋਤ ਨਾਲ ਸ਼ਹੀਦ, ਸੀਸ ਤੇ ਧਿਆਨ ਦੇ ਨਾਲ ਮੁਕਾਮ ਆਦਿ ਤੁਕਾਂਤ ਮੇਲਣਾ ਆਦਿ।

੩. ਪੁਨਰੁਕਤੀ :

ਇਹ ਦੋਸ਼ ਵੀ ਕਈ ਥਾਂ ਦੇਖਣ ਵਿਚ ਆਉਂਦਾ ਹੈ। ਇਕੋ ਸ਼ਬਦ ਇਕੋ ਅਰਥਾਂ ਵਿਚ ਤੇ ਇਕੋ ਬੰਦ ਵਿਚ ਵਾਰ ਵਾਰ ਪ੍ਰਯੋਗ ਹੋਣਾ ਯੋਗ ਨਹੀਂ। 'ਇਕ ਨਿੰਦਕ ਨਿੰਦਾ ਕਰਦੇ' ਬੰਦ ਵਿਚ ਇਸ ਦੀ ਉਦਾਹਰਣ ਮਿਲਦੀ ਹੈ।

੪. ਭਾਸ਼ਾ

ਕਵੀ ਨੇ ਲਗਦੀ ਵਾਹੇ ਠੇਠ ਤੇ ਆਮ ਫਹਿਮ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਅੰਗਰੇਜ਼ਾਂ ਦੀ ਵਿਦਿਆ ਪ੍ਰਣਾਲੀ ਦਾ ਨਾਮਧਾਰੀਆਂ ਨੇ ਬਾਈਕਾਟ ਰੱਖਿਆ ਤੇ ਅੰਗਰੇਜ਼ਾਂ ਦੀਆਂ ਵਿਦਿਅਕ ਸੰਸਥਾਵਾਂ ਦਾ ਵੀ। ਕਵੀ ਦੇ ਅੰਗਰੇਜ਼ੀ ਪੜ੍ਹੇ ਹੋਣ ਦਾ ਕੋਈ ਕਿਆਸ ਕਰਨਾ ਇਸ ਪਖੋਂ ਅਸੰਭਵ ਹੈ ਪਰ ਕਵੀ ਵੱਲੋਂ ਉਸ ਸਮੇਂ ਅੰਗਰੇਜ਼ੀ ਸ਼ਬਦ 'ਕੌਂਸਲ' ਦਾ ਪ੍ਰਯੋਗ ਹੈਰਾਨੀ ਦਾ ਕਾਰਨ ਹੈ ਤੇ ਓਪਰਾ ਵੀ ਲਗਦਾ ਹੈ :

ਗੋਰੇ ਬਹਿ ਕੇ ਕੌਂਸਲ ਕਰਦੇ....।

ਉਂਜ ਨਿਆਂ ਦੀ ਗੱਲ ਕਰਦਿਆਂ ਇਸ ਰਚਨਾ ਵਿਚ ਵਜ਼ਨ ਤੋਲ ਵਾਸਤੇ ਕਵੀ ਨੂੰ ਬਹੁਤਾ ਦੋਸ਼ੀ ਠਹਿਰਾਉਣਾ ਇਸ ਲਈ ਯੋਗ ਨਹੀਂ ਜਾਪਦਾ ਕਿ ਜ਼ਬਤ ਹੋ ਜਾਣ ਕਾਰਨ ਇਸ ਬਾਰਾਂਮਾਹ ਦੀ ਸਿੱਖਾਂ ਨੇ ਕੰਠਾਗਰ ਸੰਭਾਲ ਕੀਤੀ ਸੀ। ਬਜ਼ੁਰਗਾਂ ਦੇ ਦੱਸਣ ਅਨੁਸਾਰ ਇਸ ਨੂੰ ਸ਼ਰੇਆਮ ਕੰਠਾਗਰ ਪੜ੍ਹਨ ਦੀ ਵੀ ਆਗਿਆ ਨਹੀਂ ਸੀ ਹੁੰਦੀ। ਇਸ ਲਈ ਸੀਨਾ ਬਸੀਨਾ ਸੰਭਾਲ ਦੌਰਾਨ ਵੀ ਕੁਛ ਫਰਕ ਪੈ ਜਾਣਾ ਸੰਭਵ ਮੰਨਿਆਂ ਜਾ ਸਕਦਾ ਹੈ। ਉਂਜ ਸਰਕਾਰੀ ਰਿਪੋਰਟਾਂ ਵਿਚ ਇਸ ਦੀ ਛਪੀ ਪ੍ਰਤੀ ਦਾ ਜ਼ਿਕਰ ਤਾਂ ਕੀਤਾ ਗਿਆ ਹੈ ਪਰ ਕਿਸ ਪ੍ਰਕਾਸ਼ਕ ਦੇ ਕਿਸ ਛਾਪੇਖਾਨੇ ਤੋਂ, ਕਦੋਂ, ਤੇ ਕਿੰਨੀ ਗਿਣਤੀ ਵਿਚ ਛੱਪਿਆ ਤੇ ਇਸ ਦੇ ਪ੍ਰਕਾਸ਼ਨ ਦੇ ਦੋਸ਼ੀ ਪ੍ਰਕਾਸ਼ਕ ਦਾ ਕੀ ਬਣਿਆ ? ਇਹ ਗੱਲਾਂ ਉਸ ਰਿਪੋਰਟ ਵਿਚ ਦਰਜ ਨਹੀਂ। ਕਈ ਗੱਲਾਂ ਸਰਕਾਰ ਆਪਣੀ ਹੇਠੀ ਤੋਂ ਬਚਣ ਲਈ ਵੀ ਛਡ ਜਾਂਦੀ ਸੀ। ਜੇਰਾਰਲਡ ਬੈਰੀਅਰ ਅਨੁਸਾਰ ਜ਼ਬਤੀ ਜਾਂ ਕਿਸੇ ਤੇ ਕਾਰਵਾਈ ਦਾ ਬਹੁਤ੍ਰਾ ਅਧਿਕਾਰ ਪ੍ਰਾਂਤਕ ਸਰਕਾਰ ਦਾ ਆਪਣਾ ਹੁੰਦਾ ਸੀ ਤੇ ਉਹ ਕੇਂਦਰੀ ਸਰਕਾਰ ਵੱਲੋਂ ਕਿਸੇ ਪ੍ਰਕਾਸ਼ਨ ਵਿਰੁਧ ਕਾਰਵਾਈ ਦੀ ਸਿਫਾਰਸ਼ ਨੂੰ ਵੀ ਕਈ ਵਾਰ ਅਣਗੌਲਿਆਂ ਕਰ ਜਾਂਦੀ ਸੀ।[48]

ਇਕ ਗੱਲ ਹੋਰ। ਕਵੀ ਦੇ ਰਚਨਾਕਾਲ ਵਿਚ ਇਹ ਇਤਿਹਾਸਕ ਗਲਤੀ ਨਹੀਂ ਸੀ ਕਿਉਂਕਿ ਉਸ ਵੇਲੇ ਸਰਕਾਰੀ ਰਿਕਾਰਡ ਤੱਕ ਨਾਮਧਾਰੀ ਦੀ ਪਹੁੰਚ ਨਹੀਂ ਸੀ। ਜਿਵੇਂ ਗੱਲ ਪਰਚਾਰੀ ਗਈ ਤਿਵੇਂ ਸੱਚ ਮੰਨ ਲਈ ਗਈ। ਪਹਿਲੀਆਂ ਨਾਮਧਾਰੀ ਲਿਖਤਾਂ ਵਿਚ ਸ਼ਹੀਦਾਂ ਬਾਰੇ ਇਹ ਜ਼ਿਕਰ ਮਿਲਦਾ ਹੈ ਕਿ ਮਲੇਰ ਕੋਟਲੇ ਦਾ ਸਾਕਾ ਹੋਣ ਪਿਛੋਂ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਧੋਖੇ ਨਾਲ ਗ੍ਰਿਫਤਾਰ ਕੀਤਾ ਗਿਆ ਜਾਂ ਚੁਗਲਾਂ ਨੇ ਚੁਗਲੀ ਕਰ ਕੇ ਫੜਾ ਦਿਤੇ। ਮੰਨੇ ਪ੍ਰਮੰਨੇ ਨਾਮਧਾਰੀ ਇਤਿਹਾਸਕਾਰ ਸੰਤ ਇੰਦਰ ਸਿੰਘ 'ਚਕ੍ਰਵਰਤੀ' ਜੀ ਦੀ ਲਿਖਤ ਵਿਚ ਵੀ ਇਕ ਥਾਂ ਇਹੋ ਕੁਛ ਲਿਖਿਆ ਹੈ ਤੇ ਸੰਤ ਨਿਧਾਨ ਸਿੰਘ ਆਲਿਮ ਜੀ ਦੀ ਰਚਨਾ ਵਿਚ ਵੀ, ਪਰ ਪਿਛੋਂ ਹੋਈਆਂ ਖੋਜਾਂ ਸਮੇਂ ਸਰਕਾਰੀ ਰਿਕਾਰਡ ਵਿਚ ਹੀ ਸਿੰਘਾਂ ਦਾ ਆਤਮਸਮਰਪਣ ਕਰਨ ਦਾ ਖੁਲਾਸਾ ਕਈ ਥਾਈਂ ਕੀਤਾ ਮਿਲਦਾ ਹੈ। ਇਸ ਲਈ ਭਾਈ ਜੀ ਦਾ ਲਿਖਣਾ :

ਚੁਗਲਾਂ ਚੁਗਲੀ ਮਾਰ ਕੇ ਦਿਤੇ ਸਿੰਘ ਫੜਾ।

ਉਸ ਸਮੇਂ ਠੀਕ ਸੀ ਪਰ ਵਰਤਮਾਨ ਸਮੇਂ ਵਿਚ ਗਲਤ ਹੋ ਗਿਆ ਹੈ ਜਿਸ ਲਈ ਅਸੀਂ ਕਵੀ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ, ਪਰ ਨਵੀਂ ਲੱਭਤ ਦੇ ਚਾਨਣ ਵਿਚ ਇਤਿਹਾਸਕ ਭੁਲ ਦੀ ਸੋਧ ਜ਼ਰੂਰੀ ਬਣਦੀ ਹੈ।

ਜ਼ਬਤੀ ਦਾ ਕਾਰਨ :

ਇਸ ਬਾਰਾਂਮਾਂਹੇ ਦੀ ਜ਼ਬਤੀ ਦਾ ਸਪੱਸ਼ਟ ਕਾਰਨ ਸਰਕਾਰੀ ਰਿਪੋਰਟਾਂ ਵਿਚੋਂ ਨਹੀਂ ਮਿਲਦਾ ਪਰ ਪਹਿਲਾਂ ਜ਼ਬਤ ਹੋਈਆਂ ਉਪਰੋਕਤ ਦੋ ਪੁਸਤਕਾਂ ਸਬੰਧੀ ਵਰਨਣ ਦੀ ਰੋਸ਼ਨੀ ਵਿਚ, ਇਤਿਹਾਸਕ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ ਇਸ

ਰਚਨਾ ਦਾ ਅਧਿਐਨ ਸਾਨੂੰ ਹੇਠ ਲਿਖੇ ਸਿੱਟਿਆਂ ਤੇ ਜ਼ਰੂਰ ਪਹੁੰਚਾਉਂਦਾ ਹੈ :

੧. ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਵਾਲੇ ਸਿੰਘ ਪੈਦਾ ਕਰਨ ਵਾਲੇ ਗੁਰੂ ਰਾਮ ਸਿੰਘ ਦੀ ਭਰਪੂਰ ਪ੍ਰਸੰਸਾ ਤੇ ਉਨ੍ਹਾਂ ਨੂੰ ਬਾਰ੍ਹਵੇਂ ਗੁਰੂ ਵਜੋਂ ਮਾਨਤਾ ਦਾ ਢੰਡੋਰਾ ਪਿਟਿਆ ਜਾਣਾ :

ਸਤਿਗੁਰ ਹੈ ਪੂਰਨ ਅਵਤਾਰ,
ਇਸ ਨੇ ਕਰਨੇ ਚੋਜ ਅਪਾਰ,
ਆਇਆ ਰੂਪ ਬਾਰ੍ਹਵਾਂ ਧਾਰ,
ਮਾਨੋ ਤਾਰਨ ਨੂੰ ਸੰਸਾਰ,
ਸੰਗਤ ਕੀਤੀ ਭਵਜਲੋਂ ਪਾਰ, ਚਾੜ੍ਹ ਬੇੜੇ ਨਾਮ ਦੇ।

੨. ਗੁਰੂ ਰਾਮ ਸਿੰਘ ਦੀ ਪ੍ਰਦੇਸ਼ ਤੋਂ ਵਾਪਸੀ ਵਿਚ ਦ੍ਰਿੜ੍ਹ ਵਿਸ਼ਵਾਸ ਦਾ ਪ੍ਰਗਟਾਵਾ :

ਸਤਿਗੁਰੂ ਫੇਰ ਪੰਜਾਬੇ ਆਵਨ,
ਅਗਲੀਆਂ ਸਫਾਂ ਸਭਿ ਉਠਾਵਨ,
ਨਵੇਂ ਹੋਰ ਨਿਸ਼ਾਨ ਝੁਲਾਵਨ....

੩. ਰਾਜਸੀ ਉਦੇਸ਼ ਅਰਥਾਤ ਸੁਤੰਤਰਤਾ ਪ੍ਰਾਪਤੀ ਲਈ ਸੂਬਿਆਂ ਦਾ ਸਰਹੱਦੋਂ ਪਾਰ ਭੇਜਿਆ ਜਾਣਾ, ਵਿਸ਼ੇਸ਼ ਕਰ ਕੇ ਸੂਬਾ ਬਿਸ਼ਨ ਸਿੰਘ ਦਾ ਇਸ ਮੰਤਵ ਪੂਰਤੀ ਲਈ ਕਾਬਲ ਵਿਚ ਟਿਕੇ ਹੋਣ ਦਾ ਪਰਚਾਰ ਤੇ ਗੁਰੂ ਜੀ ਦਾ ਬਰਤਾਨੀਆਂ ਦੇ ਵਿਰੋਧੀ ਰੂਸ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਤੇ ਚੜ੍ਹਾਈ ਕਰਨ ਦਾ ਸੱਦਾ ਦਿਤੇ ਜਾਣ ਦਾ ਪਰਚਾਰ :

ੳ) ਸੂਬੇ ਕੀਤੇ ਸਭ ਤਿਆਰ,
ਜਿਹੜੇ ਆਦਿ ਅੰਤ ਦੇ ਯਾਰ,
ਦਿਤੇ ਸਭ ਦੇਸਾਂ ਤੇ ਚਾਹੜ,
ਜਾ ਕੇ ਆਵੇ ਕਾਜ ਸਵਾਰ

ਅ) ਬਿਸ਼ਨ ਸਿੰਘ ਗੁਰੂ ਕਾ ਲਾਲ,
ਫੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ,
ਉਹ ਵੀ ਹੋਇਆ ਨਾਲ ਤਿਆਰ,
ਅਗੇ ਜੋ ਭਾਵੇ ਕਰਤਾਰ...

ੲ) ਸਤਿਗੁਰ ਬੋਲੇ ਮੁੱਖ ਥੀਂ ਬੈਣ,
ਘੱਲੇ ਸ਼ਹੀਦ ਰੂਸ ਨੂੰ ਲੈਣ,
ਉਹਦੇ ਜਾਦਿ ਪਲੰਘ ਤੇ ਬੈਹਣ,
ਫੜ ਸਲੋਤਰ ਮਾਰਨ ਪੈਣ,
ਲਿਖੇ ਹੁਕਮਨਾਮੇ ਹਥ ਦੇਣ, ਆਪ ਅਕਾਲ ਦੇ।

ਸ) ਜਦੋਂ ਰੂਸ ਕਚਹਿਰੀ ਆਇਆ।
ਪਾਸ ਸਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸਨੇ ਭਵਜਲ ਬੁਰਾ ਦਿਖਾਇਆ,
ਮੁੱਖ ਥੀਂ ਕਰੜਾ ਬਚਨ ਸੁਣਾਇਆ,
ਚੜ੍ਹੋ ਲਾਹੌਰ ਤੇ।

ਹ) ਫੌਜਾਂ ਚੜ੍ਹ ਰੂਸ ਦੀਆਂ ਧਾਈਆਂ,
ਫਿਰ ਗਈਆਂ ਲੰਦਨ ਵਿਚ ਦੁਹਾਈਆਂ....

੪. ਰੂਸ ਦੇ ਹਥੋਂ ਅੰਗਰੇਜ਼ਾਂ ਦੀ ਭਾਂਜ ਤੇ ਸ਼ਾਹਮੁਹੰਮਦ ਦੇ ਕਥਨ

ਲੰਡਨ ਟਾਪੂਆਂ ਵਿਚ ਕੁਰਲਾਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।'

ਜਾਂ

'ਸ਼ਾਹਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਜੀ।'

ਦਾ ਕਵੀ ਦੇ ਆਪਣੇ ਸ਼ਬਦਾਂ ਵਿਚ ਦੁਹਰਾਇਆ ਜਾਣਾ

ਫੌਜਾਂ ਚੜ੍ਹ ਰੂਸ ਦੀਆਂ ਧਾਈਆਂ....,
ਫਿਰ ਗਈਆਂ ਲੰਦਨ ਵਿਚ ਦੁਹਾਈਆਂ,
ਓਧਰੋਂ ਗੋਰੇ ਕਰਦੇ ਧਾਈਆਂ,
ਦਿਨੋ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਣ ਧੀਆਂ ਪਰਾਈਆਂ, ਪੱਲੂ ਪਾਇਕੇ।

੫. ਸਤਿਗੁਰੂ ਜੀ ਤੋਂ ਅੰਗਰੇਜ਼ਾਂ ਦੇ ਭੈਭੀਤ ਹੋਣ ਤੇ ਘਬਰਾਉਣ ਦਾ ਪ੍ਰਗਟਾਵਾ :

ਗੋਰਾ ਮੂੰਹ ਵਿਚ ਉਂਗਲ ਪਾਏ,
ਸਾਡਾ ਧੜਕ ਕਲੇਜਾ ਜਾਇ,
ਐਸਾ ਕੌਣ ਅਕਾਲ ਹਟਾਏ ?....
ਗੋਰਾ ਖੌਫ ਸਿਘਾਂ ਤੋਂ ਖਾਏ, ਨਹੀਂ ਇਹ ਖੈਰ ਗੁਜ਼ਾਰਦੇ।

ਅਤੇ

ਬੈਠ ਖੌਫ ਖਾਂਵਦੇ ਗੋਰੇ,
ਪੈ ਗਏ ਲੰਦਨ ਦੇ ਵਿਚ ਸ਼ੋਰੇ,
ਸੂਬੇ ਫੜ ਦੇਸ਼ਾਂ ਮੇਂ ਤੋਰੇ...।

'ਜਿਥੇ ਨਾ ਪਹੁੰਚੇ ਰਵੀ ਉਥੇ ਪਹੁੰਚੇ ਕਵੀ' ਦੀ ਲੋਕ ਧਾਰਨਾ ਅਨੁਸਾਰ ਕਵਿਤਾ ਤੇ ਵਿਸ਼ੇਸ਼ ਕਰ ਕੇ ਚੰਗੀ ਕਵਿਤਾ ਦਾ ਇਹ ਗੁਣ ਹੈ ਕਿ ਇਹ ਸਿਧੀ ਸ੍ਰੋਤੇ ਦਿਲ ਦੇ ਦਿਮਾਗ ਨੂੰ ਟੁੰਬਦੀ ਹੈ। ਛੰਦ ਬਧ ਰਚਨਾ ਵਿਚ ਵਜ਼ਨ ਤੋਲ, ਤੁਕਾਂਤ ਰਲ ਕੇ ਲੈਅ ਪੈਦਾ ਕਰਦੇ ਹਨ ਜੋ ਅਗੋਂ ਰਸ ਨੂੰ ਜਨਮ ਦਿੰਦੀ ਹੈ। ਇਸੇ ਕਰ ਕੇ ਕਾਵਿ ਵਿਚ ਲਿਖੀ ਕੋਈ ਵੀ ਚੀਜ਼ ਜ਼ਬਾਨੀ ਯਾਦ ਕਰਨੀ ਵਾਰਤਕ ਨਾਲੋਂ ਕਿਤੇ ਸੌਖੀ ਹੁੰਦੀ ਹੈ। ਫਿਰ ਬੀਰ-ਰਸੀ ਕਵਿਤਾ ਨੂੰ ਸੁਣ ਕੇ ਤਾਂ ਆਮ ਸ੍ਰੋਤਾ ਵੀ ਜੁੱਧ ਲਈ ਤਿਆਰ ਹੋ ਜਾਂਦਾ ਹੈ। ਇਹ ਗੁਣ ਖੁਲ੍ਹੀ ਕਵਿਤਾ ਵਿਚ ਨਹੀਂ ਹੁੰਦਾ। ਪੁਰਾਤਨ ਲੋਕ ਤਾਂ ਖੁਲ੍ਹੀ ਕਵਿਤਾ ਨੂੰ ਜਾਣਦੇ ਹੀ ਨਹੀਂ ਸਨ, ਨਾ ਹੀ ਇਸ ਨੂੰ ਕੋਈ ਕਾਵਿ ਮੰਨਣ ਨੂੰ ਤਿਆਰ ਸੀ।

ਭਾਈ ਚੰਦਾ ਸਿੰਘ ਦੀ ਰਚਨਾ ਇਕ ਤਾਂ ਹੈ ਕਵਿਤਾ ਵਿਚ ਦੂਜਾ ਉਸ ਨੇ ਛੰਦ ਅਜਿਹਾ ਪ੍ਰਯੋਗ ਕੀਤਾ ਹੈ ਜਿਹੜਾ ਰਸਦਾਇਕ ਵੀ ਹੈ ਤੇ ਟੁੰਬਵਾਂ ਵੀ। ਇਸ ਬਾਰਾਂਮਾਂਹੇ ਦੇ ਲੋਕ ਪ੍ਰਭਾਵ ਸਬੰਧੀ ੮ ਮਈ ੧੮੮੪ ਨੂੰ ਲਿਖੇ ਆਪਣੇ ਨੋਟ ਵਿਚ, ਪੰਜਾਬ ਪੁਲਸ ਦੇ ਇਨਸਪੈਕਟਰ ਜਨਰਲ ਦੀ ਵਿਸ਼ੇਸ਼ ਸ਼ਾਖਾ ਵਿਚ ਸਹਾਇਕ, ਡੋਨਾਲਡ ਮੈਕਕਰੈਕਨ, ਨੇ ਅੰਮ੍ਰਿਤਸਰ ਦੇ ਪੁਲਸ ਕਪਤਾਨ ਦੇ ਹਵਾਲੇ ਨਾਲ ਲਿਖਿਆ ਹੈ ਕਿ (ਸੁਲਤਾਨਵਿੰਡ ਦਰਵਾਜ਼ੇ ਦੇ ਅੰਦਰਵਾਰ ਤੇ ਚੋਕ ਬਾਬਾ ਭੌੜੀ ਵਾਲਾ ਦੇ ਨਜ਼ਦੀਕ ਸਥਿਤ) ਅੰਮ੍ਰਿਤਸਰ ਦੀ ਨਾਮਧਾਰੀ ਧਰਮਸਾਲਾ ਵਿਚ ੧੦ ਅਪ੍ਰੈਲ ੧੮੮੪ ਨੂੰ ਇਕੱਠੀ ਹੋਈ ਨਾਂਮਧਾਰੀ ਸ਼ੰਗਤ ਨੂੰ ਜਦੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਸ਼ਾਹਬਾਜ਼ਪੁਰ ਦਾ ਦੇਵਾ ਸਿੰਘ ਇਹ ਬਾਰਾਂਮਾਂਹਾਂ ਪੜ੍ਹ ਕੇ ਸੁਣਾ ਰਿਹਾ ਸੀ ਤਦ ਇਸ ਨੇ ਸ੍ਰੋਤਿਆਂ ਵਿਚ ਅਜਿਹੀ ਉਤੇਜਨਾ ਭਰ ਦਿਤੀ ਕਿ ਉਹ ਛਾਤੀਆਂ ਪਿੱਟਣ ਲਗ ਪਏ ਤੇ ਬਾਕੀ ਦੇ ਮਸਤਾਨੇ ਹੋ ਗਏ ਸਨ ਜਿਨ੍ਹਾਂ ਦੀਆਂ ਦਸਤਾਰਾਂ ਸਿਰਾਂ ਤੋਂ ਉਤਰ ਕੇ ਕਿਧਰੇ ਡਿਗਦੀਆਂ ਪਈਆਂ ਸਨ। ਉਹ ਇਸ ਕਾਵਿ ਰਚਨਾ ਦੇ ਆਮ ਲੋਕਾਂ ਵਿਚ ਬਹੁਤ ਹਰਮਨ ਪਿਆਰੀ ਹੋਣ ਦੀ ਉਗਾਹੀ ਵੀ ਭਰਦਾ ਹੈ। ਇਸ ਲਈ ਇਸ ਰਚਨਾ ਦੀ ਜ਼ਬਤੀ ਦਾ ਇਕ ਕਾਰਨ ਇਸ ਦਾ ਆਮ ਜਨਤਾ ਦੇ ਦਿਲ ਦਿਮਾਗਾਂ ਤੇ ਤੁਰੰਤ ਵਿਦਰੋਹੀ ਪ੍ਰਭਾਵ ਪਾ ਕੇ ਸਥਿਤੀ ਨੂੰ ਹੋਰ ਵੀ ਨਾਜ਼ੁਕ ਬਣਾ ਦੇਣ ਦੀ ਸਮਰਥਾ ਵੀ ਹੋ ਸਕਦੀ ਹੈ। ਪੰਜਾਬ ਪੁਲਸ ਦੇ ਇਨਸਪੈਕਟਰ ਜਨਰਲ ਨੇ ਪੁਲਸ ਦੇ ਸ਼ਿਮਲਾ ਸਥਿਤ ਕੇਂਦਰੀ ਦਫਤਰ ਤੋਂ ਇਸ ਬਾਰਾਂਮਾਂਹੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਕੇ ਚੁਣਵੇਂ ਜ਼ਿਲਿਆਂ ਦੇ ਪੁਲਸ ਕਪਤਾਨਾਂ ਨੂੰ ਗੁਪਤ ਤੌਰ ਤੇ ਸੰਭਾਲਣ ਦੀ ਹਦਾਇਤ ਨਾਲ ੫ ਜੁਲਾਈ ੧੮੮੪ ਨੂੰ ਉਚੇਚੇ ਤੌਰ ਤੇ ਭੇਜਿਆ ਸੀ।

ਇਸ ਬਾਰਾਂਮਾਂਹੇ ਦਾ ਇਕ ਬੰਦ 'ਜਦ ਰੂਸ ਪੰਜਾਬੇ ਆਵੇ' ਆਮ ਲੋਕਾਂ ਵਿਚ ਇੰਨਾ ਹਰਮਨ ਪਿਆਰਾ ਹੋ ਗਿਆ ਸੀ ਕਿ ਇਹ ਜਨਸਾਧਾਰਨ ਦੀ ਵੀ ਜ਼ਬਾਨ ਤੇ ਚੜ੍ਹ ਗਿਆ ਸੀ। ਸੋਵੀਅਤ ਯੂਨੀਅਨ ਵਲੋਂ ਭਾਰਤ ਵਿਚ ਵਡੇ-ਵਡੇ ਕਾਰਖਾਨੇ ਲਾਏ ਜਾਣ ਸਮੇਂ ਇਸ ਬੰਦ ਵੱਲ ਲੋਕੀ ਆਮ ਸੰਕੇਤ ਕਰ ਕੇ ਕਿਹਾ ਕਰਦੇ ਸਨ ਕਿ ਹੁਣ ਰੂਸ ਆਉਣ ਲਗਾ ਹੈ ਜਿਸ ਦੀ ਕੂਕੇ ਉਡੀਕ ਕਰਿਆ ਕਰਦੇ ਸਨ।

ਨਿਰਸੰਦੇਹ, ਭਾਈ ਚੰਦਾ ਸਿੰਘ ਦੀ ਲਿਖਤ ਬਾਵਾ ਨਿਹਾਲ ਸਿੰਘ ਦੀ ਰਚਨਾ 'ਖੁਰਸ਼ੀਦੇ ਖਾਂਲਸਾ' ਨਾਲੋਂ ਕਿਤੇ ਵਧੇਰੇ ਜੋਸ਼ੀਲੇ ਜਜ਼ਬੇ ਵਾਲੀ ਤੇ ਵਿਦਰੋਹੀ ਭਾਵਨਾ ਭੜਕਾਉਣ ਵਾਲੀ ਹੈ। ਜਿਨ੍ਹਾਂ ਕਾਰਨਾਂ ਕਰ ਕੇ ਉਹ ਗ੍ਰੰਥ ਜ਼ਬਤ ਹੋਇਆ ਸੀ ਉਨ੍ਹਾਂ ਕਾਰਨਾਂ ਦੇ ਉਸ ਨਾਲੋਂ ਵਧੇਰੇ ਪ੍ਰਬਲ ਰੂਪ ਵਿਚ ਇਸ ਰਚਨਾ ਵਿਚ ਸਮੋਏ ਹੋਣ ਤੇ ਇਹ ਰਚਨਾ ਸਰਕਾਰੀ ਕ੍ਰੋਪੀ ਤੋਂ ਕਿਵੇਂ ਬਚ ਸਕਦੀ ਸੀ ?

ਭਾਈ ਚੰਦਾ ਸਿੰਘ ਰਚਿਤ ਇਸ ਬਾਰਾਂਮਾਹੇਂ ਦਾ ਰਾਜਸੀ ਮਹੱਤਵ ਵੀ ਬਹੁਤ ਹੈ ਤੇ ਕਵੀ ਦੇ ਦੇਸ ਭਗਤਕ ਚਰਿਤਰ ਦਾ ਸਪੱਸ਼ਟ ਚਿੱਤਰ ਵੀ ਇਸ ਵਿਚੋਂ ਪ੍ਰਗਟ ਹੁੰਦਾ ਹੈ। ਕਵੀ ਨੇ ਕਿੰਨੀ ਗਰਮ, ਵਿਦਰੋਹੀ ਤੇ ਪ੍ਰਭਾਵਸ਼ਾਲੀ ਭਾਸ਼ਾ ਅਤੇ ਵਿਚਾਰਾਂ ਦਾ ਨਿਡਰ ਹੋ ਕੇ ਉਸ ਸਮੇਂ ਸੁਮੇਲੀ ਪ੍ਰਯੋਗ ਕੀਤਾ ਹੈ ਜਦੋਂ ਲਗਪਗ ਸਾਰਾ ਪੰਜਾਬ ਅੰਗਰੇਜ਼ਾਂ ਦੀ ਝੋਲੀ ਪੈ ਗਿਆ ਸੀ ਤੇ ਲੋਕ ਉਨ੍ਹਾਂ ਦੀ 'ਜੀ ਹਜ਼ੂਰੀ' ਵਿਚੋਂ ਲਾਭ ਭਾਲਣ ਦੇ ਆਹਰ ਵਿਚ ਆਪਣੇ ਵਤਨੀ ਭਰਾਵਾਂ ਵਿਰੁਧ ਮੁਖਬਰੀਆਂ ਕਰ ਕੇ ਇਨਾਮ ਸਨਮਾਨ ਪ੍ਰਾਪਤ ਕਰਨ ਵਿਚ ਰੁਚੀ ਰੱਖਣ ਲਗ ਪਏ ਸਨ। ਮੁਖਬਰੀਆਂ ਦਾ ਜ਼ਿਕਰ ਕਵੀ ਨੇ ਕੀਤਾ ਵੀ ਹੈ।

ਭਾਈ ਚੰਦਾ ਸਿੰਘ ਦੀ ਇਸ ਰਚਨਾ ਦੇ ਅਧਿਐਨ ਤੋਂ ਉਸ ਦੀ ਕਾਵਿ ਪ੍ਰਤਿਭਾ ਦਾ ਗਿਆਨ ਹੁੰਦਾ ਹੈ। ਇਸ ਆਧਾਰ ਤੇ ਇਹ ਕਵੀ ਦੀ ਇਕਲੌਤੀ ਰਚਨਾ ਨਹੀਂ ਜਾਪਦੀ; ਕਿਉਂਕਿ ਪਹਿਲੀ ਰਚਨਾ ਇਨੀ ਮਿਆਰੀ ਹੋਣੀ ਕਠਨ ਹੈ, ਪਰ ਉਸ ਦੀ ਹੋਰ ਕਿਸੇ ਰਚਨਾ ਦਾ ਨਾ ਇਸ ਰਚਨਾ ਵਿਚੋਂ ਕੋਈ ਸੰਕੇਤ ਮਿਲਦਾ ਹੈ ਤੇ ਨਾ ਹੀ ਬਾਹਰਲੇ ਕਿਸੇ ਸ੍ਰੋਤ ਤੋਂ। ਹੋ ਸਕਦਾ ਹੈ ਕਿ ਉਸ ਨੇ ਕੇਵਲ ਇਹ ਇਕ ਰਚਨਾ ਰਚੀ ਹੋਵੇ ਤੇ ਇਸ ਨੇ ਹੀ ਉਸ ਨੂੰ ਵਾਰਸ ਵਾਂਗ ਅਮਰ ਕਰ ਦਿੱਤਾ ਹੋਵੇ। "ਇਹ ਬਾਰਾਂਮਾਂਹ ਕਲਾਤਮਕ ਪੱਖ ਤੋਂ ਵੀ ਬੜੀ ਸੰਪੂਰਨ ਤੇ ਉਤਕ੍ਰਿਸ਼ਟ ਸ਼ੈਲੀ ਦੀ ਪਰਪੱਕ ਰਚਨਾ ਹੈ ਜਿਸ ਵਿਚ ਭਾਵ ਤੇ ਵਿਚਾਰ ਬੜੇ ਸੰਤੁਲਤ ਅਤੇ ਅਤਿ ਦੇ ਸੂਖਮ ਕਲਾਤਮਿਕ ਅਨੁਸ਼ਾਸਨ ਵਿਚ ਬੱਝੇ ਪਏ ਹਨ।"[49]

ਨਿਰਸੰਸੇ, ਇਹ ਬਾਰਾਂਬਾਂਹਾ ਜਿੰਨਾ ਸਾਹਿਤ ਦਾ ਅਮੋਲਕ ਹਿੱਸਾ ਹੈ ਉਨ੍ਹਾਂ ਹੀ ਨਾਮਧਾਰੀ ਇਤਿਹਾਸ ਦਾ ਵੀ। ਇਸ ਦੀ ਲੰਮਾਂ ਸਮਾਂ ਕੰਠਾਗਰ ਸੰਭਾਲ ਕਰ ਕੇ ਇਸ ਦੀ ਹੋਂਦ ਬਚਾਈ ਰੱਖਣ ਵਾਲੇ ਸ਼ੈਦਾਈ ਵੀ ਧੰਨਵਾਦ ਦੇ ਹੱਕਦਾਰ ਹਨ।

(ਸਮਾਪਤ)

ਫੁੱਟ ਨੋਟ :-

45. ਧੁੱਪ, ਗਰਮੀ।
46 ਪ੍ਰੋ. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ, ਪੰਨਾ-੨੫੭
47. ਥੈਰੀਅਨ ਜੇਰਾਰਲਡ, ਪੰਜਾਬ ਪਾਸਟ ਪ੍ਰੈਜ਼ੇਂਟ, ਅਪਰੈਲ ੧੯੭੪, ਪੰਨਾ-੩੯
48. ਹਰਦਿਆਲ, ਸਾਰੁਕਤਾਵਲੀ, ਲਾਹੌਰ।
49. ਪ੍ਰੋ. ਕਿਰਪਾਲ ਸਿੰਘ ਕਸੇਲ, ਬੀਰ ਕਾਵਿ, ਖੋਜ ਪੱਤ੍ਰਿਕਾ, ਬੀਰ ਕਾਵਿ ਅੰਕ, ਪਟਿਆਲਾ,੧੯੯੨

ਸਹੁ ਜਾਗੈ ਹਉਂ ਨਿਸ ਭਰ ਸੋਵਾ

—*ਗੁਰਬਚਨ ਸਿੰਘ ਨਾਮਧਾਰੀ*

ਸੰਸਾਰ ਦੇ ਸਾਰੇ ਪ੍ਰਬੁੱਧ ਜਗਾ ਰਹੇ ਹਨ। ਸੰਤ ਜਗਾ ਰਹੇ ਹਨ, ਸਤਿਗੁਰੂ ਜਗਾ ਰਹੇ ਹਨ, ਸ਼ਾਸਤ੍ਰ ਜਗਾ ਰਹੇ ਹਨ। ਵੇਦਰਿਚਾਵਾਂ, ਗੀਤਾਂ ਦੇ ਸ਼ਲੋਕ, ਗੁਰੂਆਂ ਭਗਤਾਂ ਦੀ ਬਾਣੀ, ਜਾਗਣ ਲਈ, ਸੱਦਿਆਂ, ਸੰਦੇਸ਼ਾਂ ਨਾਲ ਭਰੀ ਹੋਈ ਹੈ। ਨੀਂਦ, ਬਹੁਤ ਪੁਰਾਣੀ ਹੈ, ਜਨਮਾਂ ਜਨਮਾਂ ਦੀ ਗਹਿਰੀ ਨੀਂਦ!

ਬਰਟੇਂਡ ਰਸੇਲ ਨੇ ਇਕ ਬਹੁਤ ਸੁੰਦਰ ਲਘੂ ਕਥਾ ਲਿਖੀ ਹੈ। ਇਕ ਰਾਜਾ ਸੁੱਤਾ। ਸੁਪਣਾ ਦੇਖਿਆ, ਮੈਂ ਮੱਖੀ ਬਣ, ਉੱਡ ਰਿਹਾਂ। ਗੰਦੀਆਂ ਥਾਵਾਂ ਤੇ ਬੈਠ ਰਿਹਾਂ... ਭਿੰਨ ਭਿੰਨ ਕਰ ਰਿਹਾਂ। ਨੀਂਦ ਖੁੱਲ੍ਹੀ ਤਾਂ ਵਿਕਰਮੰਦ ਹੋ ਗਿਆ। ਰਾਜ ਪ੍ਰੋਹਿਤ ਨੂੰ ਸੱਦ ਸਾਰਾ ਬਿਰਤਾਂਤ ਸੁਣਾਇਆ। ਰਾਜ ਗੁਰੂ ਨੇ ਸਮਝਾਉਣ ਦੀ ਕੋਸ਼ਿਸ ਕੀਤੀ, "ਸੁਪਨਾ ਤਾਂ ਸੁਪਨਾ ਹੈ ਇਸ ਨੂੰ ਤਰਜੀਹ ਨਾ ਦਿਉ।" ਪਰ ਰਾਜਾ ਗਹਿਰੀ ਸੋਚ ਵਿਚ ਸੀ। ਕਿਹਾ, "ਮੇਰੇ ਸਾਹਮਣੇ ਸਮਸਿਆ ਖੜੀ ਹੋ ਗਈ ਹੈ, ਮੈਂ ਰਾਜਾ ਹਾਂ ਜਿਸਨੇ ਸੁਪਨਾ ਦੇਖਿਆ ਮੱਖੀ ਹੋਣ ਦਾ, ਜਾਂ ਮੈਂ ਮੱਖੀ ਹਾਂ ਜੋ ਸੁਪਣਾ ਦੇਖ ਰਹੀ ਹੈ ਰਾਜਾ ਹੋਣ ਦਾ। ਹੈ ਤਾਂ ਦੋਨੋਂ ਸੁਪਨਾ।

ਬੁੱਧ ਲੋਕਾਂ ਦੀ ਨਜ਼ਰ ਵਿਚ, ਹਨੇਰਾ ਅਗਿਆਨਤਾ ਦਾ ਹੈ, ਸੰਸਾਰ ਦਾ ਪਦਾਰਥਵਾਦ ਨੀਂਦ ਦਾ ਪੱਖ ਹੈ। ਇਸ ਹਨੇਰੇ ਵਿਚ ਪ੍ਰਕਾਸ਼ ਦੀ ਇਕ ਲੋਅ ਦੀਵੇ ਦੀ ਇਕ ਜੋਤ ਜਲਾਉਣਾ ਸੰਤਾਂ ਦਾ ਜੀਵਨ ਮੰਤਵ ਹੈ। ਜੀਅ ਸਤ ਸਰੂਪ ਹੈ ਜੋਤ ਸਰੂਪ! ਤਾਂ ਗੁਰੂ ਨਾਨਕ ਕਹਿੰਦੇ ਹਨ—

"ਇਉ ਕਿਉ ਕੰਤ ਪਿਆਰੀ ਹੋਵਾਂ
ਸਹੁ ਜਾਗੈ ਹਉ ਨਿਸ ਭਰ ਸੋਵਾਂ" (੩੫੬)

ਇਕ ਰਾਤ ਦਾ ਜੀਵਨ ਹੈ ਮਨੁੱਖ। ਚਿਰ-ਵਿਯੋਗੀ ਜੀਅ ਲਈ ਪ੍ਰਿਅ ਮਿਲਣ ਦਾ ਸੁਨਹਿਰਾ ਅਵਸਰ। ਮਾਹੀ ਘਰ ਆਇਆ। ਜਾਗਣ ਦਾ ਸੱਦਾ ਦਿੰਦਾ ਹੋਇਆ... ਮਿਲਨ ਲਈ... ਜੀਅ ਨੂੰ ਅੰਕ ਵਿਚ ਸਮਾਉਣ ਲਈ ਤੱਤਪਰ। ਪਰ ਪਤਨੀ... ਅਵਚੇਤਨ ਵਿਚ ਬੇਸੁਧ ਸੁੱਤੀ ਪਈ ਹੈ... ਮਾਇਆ ਦੀ ਨੀਂਦ। ਸੁਪਨਿਆਂ ਨੂੰ ਜਿਉਂਦੀ ਹੋਈ...ਅਭਾਗਨ। ਲੰਬੀ ਜੁਦਾਈ ਤੋਂ ਬਾਦ... ਸ਼ਾਇਦ ਲੱਖਾਂ ਕਰੋੜਾਂ ਜੂਨਾਂ-ਜਨਮਾਂ ਤੋਂ ਬਾਦ ਮਿਲਨ ਦਾ ਇਹ ਬਹੁ ਪ੍ਰਤੀਖਤ ਅਵਸਰ। ਪ੍ਰਾਣੀ ਦੇ ਅਨੰਤ ਜੀਵਨ ਪ੍ਰਵਾਹ ਵਿਚ ਇਕ ਦੁਰਲਭ ਘਟਨਾ... ਜੀਵ-ਬ੍ਰਹਮ ਮਿਲਨ ਦਾ ਇਕ ਇਤਿਹਾਸਕ ਅਵਸਰ... ਗੋਬਿੰਦ ਮਿਲਨ ਕੀ ਬਰੀਆ! ਪਰ ਰਾਤ ਬੀਤੀ ਜਾ ਰਹੀ ਹੈ। ਜੀਵਨ ਆਹਿਸਤਾ ਆਹਿਸਤਾ ਖਿਸਕੀ ਜਾ ਰਿਹੈ। ਜੀਅ ਰੂਪੀ ਪਤਨੀ ਸੁੱਤੀ ਹੈ, ਜਾਗ੍ਰਿਤੀ ਤੋਂ ਦੂਰ... ਅਵਚੇਤਨ ਦੀ ਅਗਿਆਨਤਾ ਦੀ ਨੀਂਦ। ਬਸ ਥੋੜ੍ਹੀ ਦੇਰ ਹੋਰ...। ਚੰਦ ਲਮਹੇ ਹੋਰ...। ਪੂਰਵਾਂਚਲ ਵਿਚ ਖਿਲਰਿਆ ਹਲਕਾ ਜਿਹਾ ਚੰਪਈ ਉਜਾਲਾ ਔਰ ਮਾਹੀ ਦੂਰ ਚਲਾ ਜਾਇਗਾ.... ਬਹੁਤ ਦੂਰ... ਅਨੰਤ ਅਗਿਆਤ ਦੇਸ ਨੂੰ। ਇਸੇ ਕਰਕੇ ਗੁਰੂ ਨਾਨਕ ਸੁਚੇਤ ਕਰਦੇ ਹਨ, "ਮੇਰਾ ਸਹੁ ਜਾਗੈ ਹਉ ਨਿਸ ਭਰ ਸੋਵਾ"

ਭਗਵਾਨ ਕ੍ਰਿਸ਼ਨ ਅਰਜਨ ਨੂੰ ਕਹਿੰਦੇ ਹਨ—
ਯਾ ਨਿਸ਼ਾ ਸਰਵ ਭੂਤਾਨੀ, ਤਸਅ ਜਾਗ੍ਰਤੀ ਸੰਜਮੀ
ਯਸਅ ਜਾਗਰਤੀ ਭੂਤਾਨੀ, ਸਾ ਨਿਸ਼ਾ ਪਸ਼ਿਅਤੋ-ਮੁਨੇ
ਸ੍ਰੀਮਦ ਭਾਗਵਤ ਗੀਤਾ
(ਸਲੋਕ ੬੯ ਅ-੨)

ਸਾਰੇ ਸੰਸਾਰ ਵਿਚ ਜਦੋਂ ਰਾਤ ਹੁੰਦੀ ਹੈ, ਉਦੋਂ ਤੱਤ ਗਿਆਨੀ ਮੇਰੇ ਪਿਆਰ ਵਿਚ ਜਾਗਦੇ ਹਨ ਅਤੇ ਦਿਨ ਦੇ ਪ੍ਰਕਾਸ਼ ਵਿਚ ਜਦੋਂ ਸੰਸਾਰੀ ਲੋਕ ਮਾਇਆ ਪਿੱਛੇ ਦੌੜਦੇ ਹਨ— ਪ੍ਰਭੂ ਦੇ ਸੰਤ ਲਈ ਉਹ ਰਾਤ ਹੁੰਦੀ ਹੈ।

ਬਾਸਰਕੇ ਦੇ "ਅਮਰੂ" ੧੯ ਵੇਰ ਗੰਗਾ ਯਾਤਰਾ ਤੇ ਹੋ ਆਏ। ਲੋਕਵਾਦ ਦੇ ਪਿੱਛੇ ਭਟਕਦੇ ਹੋਏ... ਦਿਸ਼ਾਹੀਨ...। ਇਕ ਵਾਰ, ਚੇਤਨਯਪੁੰਜ, ਪੂਰਨ ਗੁਰੂ (ਅੰਗਦ ਦੇਵ ਜੀ) ਦਾ ਦੀਦਾਰ...। ਜਿਵੇਂ ਬਲਦੇ ਹੋਏ ਦੀਵੇ ਨਾਲ ਦੀਵਾ ਛੂਹ ਗਿਆ। ਲੱਟ ਲੱਟ ਕਰ ਕੇ ਇਕ ਜੋਤ ਹੋਰ ਪ੍ਰਕਾਸ਼ਮਾਨ ਹੋ ਗਈ। ਤੀਸਰੇ ਗੁਰੂ ਨਾਨਕ ਬਣ ਆਪ ਚੇਤਨਾ-ਪੁੰਜ ਬਣ ਗਏ।

ਗੰਧਰਵ ਰਾਜ ਦੇ ਵਿਸ਼ਵ-ਕੇਤੂ ਦੀ ਪੁਤਰੀ ਅਤੇ ਰਾਜਾ ਰਿਤੂ ਧੁਜ ਦੀ ਮਹਾਰਾਨੀ ਮਦਾਲਸਾ ਨੇ ਆਪਣਾ ਦੁੱਧ ਪਿਆਉਂਦਿਆਂ ਚਾਰੇ ਪੁੱਤਰਾਂ ਨੂੰ ਆਤਮ ਗਿਆਨ ਦੀ ਸਿਖਿਆ ਦੇ ਕੇ ਪਰਮ ਗਿਆਨੀ ਬਣਾ ਦਿੱਤਾ—

"ਸ਼ੁਧੋਅਸੀ, ਬੁੱਧੋਅਸੀ, ਨਿਰੰਜਨੋਅਸੀ
ਸੰਸਾਰ ਮਾਇਆ ਪਰਿਵਰਜੀਤੋਅਸੀ
ਸੰਸਾਰ ਸਵਪਨ, ਤਿਐਜ ਨਿੰਦੱਰਾ
ਮਦਾਲਸਾ ਉਵਾਚ ਪੁਤਰਮ॥"

'ਹੇ ਪੁੱਤਰ! ਤੂੰ ਸ਼ੁੱਧ ਹੈ, ਬੁੱਧ ਹੈਂ, ਨਿਰੰਜਨ ਹੈਂ, ਸੰਸਾਰ ਦੀ ਮਾਇਆ ਤੋਂ ਰਹਿਤ ਹੈਂ। ਇਹ ਸੰਸਾਰ ਸੁਪਨ ਮਾਤਰ ਹੈ। ਉੱਠ ਜਾਗ ਨਿੰਦਰਾ ਤਿਆਗ... ਤੂੰ ਆਪ ਸਤਚਿਤ ਅਨੰਦ ਸਰੂਪ ਹੈਂ। ਪ੍ਰਮੇਸ਼ਰ ਤੋਂ ਵਿਛੜਿਆ ਜੀਅ... ਜਨਮਾਂ ਜਨਮਾਂ ਤੋਂ ਪੁਕਾਰਦਾ ਰਿਹਾ... ਬ੍ਰਿਹੋਂ ਦਾ ਗੀਤ ਉਚਾਰਦਾ ਰਿਹਾ। ਅਜ ਦੀ ਰਾਤ ਪੀਆ ਮਿਲਨ ਦੀ ਰਾਤ। ਪਰਮਜੋਤ ਆਪ ਆਇਆ, ਮੇਰੇ ਘਰ। ਉਡੀਕ ਹੈ ਮੇਰੇ ਜਾਗਣ ਦੀ। ਪ੍ਰਤੀਖਿਆ ਹੈ, ਜੀਵ ਬ੍ਰਹਮ ਮਿਲਨ ਦੀ। ਸਾਰੀ ਗੁਰਬਾਣੀ ਸ਼ਬਦ ਰੂਪ ਵਿਚ ਗੂੰਜਾਇਮਾਨ ਹੋ ਰਹੀ, ਇਸੇ ਸਮੇਂ ਦੀ ਸੰਭਾਲ ਲਈ। ਗੁਰੂ ਦੀ

ਲੋੜ, ਬਸ ਇਸੇ ਖਿਣ ਹਲਕਾ ਜਿਹਾ ਇਕ ਹਲੂਣਾ... ਗਹਿਰੀ ਮੂਰਛਾ ਚੋਂ, ਅਵਚੇਤਨ ਚੋਂ ਬਾਹਰ ਕੱਢਣ ਦਾ ਇਕ ਉਪਰਾਲਾ....। ਇਕ ਵਾਰ ਕੋਈ ਪਲਕਾਂ ਖੋਲ੍ਹ ਦੇਵੇ... ਬਸ ਇਕ ਵਾਰ ਸੁਪਨਿਆਂ ਦੇ ਭੰਵਰ ਚੋਂ ਕੋਈ ਬਾਹਰ ਲੈ ਆਵੇ... ਆਤਮਕ ਜਾਗ੍ਰਿਤੀ ਦੀ ਪਹਿਲੀ ਪ੍ਰਤੀਤੀ ਸਦਾ ਲਈ ਪਦਾਰਥਵਾਦ ਨੂੰ ਨਕਾਰ ਦੇਵੇਗੀ। ਦੇਹ ਰੂਪ ਵਿਚ ਸਰੀਰ ਰੂਪ ਵਿਚ ਉਮਰ ਭਾਵੇਂ ਸੱਠ ਸਾਲ ਹੋਵੇ, ਸੱਤਰ ਸਾਲ ਹੋਵੇ, ਭਗਤੀ ਲੋਕ ਵਿਚ ਇਹ ਪ੍ਰਾਣੀ ਦਾ ਪਹਿਲਾ ਦਿਨ ਹੋਵੇਗਾ। ਐਸੇ ਹੀ ਪ੍ਰਬੁੱਧ ਲੋਕਾਂ ਦਾ ਇਕ ਪਿੰਡ ਸੀ। ਪਿੰਡ ਦੇ ਬਾਹਰ ਸ਼ਮਸ਼ਾਨ ਤੇ ਪਿੰਡ ਦੇ ਚੰਦ ਮ੍ਰਿਤਕਾਂ ਦੇ ਨਾਂ ਅਤੇ ਉਮਰ ਦਾ ਸੂਚਨਾ ਬੋਰਡ ਲਗਾ ਸੀ। ਕਿਸੇ ਦੀ ਉਮਰ ਤਿੰਨ ਵਰ੍ਹੇ, ਕਿਸੇ ਦੀ ਚਾਰ, ਕਿਸੇ ਦੀ ਪੰਜ ਵਰ੍ਹੇ। ਗੁਰੂ ਨਾਨਕ ਦੇ ਨਾਲ ਖੜੇ ਮਰਦਾਨੇ ਨੇ, ਇਸ ਸੂਚਨਾ ਪੱਟ ਤੇ ਗਹਿਰੀ ਹੈਰਾਨੀ ਜ਼ਾਹਿਰ ਕੀਤੀ, "ਇਸ ਪਿੰਡ ਵਿਚ ਸਾਰੇ ਬਾਲ ਉਮਰੇ ਹੀ ਮਰ ਗਏ ਜਾਪਦੇ ਹਨ", ਗੰਭੀਰ ਮੁਦਰਾ ਵਿੱਚ ਗੁਰੂ ਨਾਨਕ ਨੇ ਕਿਹਾ, "ਇਹ ਜਾਗੇ ਹੋਏ ਲੋਕਾਂ ਦੀ ਉਮਰ ਹੈ। ਆਂਤਰਕ ਜਾਗ੍ਰਿਤੀ ਤੋਂ ਬਾਦ, ਆਤਮਕ ਗਿਆਨ ਤੋਂ ਬਾਦ, ਪ੍ਰਾਣੀ ਜੀਵਨ ਦਾ ਪਹਿਲਾ ਦਿਨ ਹੁੰਦਾ ਹੈ। ਦੀਵੇ ਦੀ ਬਣਤਰ ਭਾਵੇਂ ਕਿੰਨੀ ਪੁਰਾਣੀ ਹੋਵੇ। ਜੋਤ ਬਲਣ ਤੋਂ ਬਾਦ ਦੀਵੇ ਦਾ ਪਹਿਲਾ ਖਿਣ ਸ਼ੁਰੂ ਹੁੰਦੇ।

ਪੁਰਖ ਅਤੇ ਪ੍ਰਕਿਰਤੀ ਦੇ ਸੁਮੇਲ ਤੋਂ ਜੀਵ ਬਣਿਆ। ਪ੍ਰਕ੍ਰਿਤੀ ਅਰਥਾਤ ਸਰੀਰ ਅਤੇ ਪੁਰਖ ਅਰਥਾਤ ਆਤਮਾ। ਸਰੀਰ ਸਥੂਲ ਰੂਪ ਹੈ। ਦੁੱਖ ਤੋਂ ਸੁੱਖ ਤੋਂ, ਗਰਮੀ ਤੋਂ ਸਰਦੀ ਤੋਂ ਪ੍ਰਭਾਵਤ ਹੋਣ ਵਾਲਾ, ਹੱਸਦਾ-ਰੋਂਦਾ ਮਨੁੱਖ। ਬਾਲ ਜਵਾਨੀ ਅਤੇ ਬੁਢਾਪੇ ਵਿਚ ਪ੍ਰਵਰਤਨਸ਼ੀਲ ਦੇਹ। ਇਹ ਅਨਿੱਤ ਹੈ-ਵਿਨਾਸ਼ਯੋਗ ਹੈ। ਪੁਰਖ! ਸਹਿਜ, ਸਮ ਸਦੀਵੀ ਅਤੇ ਸ਼ਾਸ਼ਵਤ! ਪ੍ਰਮਾਤਮਾ ਦਾ ਸੂਖਮ ਅੰਸ਼.... ਜੀਅ ਦੇ ਅੰਦਰ ਜਦੋਂ ਤਕ ਵਿਦਮਾਨ ਰਹੇ, ਜੀਵਨ ਨੂੰ ਪ੍ਰਮਾਣਿਤ ਕਰਦੇ। ਜਦੋਂ ਨਿਕਲ ਜਾਏ, ਸਰੀਰ ਅੰਤਮ ਸੰਸਕਾਰ ਦਾ ਮੁਹਤਾਜ ਹੋ ਜਾਂਦੇ। ਇਹ ਪੁਰਖ ਨਿਤ ਰੂਪ ਹੈ, ਅਵਿਨਾਸ਼ੀ ਅਮੂਰਤ। ਨਾ ਜਮਦੇ ਨਾ ਮਰਦੇ। ਸਦ ਜੀਵੰਤ... ਸਦ ਯੋਵਨ! ਨਿਰਭਉ, ਨਿਰਵੈਰ, ਪ੍ਰਮਾਤਮਾ ਸਰੂਪ... ਜੋਤ ਸਰੂਪ! ਇਸੇ ਸਰੂਪ ਨੂੰ ਪਛਾਣ ਕੇ ਤੀਸਰੇ ਪਾਤਸ਼ਾਹ ਨੇ ਕਿਹਾ— ਸੋਹੰ-ਸੋਹੰ। ਉਹ ਮੈਂ ਹਾਂ ਉਹ ਮੈਂ ਹਾਂ। ਇਸੇ ਸਰੂਪ ਦੀ ਪ੍ਰਤੀਤੀ ਜਾਗ੍ਰਿਤੀ ਹੈ ਜਾਗਣਾ ਹੈ। ਪਦਾਂਰਥਵਾਦੀ ਸੰਸਾਰ ਲੋਕ ਵਿਚ ਜਾਗੇ ਹੋਏ ਅਤੇ ਆਤਮ ਲੋਕ ਵਲੋਂ ਸੁੱਤੇ ਹੋਏ ਪ੍ਰਾਣੀ ਲਈ ਭਗਤ ਰਵਿਦਾਸ ਕਹਿੰਦੇ ਹਨ,

ਕਿਆ ਤੂ ਸੋਇਆ ਜਾਗੁ ਇਆਨਾ
ਤੈ ਜੀਵਨੁ ਜਗਿ ਸਚੁ ਕਰਿ ਜਾਨਾ
(੭੯੩-੯੪)

ਪੰਜਵੇਂ ਪਾਤਸ਼ਾਹ ਦੇ ਅਨੁਸਾਰ, ਅੰਤਸ ਦੀ ਜਾਗ੍ਰਿਤੀ, ਅਨੰਤ ਕਾਲ ਤੋਂ ਜਮਦੇ-ਮਰਦੇ ਜੀਵਨ ਦੀ ਇਕ ਅਲੌਕਿਕ ਘਟਨਾ ਹੈ। ਇਕ ਕ੍ਰਾਂਤੀਕਾਰੀ, ...ਪ੍ਰਾਣੀ ਜੀਵਨ ਦੀ ਇਤਿਹਾਸਿਕ ਘਟਨਾ, ਜੋ ਕਿਸੇ ਪੂਰਨ ਗੁਰੂ ਦੀ ਅਨੁਕੰਪਾ ਨਾਲ ਘਟਦੀ ਹੈ ਅਤੇ ਜੀਵਨ ਦਿਸ਼ਾ ਵਿਚ ਸੰਪੂਰਨ ਪ੍ਰਿਵਰਤਨ ਲੈ ਆਉਂਦੀ ਹੈ। ਤਾਂ ਪਾਤਸ਼ਾਹ ਸੱਦਾ ਦਿੰਦੇ ਹਨ—

"ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ" — *ਸੁਖਮਨੀ*

ਜੀਅ ਦੀਆਂ ਮੁਖ ਦੋ ਅਵਸਥਾਵਾਂ ਹੁੰਦੀਆਂ ਹਨ, ਚੇਤਨ ਅਤੇ ਅਚੇਤਨ। ਚੇਤਨ ਅਰਥਾਤ ਬੁੱਧ ਪੁਰਸ਼...ਪਰਮ ਗਿਆਨ ਦੀ ਅਵਸਥਾ ਪਰਮਹੰਸ। ਅਚੇਤਨ! ਵਿਚਾਰ ਸ਼ੂਨਯ... ਪਸ਼ੂਵਤ...ਸੰਸਾਰਕ ਸਮਗ੍ਰੀ ਵਿਚ ਉਲਝਿਆ ਜੜ੍ਹ ਮਾਨਵ। ਇਨ੍ਹਾਂ ਮੁਖ ਦੋ ਅਵਸਥਾਵਾਂ ਦੇ ਵਿਚ ਇਕ ਤੀਸਰੀ ਅਵਸਥਾ ਹੁੰਦੀ ਹੈ, ਅਵਚੇਤਨ। ਅੱਧੀ ਨੀਂਦ ਅੱਧੀ ਜਾਗ੍ਰਿਤੀ। ਕਦੀ ਸੌਂਦਾ, ਕਦੀ ਪਲਕਾਂ ਖੋਲ੍ਹਣ ਦਾ ਉਪਰਾਲਾ ਕਰਦਾ ਪ੍ਰਾਣੀ। ਕਦੀ ਕਿਸੇ ਗੁਰੂ ਦੀ ਸ਼ਰਣ ਨੂੰ... ਕਿਸੇ ਸੰਤ ਦੇ ਸਾਨਿੰਧ ਨੂੰ ਤਲਾਸ਼ਦਾ ਜੀਵ। ਕਦੀ ਸੰਸਾਰਕ ਸੁੱਖ ਭੋਗ ਨੂੰ ਹੰਢਾਉਂਦਾ ਅਤੇ ਕਦੀ ਮੁਕਤੀ ਦੀ ਪ੍ਰਾਰਥਨਾ ਕਰਦਾ ਪ੍ਰਾਣੀ। ਇਹ ਅਵਚੇਤਨ ਅਵਸਥਾ ਹੈ। ਸੁੱਤਾ ਪਰ ਜਾਗਣ ਨੂੰ ਕਸਮਸਾਂਦਾ ਕੋਈ ਜਗਿਆਸੂ। ਆਪ ਜਾਗਣ ਨੂੰ ਅਸਮਰਥ ਪਰ ਸਮਰੱਥ ਸਤਿਗੁਰੂ ਦੇ ਵਰਦ ਹਸਤ ਨੂੰ ਲੋਚਦਾ ਮਨੁੱਖ। ਕਦੀ ਕਿਸੇ ਗੁਰਦੁਆਰੇ ਤੇ ਮੱਥਾ ਰੱਖਦਿਆਂ ਕਦੀ ਗੁਰਬਾਣੀ ਪੜ੍ਹਦਿਆਂ... ਕਦੀ ਮਹਾਪੁਰਸ਼ ਦੇ ਉਪਦੇਸ਼ ਸੁਣਦਿਆਂ, ਕਦੀ ਕਿਸੇ ਸ਼ਮਸ਼ਾਨ ਵਿਚ ਧੂ ਧੂ ਕਰ ਜਲਦੀ ਚਿਤਾ ਨੂੰ ਵੇਖਦਿਆਂ ਕਦੀ ਕਿਸੇ ਭੋਗ ਤੇ ਅੰਤਮ ਅਰਦਾਸ ਤੇ ਜਾਗਣ ਨੂੰ ਜੀ ਕਰਦੈ, ਪਰ ਦੂਜੇ ਖਿਣ ਮਾਇਆ ਦੇ ਮੋਹ ਜਾਲ ਤੋਂ ਉਪਜੀ ਵਿਸਮ੍ਰਿਤੀ ਸਭ ਭੁਲਾ ਦਿੰਦੀ ਹੈ। ਅੰਦਰੋਂ ਵਲਵਲੇ ਉਠਦੇ ਹਨ, ਮੈਂ ਜਾਗਾਂ ਮੇਰਾ ਪਿਆਰ ਜਾਗੇ। ਜਨਮਾਂ ਜਨਮਾਂ ਦੀ ਆਸ ਅਜ ਪੂਰਨ ਹੋ ਜਾਏ। ਇਕ ਵਾਰ ਪ੍ਰੀਤਮ ਦੀ ਗਲਵਕੜੀ ਨਸੀਬ ਹੋ ਜਾਏ, ਮਿਲਣ ਦੀ ਇਹ ਰਾਤ ਸ਼ੁਭ ਮਿਲਨ ਦੀ ਰਾਤ ਬਣ ਜਾਏ। ਪ੍ਰਾਣੀ ਅਤੇ ਪ੍ਰਮੇਸ਼ਰ ਦੇ ਮਿਲਨ ਦਾ ਇਹ ਵੇਲਾ ਖਿਸਕ ਨਾ ਜਾਏ। ਅਵਚੇਤਨ ਵਿਚ ਅੱਧੀ ਨੀਂਦ ਵਿਚ, ਅੱਧੀ ਜਾਗ੍ਰਿਤੀ ਵਿਚ ਸੁੱਤੇ ਪ੍ਰਾਣੀ ਲਈ, ਗੁਰੂ ਨਾਨਕ ਸੰਦੇਸ਼ ਦਿੰਦੇ ਹਨ—

ਸਹੁ ਜਾਗੈ ਹਉ ਨਿਸ ਭਰ ਸੋਵਾਂ

ਆਰ ੫੪, ਫੇਜ਼ ੮-ਬੀ
ਸੈਕਟਰ ੭੪- ਮੋਹਾਲੀ
ਫੋਨ(੦੧੭੨)-੨੭੦੦੨੨੧

ਭਾਵੇਂ 'ਸਮਰਸਟ ਮਾਮ' ਯਥਾਰਥਵਾਦੀ ਲੇਖਕ ਸੀ

—ਮਹਿਮਾ ਸਿੰਘ ਹਲਵਾਰਵੀ

ਸਚਾਈ ਕੀ ਹੈ ? ਯਥਾਰਥ ਕੀ ਹੈ ? ਫਿਰ ਮੱਸਲਾ ਉੱਠ ਖੜਾ ਹੁੰਦਾ ਹੈ ਸਦੀਵੀ ਸਚਾਈ ਕੀ ਹੈ ? ਯਥਾਰਥ ਸਿਰਫ ਹੁਣ ਦੀ ਸੱਚਾਈ ਹੁੰਦਾ ਹੈ। ਭੂਤਕਾਲ ਅਤੇ ਭਵਿੱਖ ਦੀ ਸਚਾਈ ਨਾਲ ਜੂਝਣਾ ਆਮ ਲੇਖਕ ਦਾ ਕੰਮ ਨਹੀਂ ਹੁੰਦਾ ਪਰ ਹਰ ਖਾਸ ਜਾਂ ਵੱਡਾ ਲੇਖਕ ਇਸ ਬਾਰੇ ਵੀ ਸੁਚੇਤ ਜ਼ਰੂਰ ਹੁੰਦਾ ਹੈ।

ਸਮਰਸਟ ਮਾਮ ਕਹਿੰਦਾ ਹੈ, 'ਜ਼ਿੰਦਗੀ ਵਿਚ ਜਦ ਵੀ ਮੇਰਾ ਠੀਕ ਤਰ੍ਹਾਂ ਸਚਾਈ ਨਾਲ ਸਾਹਮਣਾ ਹੋਇਆ ਹੈ, ਮੇਰਾ ਮਨ ਸਹਿਜ ਢੰਗ ਨਾਲ ਇਕ ਤਰ੍ਹਾਂ ਸ਼ੁਕਰਗੁਜ਼ਾਰੀ ਦੇ ਅਹਿਸਾਸ ਨਾਲ ਭੁਕਿਆ ਹੈ'।

ਅੱਗੇ ਚਲ ਕੇ ਉਹ ਕਹਿੰਦਾ ਹੈ ਕਿ ਵੈਸੇ ਜਦ ਮੈਂ ਜ਼ਿੰਦਗੀ 'ਤੇ ਪਿਛਲ ਝਾਤ ਮਾਰਦਾ ਹਾਂ ਤਾਂ ਦੁੱਖ ਸੁੱਖ, ਸਫ਼ਲਤਾ ਅਸਫ਼ਲਤਾ ਦੇ ਬਾਵਜੂਦ ਜ਼ਿੰਦਗੀ ਬਹੁਤ ਹੀ ਅਸਪਸ਼ਟ ਜਿਹੀ ਲਗਦੀ ਹੈ। ਲੋਕਾਂ ਦੀਆਂ ਰੱਬ ਅਤੇ ਅਮਰਤਾ ਦੀਆਂ ਗਲਾਂ ਅਕਸਰ ਮੈਨੂੰ ਝੂਠ ਲਗਦੀਆਂ ਹਨ। ਮਨ ਮੁੜ-ਮੁੜ ਕੇ ਅਸਲੀ ਸੱਚਾਈ ਦੀ ਭਾਲ ਲੋਚਦਾ ਹੈ। ਇਸ ਰੁੱਖੇ ਯਥਾਰਥ ਅਤੇ ਨਿਰਦਈ ਸੰਸਾਰ ਵਿਚ ਘਿਰੇ ਅਸੀਂ ਅਕਸਰ ਵੇਖਦੇ ਹਾਂ ਕਿ ਪਿਆਰ ਭਰੀ ਦਇਆ ਵੀ ਇਨ੍ਹਾਂ ਚਣੌਤੀਆਂ ਨੂੰ ਕੋਈ ਜਵਾਬ ਨਹੀਂ ਦਿੰਦੀ ਸਿਰਫ ਉਹ ਆਪਣੇ ਆਪ ਦਾ ਵਿਖਾਵਾ ਕਰਦੀ ਹੈ। ਇਹ ਮਨੁੱਖੀ ਜੀਵਨ ਦੀ ਹੋਣੀ ਦੀਆਂ ਅਸੰਗਤੀਆਂ ਹਨ। ਮਾਮ ਮੰਨਦਾ ਹੈ ਕਿ ਵੈਸੇ ਪਿਆਰ ਅਤੇ ਦਇਆ ਦੀ ਸੰਪੂਰਨਤਾ ਸੁਹੱਪਣ ਦੀ ਸੰਪੂਰਨਤਾ ਵਾਂਗ ਬੇ ਦਲੀਲੀ ਨਹੀਂ ਲਗਦੀ। ਦਇਆ ਤਾਂ ਪਿਆਰ ਨਾਲੋਂ ਵੀ ਮਹਾਨ ਹੈ ਕਿਉਂਕਿ ਇਹ ਪਿਆਰ ਨਾਲੋਂ ਵਧੇਰੇ ਸਥਾਈ ਹੈ।

ਮਾਮ ਕਹਿੰਦਾ ਹੈ, ਵੈਸੇ ਇਸ ਬੇ-ਤੁੱਕੀ ਦੁਨੀਆਂ ਵਿਚ ਇਹ ਕਹਿਣਾ ਬੜਾ ਔਖਾ ਹੈ ਕਿ ਸਚਮੁਚ ਚੰਗਾ ਕੰਮ ਕਿਹੜਾ ਹੈ? ਕੀ ਸੁਖ ਦੇਣ ਵਾਲਾ ਕੰਮ ਹੀ ਚੰਗਾ ਕੰਮ ਹੈ ? ਫਿਰ ਅਸੀਂ ਕਈ ਐਸੇ ਕੰਮ ਕਿਉਂ ਕਰਦੇ ਹਾਂ ਜਿਨ੍ਹਾਂ ਵਿਚੋਂ ਸੁਖ ਦੀ ਕੋਈ ਆਸ ਨਹੀਂ ਹੁੰਦੀ ?

ਵੈਸੇ ਸੰਸਾਰ ਪ੍ਰਸਿੱਧ ਦਾਨਿਸ਼ਵਰ 'ਪਲੈਟੋ' ਨੇ ਵੀ ਕਿਹਾ ਹੈ, 'ਕੰਮ ਦੀ ਅਹਿਮੀਅਤ ਸਿਰਫ ਚਿੰਤਨ ਨਾਲੋਂ ਵਧੇਰੇ ਹੈ'। ਇਸ ਤਰ੍ਹਾਂ ਸਿਰਫ ਸੁਖ ਜਾਂ ਮਨ ਦੀ ਸ਼ਾਂਤੀ ਨਾਲੋਂ ਵੀ ਕਰਤਵ ਦੀ ਪਾਲਣਾ ਉਪਰ ਆ ਜਾਂਦੀ ਹੈ। ਤਾਂ ਫਿਰ ਕਿਸੇ ਲਈ ਵੀ ਸਹੀ ਕੰਮ ਕੀ ਹੈ ? ਇਸ ਗੱਲ ਦਾ ਸਭ ਤੋਂ ਸਹੀ ਜਵਾਬ ਮੈਨੂੰ 'ਫਰੇ ਲੂਈ ਡੀ ਲਿਊਨ' ਦਾ ਇਹ ਸਹਿਜ ਵਾਕ ਲਗਦਾ ਹੈ ਕਿ 'ਜ਼ਿੰਦਗੀ ਦਾ ਸੁਹੱਪਣ ਇਸ ਤੋਂ ਵੱਧ ਹੋਰ ਕੁੱਝ ਵੀ ਨਹੀਂ ਕਿ ਹਰ ਬੰਦੇ ਨੂੰ ਹਮੇਸ਼ਾ ਹਰ ਕੰਮ ਆਪਣੀ ਜ਼ਮੀਰ ਦੀ ਆਵਾਜ਼ ਅਤੇ ਆਪਣੇ ਸੁਭਾਅ ਦੇ ਅਨੁਕੂਲ ਕਰਨਾ ਚਾਹੀਦਾ ਹੈ।'

ਮਾਮ ਕਹਿੰਦਾ ਹੈ ਕਿ ਅਸੀਂ ਕਿਸੇ ਬੰਦੇ ਦਾ ਲੋੜੋਂ ਵੱਧ ਸਤਿਕਾਰ ਕਰ ਕੇ ਇਸ ਗਲ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਹਾਂ ਕਿ ਉਸ ਵਰਗੇ ਬਹੁਤੇ ਕੰਮ ਸਾਨੂੰ ਨਾ ਕਰਨੇ ਪੈਣ। ਉਸ ਨੂੰ ਅਸੀਂ ਮਹਾਂ ਮਾਨਵ ਦਾ ਖਿਤਾਬ ਦੇ ਦਿੰਦੇ ਹਾਂ ਅਤੇ ਇਜ ਕਰ ਕੇ ਆਪਣੇ ਲਈ ਹੋਰ ਅਧਿਆਤਮਕ ਉਨਤੀ ਕਰਨ ਦੀ ਮਿਹਨਤ ਕਰਨ ਦੀ ਰਾਹ ਜਾਣ ਬੁੱਝ ਕੇ ਬੰਦ ਕਰ ਲੈਂਦੇ ਹਾਂ। ਦਰ ਅਸਲ ਗੁਰੂਆਂ, ਪੈਗੰਬਰਾਂ, ਸ਼ੇਕਸਪੀਅਰ ਅਤੇ ਦਾਂਤੇ ਵਰਗੇ ਲੇਖਕਾਂ ਦਾ ਵੀ ਸਭ ਤੋਂ ਵੱਡਾ ਸਤਿਕਾਰ ਇਹ ਹੈ ਕਿ ਉਨ੍ਹਾਂ ਨੂੰ ਵੀ ਅਸੀਂ ਹੱਡ ਮਾਸ ਦੇ ਬਣੇ ਹੋਏ ਆਪਣੇ ਵਰਗੇ ਹੀ ਜੁਸਿਆਂ ਵਾਲੇ ਭਾਵੇਂ ਆਪਣੇ ਨਾਲੋਂ ਬਿਹਤਰ ਪਰ ਇਨਸਾਨ ਸਮਝੀਏ। ਅੱਗੇ ਚਲ ਕੇ ਸਮਰਸਟ ਮਾਮ ਹਿੰਦੂ ਫਿਲਾਸਫੀ 'ਸਤਿਅਮ ਸ਼ਿਵਮ ਸੁੰਦਰਮ' ਦੀ ਬਹੁਤ ਸੋਹਣੀ ਵਿਆਖਿਆ ਕਰਦਾ ਹੈ। ਉਹ ਕਹਿੰਦਾ ਹੈ ਕਿ ਕਲਪਨਾ ਸ਼ੀਲ ਜ਼ਿੰਦਗੀ ਦੇ ਤਰ੍ਹਾਂ ਦੇ ਬੰਦੇ ਹੀ ਸਹੀ ਤਰ੍ਹਾਂ ਜੀ ਸਕਦੇ ਹਨ, ਇਕ ਕਲਾਕਾਰ ਅਤੇ ਦੂਜੇ ਅਪਰਾਧੀ। ਹੋਰ ਸਭ ਤਰ੍ਹਾਂ ਦੇ ਬੰਦੇ ਬਹੁਤ ਸਾਰੇ ਬੰਧਨਾਂ ਨਾਲ ਬੱਝੇ ਹੁੰਦੇ ਹਨ।

ਉਸ ਮੁਤਾਬਕ ਯਥਾਰਥਵਾਦੀਆਂ ਲਈ (ਜੇ ਉਹ ਸਹੀ ਅਰਥਾਂ ਵਿਚ ਯਥਾਰਥਵਾਦੀ ਹਨ ਤਾਂ) ਜ਼ਿੰਦਗੀ ਇਕ ਬੇਮਕਸਦ, ਬੇ ਮਤਲਬ, ਲੈਅ-ਵਿਹੂਣੇ ਤੇ ਬੇਤੁਕੇ ਰਾਗ ਵਾਂਗ ਹੈ। ਇਸ ਤੋਂ ਕਿਸੇ ਉਦੇਸ਼ ਦੀ ਆਸ ਰੱਖਣਾ ਬੇਅਰਥ ਹੈ। ਜੋ ਲੇਖਕ ਕਿਸੇ ਉਦੇਸ਼ ਦੀ ਆਸ ਰਖਦੇ ਹਨ ਤੇ ਯਥਾਰਥਵਾਦੀ ਵੀ ਕਹਾਉਂਦੇ ਹਨ ਉਹ ਨਿਰਾ ਝੂਠ ਦਾ ਪੁਲੰਦਾ ਹਨ। ਕਿਸੇ ਵੀ ਵਾਦ ਵਿਵਾਦ ਨਾਲ ਜੁੜਿਆ ਲੇਖਕ ਯਥਾਰਥਵਾਦੀ ਨਹੀਂ ਹੋ ਸਕਦਾ। ਯਥਾਰਥਵਾਦ ਵੀ ਖ਼ੁਦ ਇਕ ਵਾਦ ਹੋਣ ਕਾਰਨ ਆਪਣੇ ਆਪ ਵਿਚ ਇਕ ਬੰਧਨ ਹੈ। ਜੀਵਨ ਦੀ ਇਸ ਨਿਰਾਰਥਕਤਾ ਨੂੰ ਸਮਝਦੇ ਹੋਏ ਵੀ ਬਹੁਤੇ ਬੰਦੇ ਆਪਣੀ ਪਰਬਲ ਹਉਮੈ ਕਾਰਨ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਕੋਈ ਨਾ ਕੋਈ ਖਾਸ ਅਹਿਮੀਅਤ ਦਿੰਦੇ ਹਨ। ਜ਼ਿੰਦਗੀ ਨੂੰ ਕੋਈ ਕਾਲਪਨਿਕ ਅਹਿਮੀਅਤ ਦੇ ਕੇ ਉਨ੍ਹਾਂ, ਨੂੰ ਤਸੱਲੀ ਹੁੰਦੀ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਖਾਸ ਮਨੋਰਥ ਹੈ ਅਤੇ ਉਸ ਮਨੋਰਥ ਖਾਤਰ ਜ਼ਿੰਦਗੀ ਜਿਊਣ ਦਾ ਉਪਰਾਲਾ ਕਰਦੇ ਹਨ। ਹਿੰਦੁਸਤਾਨੀ ਫਿਲਾਸਫ਼ਰ ਪ੍ਰਾਚੀਨ ਸਮੇਂ ਤੋਂ 'ਸਤਿਅਮ ਸ਼ਿਵਮ,

ਸੁੰਦਰਮ' ਨੂੰ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਮੰਨਦੇ ਆਏ ਹਨ। ਜ਼ਿੰਦਗੀ ਦੀ ਨਿਰਾਰਥਕਤਾ ਤੇ ਨੰਗੇਜ ਨੂੰ ਢਕਣ ਦੀ ਇਹ ਇਕ ਕਾਲਪਨਿਕ ਕੋਸ਼ਿਸ਼ ਵੀ ਕਹੀ ਜਾ ਸਕਦੀ ਹੈ। ਜ਼ਿੰਦਗੀ ਦੀ ਭਾਂ ਭਾਂ ਕਰਦੀ ਸੁੰਝ ਨੂੰ ਵੀ ਭਰਨਾ ਵੀ ਤਾਂ ਜ਼ਰੂਰੀ ਹੈ। 'ਸਤਿਅਮ' ਜਾਣੀ ਸੱਚਾਈ ਨੂੰ ਇਨ੍ਹਾਂ ਵਿਦਵਾਨਾਂ ਨੇ ਸਭ ਤੋਂ ਉਪਰ ਰੱਖਿਆ ਹੈ। ਸੰਸਾਰ ਵਿਚ ਸਾਰੇ (ਲਗਪਗ) ਵੱਡੇ ਬਲੀਦਾਨ ਇਸ ਕਾਲਪਨਿਕ ਸਚਾਈ ਦੀ ਖਾਤਰ ਹੋਏ ਹਨ। ਉਹਨਾਂ ਲੋਕਾਂ ਨੂੰ ਕਿਸੇ ਵੀ ਸੱਚਾਈ ਨਾਲੋਂ ਆਪਣੇ ਗੌਰਵ ਅਤੇ ਆਪਣੇ ਆਪੇ ਨੂੰ ਪ੍ਰਗਟਾਉਣ ਦੀ ਵਧੇਰੇ ਖਾਹਿਸ਼ ਸੀ। ਜੇ ਕੋਈ ਸੱਚਾਈ ਹੈ ਤਾਂ ਉਸ ਦਾ ਸਭ ਤੋਂ ਵੱਡਾ ਗੁਣ ਇਹੋ ਹੈ ਕਿ ਉਹ ਸੱਚ ਹੈ। ਸਿਰਫ ਇਹ ਕਹਿਣਾ ਕਿ ਫਲਾਣੇ ਦੇ ਬਲੀਦਾਨ ਨਾਲ ਹੀ ਉਹ ਬਚੀ ਹੋਈ ਹੈ ਕਿੰਨੀ ਅਹਿਮਕਾਂ ਵਾਲੀ ਗਲ ਹੈ। ਹਾਂ ਅਣਖ ਜਾਂ ਗੈਰਤ ਦੇ ਨਾਂਅ ਤੇ ਮਰਨਾ ਗੌਰਵਸ਼ਾਲੀ ਜ਼ਰੂਰੀ ਹੈ।

ਸ਼ਿਵਮ ਇਕ ਜ਼ਿਆਦਾ ਯਥਾਰਥਕ ਖਿਆਲ ਹੈ। ਇਸ ਨਾਲ ਆਤਮ ਸੰਜਮ ਵਰਗੇ ਗੁਣਾਂ ਨੂੰ ਅਪਨਾਉਣਾ ਸੌਖਾ ਹੋ ਜਾਂਦਾ ਹੈ। ਨਿਰੋਲ ਪਿਆਰ ਤੇ ਨਿਰੋਲ ਚੰਗਿਆਈ ਦੋਵੇਂ ਹੀ ਬੰਧਣ ਹਨ। ਜਦ ਸ਼ਿਵਮ ਪਿਆਰ ਭਰੀ ਦਇਆ ਹੁੰਦਾ ਹੈ ਤਾਂ ਧੋਖੇ ਫਰੇਬ ਨਾਲ ਭਰੀ ਇਸ ਦੁਨੀਆ ਵਿਚ ਇਹ ਇਕ ਚੀਜ਼ ਸਭ ਤੋਂ ਅਹਿਮ ਹੋ ਨਿਬੜਦੀ ਹੈ ਜਦ ਕਿ ਇਹ ਵਲ ਛਲ ਤੋਂ ਬਚੀ ਰਹਿੰਦੀ ਹੈ। ਸ਼ਕਤੀ ਵਿਚ ਰਹਿੰਦੇ ਹੋਏ ਪਿਆਰ ਭਰੀ ਦਇਆ ਹੀ 'ਸ਼ਿਵਮ' ਹੈ। 'ਸ਼ਿਵਮ ਹੀ ਸਤਿਅਮ ਅਤੇ ਸੁੰਦਰਮ ਦੋਨਾਂ ਤੋਂ ਵੱਧ ਜੀਵਨ ਦੀ ਮਹੱਤਵਪੂਰਨ ਵਿਆਖਿਆ ਵਾਲੀ ਚੀਜ਼ ਹੈ। ਵੈਸੇ 'ਸੁੰਦਰਮ' ਦੀ ਵੀ ਸਤਿਅਮ ਜਿੰਨੀ ਬੇਕਦਰੀ ਨਹੀਂ ਹੁੰਦੀ। ਕਿਉਂਕਿ ਸਤਿਅਮ ਦੀ ਹਰ ਕੋਈ ਆਪਣੇ ਢੰਗ ਨਾਲ ਵਿਆਖਿਆ ਜ਼ਰੂਰ ਕਰਦਾ ਹੈ। ਉਂਝ ਸੁੰਦਰਮ ਦੀ ਵੀ ਸਥਿਤੀ ਕਿਸੇ ਹੱਦ ਤੱਕ ਇਹੋ ਹੈ। ਉਂਜ ਸੁੰਦਰਮ ਇਸੇ ਕਰਕੇ ਵੀ ਅਹਿਮ ਹੈ ਕਿ ਹਰ ਤਰ੍ਹਾਂ ਦਾ ਸੁਹੱਪਣ ਹੀ ਜ਼ਿੰਦਗੀ ਨੂੰ ਅਹਿਮ ਬਣਾਉਂਦਾ ਹੈ। ਉਂਜ ਇਸ ਸੁਹੱਪਣ ਬਾਰੇ ਵੀ ਕੋਈ ਆਖਰੀ ਜਾਂ ਸਥਾਈ ਫੈਸਲਾ ਕਰਨਾ ਔਖਾ ਹੈ। ਜੋ ਚੀਜ਼ਾਂ ਕੱਲ ਤੱਕ ਸੋਹਣੀਆਂ ਮੰਨੀਆਂ ਜਾਂਦੀਆਂ ਸਨ ਉਹਨਾਂ ਵਿਚ ਬਹੁਤ ਸਾਰੀਆਂ ਅੱਜ ਕੋਝੀਆਂ ਵੀ ਕਹੀਆਂ ਜਾਂਦੀਆਂ ਹਨ। ਸੋ ਸੁਹੱਪਣ ਨੂੰ ਵੀ ਸਦੀਵੀ ਜਾਂ ਸਥਾਈ ਨਹੀਂ ਮੰਨਿਆ ਜਾ ਸਕਦਾ। ਇਸ ਦਾ ਮਨੁੱਖ ਦੀ ਹਉਮੈ ਨਾਲ ਵੀ ਡੂੰਘਾ ਸੰਬੰਧ ਹੈ। ਸੁਹੱਪਣ ਸ਼ਿਵਮ ਤੋਂ ਸੱਖੋ ਹੈ ਅਤੇ ਹਉਮੈ ਵੀ। ਪ੍ਰਭੂ ਦਾ ਮਤਲਬ ਵੀ ਸ਼ਿਵਮ ਹੈ, ਅਤੇ ਸਤਿਅਮ ਸ਼ਿਵਮ ਸੁੰਦਰਮ ਸਿਰਫ ਪ੍ਰਭੂ ਹੀ ਹੈ।

ਨੀਲਮ ਸੰਜੀਵ ਦੀਆਂ ਦੋ ਲਘੂ ਕਵਿਤਾਵਾਂ

ਬੇਟੀ

ਹਰ ਰੋਜ ਤਰਕਾਲ ਸਾਝੇਂ
ਮੇਰੀ ਬੇਟੀ
ਮੇਰੀ ਗੋਦ'ਚ ਆ ਕੇ ਬਹਿੰਦੀ
ਆਖਦੀ ਹੈ,
'ਮਾਂ ਮੈਂ ਵਿਆਹ ਨਹੀਂ ਕਰਵਾਉਣਾ"।
"ਕਿਉਂ ਪੁੱਤਰ ?"
ਮੈਂ ਉਸਦੀ ਮਾਸੂਮੀਅਤ ਨੂੰ
ਵੇਖਦੀ ਹੋਈ ਪੁੱਛਦੀ ਹਾਂ।
"ਮਾਂ ਮੈਨੂੰ ਸਭਨ ਤੋਂ
ਬਹੁਤ ਡਰ ਲਗਦਾ ਹੈ"।
ਮੈਂ ਟਿਕਟਿਕੀ ਲਾ ਕੇ ਵੇਖਦੀ ਹਾਂ
ਉਸ ਨੂੰ ਜ਼ੋਰ ਨਾਲ
ਹਿੱਕ ਨਾਲ ਲਾ ਲੈਂਦੀ ਹਾਂ।

ਬੀਤੇ ਹੋਏ ਪਲ

ਇੱਕ ਇੱਕ ਪਲ ਜੋ ਅਸਾਂ ਬਿਤਾਇਆ
ਮੁੜ ਕਦੇ ਵੀ ਹੱਥ ਨਾ ਆਇਆ
ਜੋ ਪਲ ਹੁਣ ਬਿਤਾ ਰਹੇ ਹਾਂ
ਕੁਝ ਸੁਣ ਤੇ ਕੁਝ ਸੁਣਾ ਰਹੇ ਹਾਂ
ਰੋਕ ਅਸੀਂ ਸਕਦੇ ਨਹੀਂ
ਛੁਪਾ ਕੇ ਰੱਖ ਸਕਦੇ ਨਹੀਂ
ਪਰ ਯਾਤਾਂ ਦੇ ਰੂਪ ਵਿਚ
ਇਹ ਸਰੂਪ ਵਿੱਚ
ਰਹਿਣਗੇ ਯਾਦਾਂ ਹਮੇਸ਼ਾ
ਉਮਰਾਂ ਤਾਈਂ ਤੇ ਅੱਜ ਕੱਲ
'ਇਹ ਬੀਤੇ ਹੋਏ ਪੱਲ।

ਸ਼ੂਗਰ ਮਿਲ
ਫਗਵਾੜਾ

ਕਲਿਯੁਗ ਵਿਚ ਮਿਲਿਆ ਵਰਦਾਨ

—ਮਹਿੰਦਰ ਸਿੰਘ ਮਠਾਰੂ 'ਚਿਤਾਰ'

ਗੁਰੂਦੁਆਰੇ ਦੇ ਰਿਹਾਇਸ਼ੀ ਜਗ੍ਹਾ ਤੋਂ ਬਾਹਰ ਗੇਟ ਦੇ ਸੱਜੇ ਪਾਸੇ, ਹਿਲਦੇ ਡੁਲਦੇ ਬੇਤਰਤੀਬੀ ਨਾਲ ਬਣੇ ਟੇਬਲਾਂ ਅਤੇ ਬੈਂਚਾਂ 'ਤੇ ਅਸੀਂ ਪਰਿਵਾਰ ਨਾਲ ਬੈਠੇ ਆਲੂਆਂ ਦੇ ਪਰਾਂਠਿਆਂ ਦਾ ਨਾਸ਼ਤਾ ਦਹੀਂ ਅਤੇ ਅੰਬ ਦੇ ਅਚਾਰ ਨਾਲ ਕਰ ਚੁੱਕੇ ਸਾਂ। ਚਾਹ ਦਾ ਇੰਤਜ਼ਾਰ ਹੋ ਰਿਹਾ ਸੀ। ਉਸ ਵੇਲੇ ਮੇਰੀ ਨਜ਼ਰ ਭੀੜ ਭਰੇ ਢਾਬੇ ਤੋਂ ਥੋੜ੍ਹੀ ਦੂਰ ਬੈਠੇ ਚਿੱਟੀ ਕੱਸ ਕੇ ਬੰਨ੍ਹੀ ਦਾਹੜੀ, ਚਿੱਟੀ-ਦੁੱਧ ਵਰਗੀ ਪੱਗ, ਖੜ੍ਹੇ ਕਾਲਰ ਦੀ ਚਿੱਟੀ ਕਮੀਜ਼, ਉਸੇ ਤਰ੍ਹਾਂ ਦੀ ਚਿੱਟੀ ਪੈਂਟ ਵਾਲੇ ਬਜ਼ੁਰਗ, ਆਪਣੀ ਖੱਬੀ ਲੱਤ ਨੂੰ ਅੱਧ-ਵਚੱਦ ਖੁੱਲ੍ਹੀ ਪੈਂਟ ਨੂੰ ਥੋੜ੍ਹਾ ਪੈਰਾਂ ਵੱਲ ਕਰ ਆਪ ਇਨਸੁਲੀਨ ਦਾ ਇਨਜੈਕਸ਼ਨ ਲਾ ਰਹੇ ਸਨ। ਸਾਰੀ ਪ੍ਰਕਿਰਿਆ ਹੌਲੀ ਹੌਲੀ ਹੁੰਦੀ ਦੇਖੀ। ਪੈਂਟ ਦੀ ਬੈਲਟ ਲਾ, ਮੋਟੇ ਸੋਨੇ ਦੇ ਕੜੇ ਵਾਲੇ ਹੱਥ ਨਾਲ ਸਰਿਜ ਨੂੰ ਖੋਹਲ ਇਕੱਠਾ ਕਰ ਡਿੱਬੇ ਵਿਚ ਰੱਖ ਕੇ, ਜਦੋਂ ਬੰਦ ਕਰ ਰਹੇ ਸਨ ਤਾਂ ਉਨ੍ਹਾਂ ਮੂੰਹ ਚੁੱਕ ਆਲੇ ਦੁਆਲੇ ਦੇਖਿਆ। ਉਨ੍ਹਾਂ ਦੀ ਨਜ਼ਰ ਮੇਰੇ ਨਾਲ ਮਿਲੀ ਅਤੇ ਉਹ ਮੁਸਕੁਰਾਏ, ਮੈਂ ਵੀ ਮੁਸਕੁਰਾਇਆ। ਇਤਨੇ ਵਿਚ ਚਾਹ ਦੇ ਗਲਾਸ ਆ ਗਏ, ਅਸੀਂ ਸਾਰਾ ਪਰਿਵਾਰ ਛਕਣ ਅਤੇ ਗੱਲਾਂਬਾਤਾਂ ਵਿਚ ਰੁੱਝ ਗਏ। ਉੱਠਣ ਵੇਲੇ ਵਾਪਸ ਨਜ਼ਰ ਮਾਰੀ ਤਾਂ ਸੱਜਣ ਜਾ ਚੁੱਕੇ ਸਨ।

ਅਸੀਂ ਸਥਾਈ ਗੁਰਦੁਆਰਿਆਂ ਦੇ ਦਰਸ਼ਨ ਕਰ ਵਾਪਸ ਰਿਹਾਇਸ਼ੀ ਜਗ੍ਹਾ 'ਤੇ ਆ ਗਏ ਸੀ। ਕੁਝ ਆਰਾਮ ਕਰ ਮੁੜ ਤਿਆਰ ਹੋ ਰਹਿਰਾਸ ਸਮੇਂ ਗੁਰਦੁਆਰੇ ਆ ਮੱਥਾ ਟੇਕਿਆ। ਅਰਦਾਸ ਮਗਰੋਂ ਸੰਗਮਰਮਰ ਦੇ ਠੰਢੇ ਫਰਸ਼ 'ਤੇ ਕੁਝ ਸਮਾਂ ਬਿਤਾਇਆ। ਲੰਗਰ ਸ਼ੁਰੂ ਹੋਣ ਵਿਚ ਕੁਝ ਸਮਾਂ ਬਾਕੀ ਸੀ। ਇਸ ਲਈ ਬਾਜ਼ਾਰ ਚਲੇ ਗਏ। ਵਾਪਸ ਆਉਣ ਵਿਚ ਦੇਰ ਹੋਣ ਕਾਰਨ ਪਹਿਲੀ ਪੰਗਤ ਉੱਠ ਚੁੱਕੀ ਸੀ, ਦੂਸਰੀ ਪੰਗਤ ਲਈ ਟਾਂਵੀਂ ਟਾਂਵੀਂ ਸੰਗਤ ਸੀ। ਪੰਗਤ ਵਿਚ ਬੈਠਦਿਆਂ ਹੀ ਸਵੇਰ ਵਾਲੇ ਚਿੱਟੇ ਬਸਤ੍ਰਾਂ ਨਾਲ ਸਜੇ ਗੁਰਸਿੱਖ 'ਤੇ ਨਜ਼ਰ ਪਈ, ਮੈਂ ਉਨ੍ਹਾਂ ਕੋਲ ਜਾ ਸਤਿ ਸ੍ਰੀ ਅਕਾਲ ਬੁਲਾ, ਕੋਲ ਬੈਠ ਗਿਆ। ਗੁਰਸਿੱਖ ਜੀ ਚਿੱਟੇ ਚਿਹਰੇ ਤੇ ਮੁਸਕੁਰਾਉਂਦਿਆਂ ਬੜੇ ਜੋਸ਼ ਨਾਲ ਜੁਆਬ ਦਿੱਤਾ। ਥਾਲੀਆਂ ਸਜ ਗਈਆਂ ਸਨ। ਫੁਲਕੇ ਵਰਤਾਏ ਜਾ ਰਹੇ ਸਨ ਅਤੇ ਨਾਲ ਹੀ ਦਾਲ ਸਬਜ਼ੀ। ਕਈ ਗੁਰਦੁਆਰਿਆਂ ਵਿਚ ਰਿਵਾਇਤ ਹੈ, ਜੋ ਲੰਗਰ ਛੱਕ ਲਵੇ ਉਠ ਕੇ ਜਾ ਸਕਦਾ ਹੈ ਤੇ ਖਾਲੀ ਜਗ੍ਹਾ ਆਉਣ ਵਾਲੇ ਸੱਜਣ ਅਤੇ ਬੀਬੀਆਂ ਸੱਜ ਜਾਂਦੇ ਹਨ ਅਤੇ ਇਸ ਤਰ੍ਹਾਂ ਲੰਗਰ ਦਾ ਸਿਲਸਿਲਾ ਚਲਦਾ ਹੈ। ਜੈ-ਕਾਰਾ ਪਹਿਲੀ ਬੈਠੀ ਸੰਗਤ ਦੀ ਪੰਗਤ ਵਿਚ ਹੀ ਬੁਲਾਇਆ ਜਾਂਦਾ ਹੈ। ਇਸ ਸਮੇਂ ਇਕ ਸਾਧਾਰਨ ਕੱਦ ਦਾ ਵੀਹ ਜਾਂ ਬਾਈ ਸਾਲ ਦਾ ਨੌਜਵਾਨ ਖੀਰ ਲੈ ਜਦੋਂ ਇਨ੍ਹਾਂ ਗੁਰਮੁੱਖਾਂ ਦੀ ਥਾਲੀ ਵਿਚ ਪਾਉਣ ਲੱਗਾ ਤਾਂ ਇਨ੍ਹਾਂ ਮਨ੍ਹਾ ਕਰ ਦਿੱਤਾ ਕਿ ਮੈਂ ਮਿੱਠਾ ਨਹੀਂ ਖਾਣਾ। ਨੌਜਵਾਨ ਖੀਰ ਦੀ ਬਾਲਟੀ ਰੱਖ ਪੈਰਾਂ ਭਾਰ ਉਨ੍ਹਾਂ ਸਾਹਮਣੇ ਬੈਠ ਗਿਆ ਅਤੇ ਬੜੀ ਪਿਆਰੀ ਦਿਲ ਖਿੱਚਵੀਂ ਮੁਸਕੁਰਾਹਟ ਨਾਲ ਬੋਲਿਆ "ਬਾਬਾ ਜੀ ਬਾਬੇ ਦੇ ਲੰਗਰ ਦੀ ਕਰਾਮਾਤ ਹੈ ਇਹ ਸਭ ਦੁਖ ਦਰਦ, ਚਿੰਤਾ ਤੇ ਹੋਰ ਕਈ ਗਲਤ ਵਿਚਾਰਾਂ ਨੂੰ ਦੂਰ ਕਰ ਦਿੰਦਾ ਹੈ। ਖੀਰ ਤਾਂ ਸਰੀਰਕ ਅਤੇ ਮਾਨਸਿਕ ਕਮਜ਼ੋਰੀ ਨੂੰ ਤਾਕਤ ਦਿੰਦੀ ਹੈ। ਕੀ ਤੁਸੀਂ ਬਾਬੇ ਤੇ ਭਰੋਸਾ ਕਰਦੇ ਹੋ ?" ਬਜ਼ੁਰਗ ਸੱਜਣ ਸਕਤੇ ਵਿਚ ਆ ਗਏ, ਕੁਝ ਬੋਲ ਹੀ ਨਾ ਸਕੇ। ਨੌਜਵਾਨ ਵਰਤਾਵੇ ਫਿਰ ਆਖਿਆ, "ਬਾਬਾ ਜੀ ਖੀਰ ਪਾਵਾਂ ? ਸਿਰ ਹਿਲਾ ਹਾਮੀ ਭਰਨ 'ਤੇ ਨੌਜਵਾਨ ਖੀਰ ਦੀ ਭਰੀ ਕੜਛੀ ਪਾ ਅਗਾਂਹ ਚਲਾ ਗਿਆ। ਮੈਂ ਕੋਲ ਬੈਠਾ ਇਸ ਸੱਜਣ ਦੀ ਮਾਨਸਿਕ ਹਾਲਾਤ ਸਮਝ ਸਕਦਾ ਸਾਂ ਕਿਉਂਕਿ ਸਵੇਰ ਦਾ ਘਟਿਆ ਵਾਕਿਆ ਮੇਰੇ ਸਾਹਮਣੇ ਆ ਗਿਆ। ਮੈਨੂੰ ਲਗਦਾ ਸੀ ਸੰਸਕਾਰਾਂ ਦੇ ਪ੍ਰਭਾਵ ਹੇਠ ਅਤੇ ਸਰੀਰਕ ਅਸਮਰਥਤਾ ਦੇ ਕਾਰਣ, ਇਨ੍ਹਾਂ ਖੀਰ ਕਿਵੇਂ ਖਾਧੀ ?

ਪਰ ਇਸ ਮੌਕੇ 'ਤੇ ਮੇਰਾ ਆਪਣਾ ਆਤਮ ਵਿਸ਼ਵਾਸ ਇਤਨਾ ਪ੍ਰਬਲ ਹੋ ਗਿਆ ਕਿ ਅੱਜ ਵੀ ਡਾਕਟਰਾਂ ਜਾਂ ਸਮਝਦਾਰ ਸੱਜਣਾਂ 'ਤੇ ਵਿਸ਼ਵਾਸ ਨਹੀਂ ਹੁੰਦਾ ਜਦੋਂ ਉਹ ਆਖਦੇ ਹਨ ਕਿ ਡਾਇਬਟਿਸ ਇਕ ਬਿਮਾਰੀ ਹੈ। ਇਹ ਤਾਂ ਕੁਦਰਤ ਦੀ ਇਕ ਦੇਣ ਹੈ ਜੋ ਸਰੀਰ ਵਿਚ ਇਨਸੁਲੀਨ ਬਨਣ ਨਹੀਂ ਦਿੰਦੀ, ਜਿਸ ਕਰਕੇ ਸ਼ੂਗਰ ਦੀ ਮਿਕਦਾਰ ਵੱਧ ਜਾਂਦੀ ਹੈ ਅਤੇ ਹਾਨੀਕਾਰਕ ਸਿੱਧ ਹੁੰਦੀ ਹੈ। ਸਾਡੇ ਗੁਰੂਆਂ ਸਾਨੂੰ ਸਿੱਖਾਂ ਨੂੰ ਅਤੇ ਮਾਨਵਤਾ ਨੂੰ ਇਸ ਤੋਂ ਨਿਕਲਣ ਦੀ ਬੜੀ ਸਿੱਧੀ ਸਾਫ-ਸੁਥਰੀ ਸੰਜਮ ਵਰਤਨ ਦੀ ਦਾਤ ਬਖਸ਼ੀ ਹੈ। ਭਰੋਸਾ ਕਰਨ ਦੀ ਲੋੜ ਹੈ।

ਅਸੀਂ ਲੰਗਰ ਛੱਕ ਬਾਹਰ ਆ ਖੁੱਲ੍ਹੀ ਜਗ੍ਹਾ 'ਤੇ ਬੈਠ ਗਏ ਜਗਿਆਸਾ ਵਸ ਮੈਂ ਪੁੱਛਿਆ ਬਾਬਾ ਜੀ ਤੁਹਾਡੇ ਚਿਹਰੇ ਦਾ ਚਿੱਟਾਪਣ ਤੇ ਉਦਾਸੀ ਦੱਸਦੀ ਹੈ ਕਿ ਤੁਸੀਂ ਬਹੁਤ ਦੁਵਿਧਾ ਵਿਚ ਹੋ, ਇਵੇਂ ਜਾਪਦਾ ਹੈ ਤੁਸੀਂ ਇਕੱਲੇ ਹੀ ਇਸ ਗੁਰੂਧਾਮ 'ਤੇ ਆਏ ਹੋ... ਮੈਂ ਤੁਹਾਡੇ ਬੱਚਿਆਂ ਵਰਗਾਂ ਹਾਂ ਕੁਝ ਵਿਚਾਰ ਸਾਂਝੇ ਕਰ ਲਵੋ। ਬਜ਼ੁਰਗ ਮੁਸਕੁਰਾਏ ਪਰ ਦੋਵਾਂ ਚਮਕਦੀਆਂ ਅੱਖਾਂ ਵਿਚੋਂ ਦੋ ਹੰਝੂ ਡਿੱਗੇ ਮੇਰੇ ਮੋਢੇ ਤੇ ਹੱਥ ਰੱਖ ਮੈਨੂੰ ਥੋੜੇ ਨੂੰ ਆਪਣੇ ਵਲ ਖਿੱਚਿਆ ਤੇ ਆਖਣ ਲੱਗੇ, "ਮੈਂ ਬਚਪਨ ਵਿਚ ਬਹੁਤ ਗਰੀਬੀ ਦੇਖੀ ਸੀ। ਪਾਰ ਤੋਂ ਆਇਆ ਸਾਂ

ਮਿਹਨਤ ਮਜ਼ਦੂਰੀ ਕਰ ਪੜ੍ਹਾਈ ਕੀਤੀ, ਇਕ ਛੋਟੀ ਜਿਹੀ ਦੁਆਈਆਂ ਦੀ ਦੁਕਾਨ 'ਤੇ ਮਜ਼ਦੂਰੀ ਪਾਰਟ ਟਾਈਮ ਕਰਦਾ ਸਾਂ। ਸਮਾਂ ਪਾ ਦੁਆਈਆਂ ਦੀ ਦੁਕਾਨ ਦੇ ਮਾਲਿਕ ਬਹੁਤ ਤਰੱਕੀ ਕੀਤੀ, ਬੜੀ ਨਿਧੀ ਕਮਾਈ, ਮੈਨੂੰ ਵੀ ਨਾਲ ਹੀ ਰੱਖਿਆ, ਜਿਸ ਨਾਲ ਮੇਰੀ ਵੀ ਮਾਲੀ ਹਾਲਤ ਸੁਧਰ ਗਈ। ਪੜ੍ਹਾਈ ਦਾ ਸ਼ੌਕ ਬਹੁਤ ਵਧ ਚੜ੍ਹ ਕੇ ਉਭਰਿਆ। ਦੁਕਾਨਦਾਰ ਦਾ ਹੱਥ ਸਿਰ 'ਤੇ ਹੋਣ ਕਰਕੇ ਫਿਕਰ ਫਾਕਾ ਵੀ ਨਹੀਂ ਸੀ। ਮੈਡੀਸਿਨ ਦਾ ਕੋਰਸ ਕੀਤਾ, ਡਾਕਟਰੀ ਕਰ ਪੀ. ਐਚ. ਡੀ. ਕੀਤੀ। ਦੇਸ਼ ਆਜ਼ਾਦ ਹੋ ਗਿਆ ਪਰ ਦੁਕਾਨਦਾਰ ਬਜ਼ੁਰਗ ਸੱਜਣ ਹੋਣ ਕਰਕੇ ਅਤੇ ਬਚਪਨ ਦੀ ਸਾਂਝ ਨੇ ਬੜਾ ਰੰਗ ਲਿਆਂਦਾ। ਦੁਆਈਆਂ ਬਨਾਉਣ ਦਾ ਛੋਟਾ ਜਿਹਾ ਕਾਰੋਬਾਰ ਸ਼ੁਰੂ ਕੀਤਾ ਜੋ ਵਧਦਾ ਹੀ ਗਿਆ। ਇਥੋਂ ਤੱਕ ਕਿ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਧਾਂਕ ਬੈਠ ਗਈ ਅਤੇ ਅੱਜ ਵੀ ਹੈ। ਪਰ ਹੁਣ ਜਦੋਂ ਮੇਰਾ ਮਨ ਬਹੁਤ ਵਿਚਲਿਤ ਹੋ ਜਾਂਦਾ ਹੈ, ਤਾਂ ਮੈਂ ਆਪਣੇ ਭਰਪੂਰ ਪਰਿਵਾਰ ਨੂੰ ਛੱਡ ਕੁਝ ਦਿਨਾਂ ਲਈ ਦੂਰ ਇਸ ਅਸਥਾਨ 'ਤੇ ਆ ਜਾਂਦਾ ਹਾਂ ਜਦੋਂ ਮਨ ਕੁਝ ਸ਼ਾਂਤ ਹੋ ਜਾਂਦਾ ਹੈ ਮੁੜ ਹਵਾਈ ਜਹਾਜ਼ ਰਾਹੀਂ ਘਰ ਪਹੁੰਚ ਜਾਂਦਾ ਹਾਂ, ਸ਼ਾਇਦ ਇਹੋ ਹੀ ਮੇਰੀ ਨੋਅਤੀ ਹੈ। ਮੈਂ ਉਦਾਸ ਅਤੇ ਭਾਰੀ ਮਨ ਨਾਲ ਸਮੇਤ ਪਰਿਵਾਰ ਆਪਣੇ ਘਰ ਆ ਗਿਆ।

ਕਈ ਸਾਲ ਲੰਘ ਗਏ, ਦਿਲ ਦਿਮਾਗ ਤੇ ਇਸ ਘਟਨਾ ਦੀ ਯਾਦ ਵੀ ਬਹੁਤ ਧੁੰਦਲੀ ਹੋ ਗਈ। ਫਿਰ ਮੌਕਾ ਮਿਲਿਆ ਉਸੇ ਹੀ ਗੁਰਧਾਮ ਨੂੰ ਜਾਣ ਦਾ। ਗੁਰਦੁਆਰਿਆਂ ਦੇ ਦਰਸ਼ਨ ਕਰ, ਕੁਝ ਆਰਾਮ ਕਰਨ ਬਾਅਦ ਰਹਿਰਾਸ ਅਤੇ ਅਰਦਾਸ ਬਾਦ, ਸੰਗਤ ਦੇ ਨਾਲ ਲੰਗਰ ਦੀ ਪੰਗਤ ਵਿਚ ਬੈਠੇ ਸਾਂ। ਸੇਵਾਦਾਰ ਲੰਗਰ ਵਰਤਾ ਰਹੇ ਸਨ, ਇਕ ਬਜ਼ੁਰਗ ਖੁੱਲ੍ਹੀ ਦਾਹੜੀ ਭਰਿਆ ਗੁਲਾਬੀ ਦਮਕਦਾ ਚਿਹਰਾ, ਸਿਰ ਤੇ ਬੰਨਿਆ ਸਾਧਾਰਣ ਜਿਹਾ ਸਾਫਾ, ਖੁੱਲ੍ਹਾ ਝੱਗਾ ਤੇ ਪਜਾਮਾ ਪਾਇਆ ਹੋਇਆ, ਖੀਰ ਪਾਉਣ ਲਈ ਮੇਰੇ ਸਾਹਮਣੇ ਪਈ ਥਾਲੀ ਤੇ ਝੁਕੇ ਅਤੇ ਕੰਨੀ ਪਈ ਜਾਣੀ ਪਛਾਣੀ ਆਵਾਜ਼ ਨੇ ਮੇਰੀ ਆਤਮਕ ਚੇਤਨਾ ਨੂੰ ਜਗਾ ਦਿੱਤਾ। ਆਵਾਜ਼ ਤਾਂ ਸੁਣੀ ਲਗਦੀ ਹੈ ਪਰ ਦੱਗਦੱਗ ਕਰਦਾ ਚਿਹਰਾ ਕੌਣ ਹੈ ਕੁਝ ਯਾਦ ਨਹੀਂ ਆਇਆ। ਔਧ ਮਨ ਨਾਲ ਲੰਗਰ ਛਕਿਆ ਬਾਹਰ ਆ ਖਲੋਤਾ। ਉਨ੍ਹਾਂ ਸੱਜਣਾਂ ਨੂੰ ਫੇਰ ਖੀਰ ਦੀ ਸੇਵਾ ਕਰਦਿਆਂ 'ਖੀਰ ਜੀ' ਦੇ ਸ਼ਬਦ ਉਚਾਰਣ ਕਰਦਿਆਂ ਸੁਣਿਆ, ਮਿਲਣ ਦੀ ਇੱਛਾ ਬੜੀ ਪ੍ਰਬਲ ਹੋਣ ਕਰਕੇ ਇੰਤਜ਼ਾਰ ਕਰਨਾ ਠੀਕ ਸਮਝਿਆ। ਦੇਰ ਤੱਕ ਲੰਗਰ ਚਲਿਆ, ਉਨ੍ਹਾਂ ਬਾਕੀ ਸੇਵਾਦਾਰਾਂ ਨਾਲ ਲੰਗਰ ਛਕਿਆ ਅਤੇ ਹੱਥ ਧੋ ਮੇਰੇ ਵੱਲ ਆਉਂਦੇ ਨਜ਼ਰ ਆਏ। ਮੈਂ ਕੁਝ ਸਾਵਧਾਨ ਹੋ ਗਿਆ। ਆਂਦਿਆਂ ਹੀ ਸੱਤ ਸ੍ਰੀ ਅਕਾਲ ਬੁਲਾਈ ਮੋਢੇ ਤੇ ਹੱਥ ਰੱਖਿਆ ਆਪਣੇ ਵੱਲ ਖਿੱਚਿਆ ਅਤੇ ਉਸੇ ਅਸਥਾਨ ਤੇ ਬੈਠ ਗਏ। ਬੈਠਦਿਆਂ ਸਾਰ ਹੀ ਯਾਦ ਆ ਗਿਆ ਕਿ ਜਿਸ ਜਗ੍ਹਾ ਤੇ ਹੁਣ ਬੈਠੇ ਹਾਂ ਇਸ ਹੀ ਅਸਥਾਨ ਤੇ ਕੁਝ ਵਿਚਾਰ ਸਾਂਝੇ ਕੀਤੇ ਸਨ। "ਬਾਬਾ ਜੀ ਤੁਸੀਂ ਇਤਨੇ ਸਾਲਾਂ ਬਾਅਦ.... ਇਹ ਚਮਤਕਾਰ ਕਿਵੇਂ ?" ਉਨ੍ਹਾਂ ਬੜੇ ਭਾਵੁਕ ਹੋ ਆਤਮਕ ਵਿਸ਼ਵਾਸ ਦਰਸਾਉਂਦਿਆਂ ਆਖਿਆ, "ਕਾਕਾ ਜਦੋਂ ਪਰਵਾਰਿਕ ਅਤੇ ਆਰਥਿਕ ਤੌਰ 'ਤੇ ਇਨਸਾਨ ਅਮੀਰ ਬਣ ਜਾਂਦਾ ਹੈ... ਉਥੋਂ ਹੀ ਸ਼ੁਰੂ ਹੁੰਦਾ ਹੈ ਏਕਾਂਤ ਭਰਿਆ ਜੀਵਨ। ਉਹ ਦੁਖਦਾਈ ਸਮਾਂ ਜਿਸ ਤੋਂ ਮਨੁੱਖ ਆਪਣਾ ਜੀਵਨ ਆਰੰਭ ਕਰਦਾ ਹੈ ਸ਼ਾਇਦ ਹੋਰ ਕਿਸੇ ਨਾਲ ਵੀ ਇਸ ਤਰ੍ਹਾਂ ਘਟਦਾ ਹੋਵੇਗਾ, ਮੈਂ ਨਹੀਂ ਜਾਣਦਾ। ਹੁਣ ਬੜੀ ਸ਼ਾਨਦਾਰ ਕੋਠੀ, ਨੌਕਰ ਚਾਕਰ, ਗੱਡੀਆਂ ਦੇ ਨਾਲ ਡਰਾਇਵਰਾਂ ਦੀ ਕਤਾਰ ਆਪਣੇ ਬੱਚੇ ਅਤੇ ਉਨ੍ਹਾਂ ਦੇ ਬੱਚਿਆਂ ਦਾ ਜਮਘਟ, ਰਿਸ਼ਤੇਦਾਰਾਂ ਦਾ ਆਉਣਾ ਜਾਣਾ, ਸਾਲ ਵਿਚ ਦੋ ਵਾਰੀ ਸਣੇ ਪਰਿਵਾਰ ਦੇਸ ਜਾਂ ਵਿਦੇਸ਼ ਦਾ ਸੈਰ ਸਪਾਟਾ ਕਰਨਾ, ਸਾਰੀ ਸੁੱਖ ਸੁਵਿਧਾ ਦਾ ਆਨੰਦ ਮਾਨਣਾ, ਪਰਵਾਰਿਕ ਪਿਆਰ, ਸਮਾਜਿਕ ਮਾਣ ਸਨਮਾਨ, ਸਭ ਕੁਝ ਹੁੰਦਿਆਂ, ਦੇਸ਼ ਵਿਦੇਸ਼ ਦੇ ਡਾਕਟਰਾਂ ਨਾਲ ਮਿੱਤਰਤਾ, ਪਿਆਰ ਤੇ ਆਪਣਾਪਣ... ਪਰ ਮੈਂ ਇਤਨਾ ਕੁਝ ਹੁੰਦਿਆਂ ਹੋਇਆਂ ਵੀ ਬਹੁਤ ਦੁਖੀ, ਲਾਚਾਰ, ਬੇਸਹਾਇ, ਖਾਣ-ਪੀਣ ਤੋਂ ਮੁਹਤਾਜ, ਮਾਨਸਿਕ ਤੌਰ 'ਤੇ ਅਣਜਾਣਾ ਡਰ, ਇਹ ਸਾਰੀਆਂ ਗੱਲਾਂ ਜ਼ਿੰਦਗੀ ਦੇ ਅਰਥ ਹੀ ਬਦਲ ਦਿੰਦੀਆਂ ਹਨ। ਤਦ ਹੀ ਅਣਜਾਣ ਜਗ੍ਹਾ ਗੁਰਦੁਆਰਿਆਂ ਦੇ ਦਰਸ਼ਨ, ਆਪਣੇ ਜਾਣੇ ਪਛਾਣੇ ਸੱਜਣਾਂ ਤੋਂ ਦੂਰ, ਕੁਝ ਸਕੂਨ ਜ਼ਰੂਰ ਮਿਲਦਾ ਹੈ, ਪਰ ਕੁਝ ਸਮੇਂ ਲਈ। ਫਿਰ ਉਹੋ ਹੀ ਚੱਕਰਵਿਊ।

ਉਸ ਦਿਨ ਖੀਰ ਵਰਤਾਉਂਦਿਆਂ ਨੌਜੁਆਨ ਸੇਵਾਦਾਰ ਨੇ ਬਾਬੇ ਦੇ ਲੰਗਰ ਦੀ ਕਰਾਮਾਤ ਬਾਰੇ ਮੁਸਕਰਾਉਂਦਿਆਂ ਹੋਇਆਂ ਇਕ ਆਤਮਕ ਰੋਸ਼ਨੀ ਜਗ੍ਹਾ ਦਿੱਤੀ, ਵਾਪਸ ਘਰ ਜਾ ਇਵੇਂ ਜਾਪਦਾ ਸੀ, ਬਾਬਾ ਜੀ ਆਪਣੀ ਸੇਵਾ ਵਿਚ ਆਪ ਬੁਲਾ ਰਹੇ ਹਨ। ਦੁੱਖ, ਦਰਦ, ਚਿੰਤਾ ਅਤੇ ਹੋਰ ਕਈ ਗਲਤ ਵਿਚਾਰਾਂ ਨੂੰ ਤਿਆਗਣ ਲਈ, ਮੇਰੀ ਅੰਦਰਲੀ ਅਵਾਜ਼ ਨੇ ਆਪ ਹਨੇਰੀ ਵਾਂਙ ਹਲੂਣਾ ਦਿੱਤਾ। ਮੈਂ ਸਭ ਤਿਆਗ ਸਾਦੇ ਕੱਪੜਿਆਂ ਵਿਚ ਰਾਤ ਨੂੰ ਘਰੋਂ ਨਿਕਲ ਬਗੈਰ ਗੱਡੀ ਦਾ ਟਿਕਟ ਖਰੀਦੇ ਉਸ ਗੁਰਦੁਆਰੇ ਜਾਣ ਵਾਲੀ ਰੇਲ ਵਿਚ ਚੜ੍ਹ ਗਿਆ। ਡੱਬੇ ਵਿਚ ਕੁਝ ਸਿੱਖ ਪਰਿਵਾਰ ਵੀ ਸਨ ਅਤੇ ਗੱਲਾਂ ਬਾਤਾਂ ਵਿਚ ਆਪਣਾ ਪਣ ਆ ਗਿਆ। ਬਸ ਪਹੁੰਚ ਗਿਆ ਬਿਨਾ ਕਿਸੀ ਰੋਕ ਟੋਕ ਦੇ ਗੁਰਦੁਆਰੇ ਦੇ ਲੰਗਰ ਸਾਹਿਬ। ਉਸ ਨੌਜਵਾਨ ਨੂੰ ਮਿਲਿਆ, ਆਉਣ ਦਾ ਕਾਰਨ ਦੱਸਿਆ। ਬੱਚਾ ਬੜਾ ਖੁਸ਼ ਹੋ ਪ੍ਰਬੰਧਕਾਂ ਕੋਲ ਲੈ ਗਿਆ-- ਮੇਰੇ ਬਾਬਾ ਜੀ ਆਏ ਹਨ ਅਤੇ ਮੇਰੇ ਨਾਲ ਹੀ ਰਹਿਣਗੇ। ਮੇਰੀ ਸਿਆਣੀ ਉਮਰ, ਕਮਜ਼ੋਰ ਕਾਇਆ ਦੇਖ ਉਨ੍ਹਾਂ ਵੀ ਆਗਿਆ ਦੇ ਦਿੱਤੀ। ਫੇਰ ਕੀ ਮੁੜ ਨਹੀਂ ਦੇਖਿਆ ਅੱਜ ਮੈਂ ਤੁਹਾਡੇ ਨਾਲ ਬੈਠਾ ਤੰਦਰੁਸਤ ਹਾਲਤ ਵਿਚ ਬੈਠਾ ਬਤਿਆ ਰਿਹਾ

ਹਾਂ।"

ਹੁਣ ਮੇਰੀ ਆਪਣੀ ਚੌਂਕਣ ਦੀ ਵਾਰੀ ਸੀ ਕਿ ਕਲਿਯੁਗ ਵਿਚ ਵੀ ਢਲੀ ਉਮਰੇ ਖੁਸ਼ੀ ਅਤੇ ਤੰਦਰੁਸਤੀ ਦੇ ਨਾਲ ਨਾਲ ਮੁਸਕਰਾਉਣ ਦਾ ਵਰਦਾਨ ਵੀ ਮਿਲਦਾ ਹੈ। ਬਾਬਾ ਜੀ ਸ਼ਾਇਦ ਭਾਂਪ ਗਏ, ਬੜੇ ਪਿਆਰ ਨਾਲ ਹੌਲੀ ਹੌਲੀ ਕਹਿਣ ਲੱਗੇ, "ਬੱਚੇ ਮੈਂ ਸਭ ਤੋਂ ਪਹਿਲਾਂ ਪ੍ਰੈਕਟੀਕਲ ਖੁਲਾਸਾ ਕਰਦਾ ਹਾਂ – ਇਥੇ ਪਹੁੰਚ ਸਵੇਰੇ ਤਿੰਨ ਵਜੇ ਉਠਣਾ ਨਿਤਕਰਮ ਕਰ ਸੰਗਤ ਨਾਲ ਤੁਰਦਿਆਂ ਸਵਾ ਘੰਟਾ ਵਾਹਿਗੁਰੂ ਜੀ ਦਾ ਜਾਪ ਕਰਨਾ, ਫਿਰ ਲੰਗਰ ਤਿਆਰ ਕਰਨ ਵਿਚ ਜੁਟ ਜਾਣਾ, ਵਰਤਾਣ ਦਾ ਕੰਮ ਸਵੇਰ ਤੋਂ ਸ਼ੁਰੂ ਹੁੰਦਾ ਸ਼ਾਮ ਦੇ ਲੌਢੇ ਵੇਲੇ ਤੱਕ ਚਲਦਾ, ਕੁਝ ਕੁ ਸਮਾਂ ਆਰਾਮ ਕਰਨ ਦਾ ਮਿਲਦਾ ਫਿਰ ਸੇਵਾ ਦਾ ਕੰਮ ਸ਼ੁਰੂ ਹੋ ਜਾਂਦਾ ਅਤੇ ਦੇਰ ਰਾਤ ਤੱਕ ਚੱਲਦਾ। ਲੰਗਰ ਦਾ ਬਣਿਆ ਭੋਜਨ ਛਕਣਾ ਅਤੇ ਉਸ ਵੇਲੇ ਸਰੀਰਕ ਤਕਲੀਫ ਬਹੁਤ ਹੁੰਦੀ ਸੀ ਪਰ ਨਿਸ਼ਚਾਂ ਪੱਕਾ ਬਣ ਗਿਆ ਸੀ। ਪਹਿਲੇ ਦਿਨ ਤੋਂ ਹੀ ਡਾਇਬਿਟਕਸ ਦੀ ਕੋਈ ਵੀ ਦਵਾਈ ਨਹੀਂ ਲਈ ਕਿਉਂਕਿ ਮੇਰੇ ਕੋਲ ਕੁਝ ਵੀ ਨਹੀਂ ਸੀ। ਸਰੀਰ ਆਪਣੇ ਆਪ ਸੰਭਲਣ ਲੱਗ ਪਿਆ ਮਾਨਸਿਕਤਾ ਤਕੜੀ ਹੋ ਗਈ ਜੋ ਅਧਿਆਤਮਕ ਸ਼ਕਤੀ ਵੱਲ ਮੋੜਦੀ ਹੈ। ਤੁਹਾਡੇ ਕੋਲ ਸਭ ਭੌਤਿਕ ਸੁਖ ਹੁੰਦਿਆਂ ਹੋਇਆਂ ਵੀ, ਪਿਛਲੀ ਭਰੀ ਜ਼ਿੰਦਗੀ ਤੋਂ ਮੁਕਤੀ ਦਿੰਦੀ ਹੈ। ਪਰ ਅੱਜ ਸਭ ਕੁਝ ਬਦਲ ਗਿਆ ਹੈ ਮਨ ਸਥਿਰ ਹੋ ਗਿਆ ਹੈ, ਮਾਨਸਕਿਤਾ ਉੱਚ ਸਿਖਰ 'ਤੇ ਪਹੁੰਚ ਗਈ ਹੈ। ਇਸ ਬਖਸ਼ਿਸ਼ ਨੇ ਅਕਾਲ ਪੁਰਖ ਨਾਲ ਜੋੜ ਦਿੱਤਾ ਹੈ। ਮੈਂ ਆਪਣੇ ਜੀਵਨ ਵਿਚ ਸਭ ਕੁਝ ਕਰ ਅਤੇ ਦੇਖ ਲਿਆ ਸੀ ਕੁਝ ਇੱਛਾ ਬਾਕੀ ਨਹੀਂ ਰਹਿ ਗਈ ਸੀ। ਗੁਰਸਿੱਖ ਕੋਲੋਂ ਸੁਣ ਬਹੁਤਾ ਅੱਛਾ ਲੱਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਗੁਰਦੁਆਰੇ ਦੇ ਦਰਸ਼ਨ ਦਾ ਸਫਰ ਸਫਲ ਹੋ ਗਿਆ।

ਇਨਸਾਨੀ ਮਨ ਸਭ ਕੁਝ ਬਹੁਤ ਛੇਤੀ ਭੁਲਾ ਦਿੰਦਾ ਹੈ ਜ਼ਿੰਦਗੀ ਦੇ ਰੁਝਾਵੇਂ, ਨਿੱਤ ਨਵੀਂ ਦੁਨੀਆਂ ਦੇ ਦੁਖ ਦਰਦ ਆਪਣੇ ਵਿਚ ਰੁਝੇਵੇਂ ਰੱਖਦੇ ਹਨ। ਸਾਲੋ ਸਾਲ ਫਿਰ ਬੀਤ ਗਏ, ਫਿਰ ਉਬਾਲ ਉਠਿਆ ਗੁਰਦੁਆਰੇ ਦੇ ਦਰਸ਼ਨ ਕਰਨ ਲਈ ਬਸ ਉਸ ਸ਼ਬਦ ਘਟਨਾ ਦਾ ਫੇਰ ਅਨੁਭਵ ਹੋਇਆ, ਬਜ਼ੁਰਗਾਂ ਦਾ ਦਗਦਗ ਕਰਦਾ ਚਿਹਰਾ ਜੋ ਗੁਲਾਬੀ ਛਟਾ ਦਾ ਅਨੁਭਵ ਕਰਾ ਰਿਹਾ ਸੀ ਅਤੇ ਉਹ ਖਿੱਚਵੀਂ ਮੁਸਕੁਰਾਹਟ ਸਭ ਤੋਂ ਪਹਿਲਾਂ ਉਸੇ ਜਗ੍ਹਾ ਤੇ ਖਿੱਚ ਕੇ ਲੈ ਗਈ, ਪਰ ਭਾਣਾ ਵਰਤ ਚੁੱਕਿਆ ਸੀ... ਆਪਣੀ ਸੁਆਸਾਂ ਦੀ ਪੂੰਜੀ ਪੂਰੀ ਕਰ ਬਾਬਾ ਜੀ ਸੰਸਾਰ ਤੋਂ ਵਿਦਾ ਲੈ ਚੁੱਕੇ ਸਨ। ਮਨ ਉਦਾਸ ਹੋਇਆ ਪਰ ਫੇਰ ਇਕ ਆਸ਼ਾ ਭਰੀ ਝਲਕ ਦਾ ਅਹਿਸਾਸ ਹੋਇਆ ਜੋ ਬਾਬੇ ਦੇ ਜੀਵਨ ਤੋਂ ਮਿਲੀ ਸੀ।

ਦਾਪੋਡੀ, ਪੂਨਾ (ਮਹਾਰਾਸ਼ਟਰ)

ਵਰਿਆਮ ਨੂੰ ਸਹਿਯੋਗ

ਫਰੀਦਾਬਾਦ—ਬੀਤੀ ੯ ਅਪ੍ਰੈਲ ੨੦੦੬ ਨੂੰ ਸੰਤ ਜਸਵੰਤ ਸਿੰਘ ਅਤੇ ਬੀਬੀ ਬਲਕਾਰ ਕੌਰ ਦੇ ਪਰਿਵਾਰ ਵੱਲੋਂ ਆਪਣੇ ਗ੍ਰਿਹ ਨੰਬਰ ੧੫, ਸੈਕਟਰ-੨੯ ਫਰੀਦਾਬਾਦ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ-ਅਰੋਗਤਾ ਵਾਸਤੇ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਅਖੰਡ-ਪਾਠ ਦੇ ਭੋਗ ਪਾਏ ਗਏ। ਸੰਤ ਜਸਵੰਤ ਸਿੰਘ ਅਤੇ ਬੀਬੀ ਬਲਕਾਰ ਕੌਰ ਸਤਿਗੁਰੂ ਜੀ ਦੇ ਅਨਿਨ ਸੇਵਕ ਹਨ ਉਹਨਾਂ ਦੇ ਸਪੁੱਤਰ ਸੰਤ ਧਨਵੰਤ ਸਿੰਘ ਅਤੇ ਨੂੰਹ ਰਾਜਪ੍ਰੀਤ ਕੌਰ (ਸਪੁਤਰੀ ਸੰਤ ਸਤਨਾਮ ਸਿੰਘ ਦਿੱਲੀ) ਆਪਣੇ ਮਾਤਾ-ਪਿਤਾ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ ਸੇਵਾ-ਰੂਪ ਹਨ।

ਇਸ ਮੌਕੇ ਉਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਾਕਾ ਗੁਰਦੇਵ ਸਿੰਘ ਨੇ ਆਪਣੇ ਜਥੇ ਨਾਲ ਕੀਤਾ ਅਤੇ ਬਾਅਦ ਵਿਚ ਦੀਵਾਨ ਵੀ ਲਾਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਕ ਗੀਤ ਪ੍ਰਵਾਨਾ ਹਰਭਜਨ ਸਿੰਘ ਨੇ ਵੀ ਗਾਇਆ।

ਇਸ ਸਮੇਂ ਸੰਤ ਜਸਵੰਤ ਸਿੰਘ ਦੇ ਪਰਿਵਾਰ ਵੱਲੋਂ ਜਲੰਧਰ ਤੋਂ ਛਪਦੇ ਮਾਸਕ ਵਰਿਆਮ ਨੂੰ ੫੦੦/- ਰੁਪੈ ਸਹਾਇਤਾ ਸੰਤ ਸਤਨਾਮ ਸਿੰਘ ਰਾਹੀਂ ਭੇਜੀ ਗਈ।

—ਪਰਿਵਾਰ ਸਵ: ਸੰਤ ਗੁਰਭਜਨ ਸਿੰਘ ਸਾਬਕ ਨਿਜੀ ਸਕੱਤਰ ਸਤਿਗੁਰੂ ਜਗਜੀਤ ਸਿੰਘ ਜੀ ੧੧.੦੫.੦੬ ਨੂੰ ਲੁਧਿਆਣਾ ਵਿਖੇ ੫੦੦/-

—ਪ੍ਰੋ: ਜਗੀਰ ਸਿੰਘ ਕਾਹਲੋਂ ੫੦੦/-

—ਸ: ਕੁਲਵਿੰਦਰ ਸਿੰਘ ਸੰਧੂ ਪਰਿਵਾਰ ੩੦ ਗਰੀਨ ਐਵੇਨਿਊ ਮਾਡਲ ਟਾਊਨ ਜਲੰਧਰ ੨੧ ਮਈ ੨੦੦੬ ਨੂੰ ਪਾਠ ਦੇ ਭੋਗ ਸਮੇਂ ਸੰਤ ਗੁਰਲਾਲ ਸਿੰਘ ਸੰਤ ਹਰਬੰਸ ਸਿੰਘ ਹਜ਼ੂਰੀ ਰਾਗੀਆਂ ਕੀਰਤਨ ਕੀਤਾ ੫੦੦/-

ਸੰਤ ਸਤਨਾਮ ਸਿੰਘ ਨੂੰ ਮਾਸਟਰ ਨਿਹਾਲ ਸਿੰਘ ਯਾਦਗਾਰੀ ਇਨਾਮ

੯ ਅਪ੍ਰੈਲ ੨੦੦੬ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਮਾਸਟਰ ਨਿਹਾਲ ਸਿੰਘ ਜੀ ਦੀ ਯਾਦ ਵਿਚ ਮੇਲਾ ਮਨਾਇਆ ਗਿਆ ਅਤੇ ਪੰਜਵਾਂ ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ ਸੰਤ ਸਤਿਨਾਮ ਸਿੰਘ ਨੂੰ ਸੂਬਾ ਸੁਖਦੇਵ ਸਿੰਘ ਹੱਥੀ ਦਿੱਤਾ ਗਿਆ।

ਪ੍ਰੋਗਰਾਮ ਦਾ ਆਰੰਭ ਰਾਗੀ ਤਰਲੋਚਨ ਸਿੰਘ, ਜਰਨੈਲ ਸਿੰਘ ਤੇ ਸਾਥੀਆਂ ਰਾਹੀਂ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਜਥੇਦਾਰ ਧਰਮ ਸਿੰਘ ਨੇ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨ' ਸ਼ਬਦ ਪੜ੍ਹਿਆ। ਜਥੇਦਾਰ ਤਾਰਾ ਸਿੰਘ ਨੇ ਵੀ ਹਾਜ਼ਰੀ ਲੁਆਈ। ਮਾਸਟਰ ਨਿਹਾਲ ਸਿੰਘ ਜੀ ਦੇ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਵੇਲੇ ਦੇ ਵਿਦਿਆਰਥੀ ਜਥੇਦਾਰ ਮਨਜੀਤ ਸਿੰਘ ਨੇ 'ਤਿਸੁ ਸੇਵਕ ਕੇ ਹਉ ਬਲਿਹਾਰੈ ਜੋ ਅਪਨੇ ਪ੍ਰਭ ਭਾਵੈ' ਦੀ ਟੇਕ ਲੈ ਕੇ ਦਿਵਾਨ ਲਾਇਆ ਅਤੇ ਮਾਸਟਰ ਜੀ ਦੀ ਵਿਦਿਆਰਥੀਆਂ ਨੂੰ ਗੌਸ਼ ਨਾਲ ਪੜ੍ਹਾਉਣ ਅਤੇ ਉਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੇਣ ਦੀ ਗੱਲ ਕਹੀ। ਜਥੇਦਾਰ ਕੂਕਾ ਸਿੰਘ ਨੇ ਪ੍ਰਭਾਵਸ਼ਾਲੀ ਤਰੀਕੇ ਨਾਲ 'ਨਾ ਓਹਿ ਮਰਹਿ ਨ ਠਾਗੇ ਜਾਹਿ ਜਿਨ ਕੈ ਰਾਮੁ ਵਸੈ ਮਨੁ ਮਾਹਿ॥' ਧਰਨ ਪੜਕੇ ਦਿਵਾਨ ਲਾਇਆ।

ਜਥੇਦਾਰ ਸੇਵਾ ਸਿੰਘ ਨੇ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਨੂੰ ਆਪਣੇ ਸਮੇਂ ਦੇ ਮਹਾਨ ਆਗੂ, ਬੁਲਾਰੇ, ਲਿਖਾਰੀ ਵਜੋਂ ਪੇਸ਼ ਕੀਤਾ। ਉਹਨਾਂ ਵੇਦਾਂ ਸ਼ਾਸਤਰਾਂ ਤੋਂ ਲੈ ਕੇ ਮਾਸਟਰ ਜੀ ਤੱਕ ਦੇ ਇਤਿਹਾਸ ਦੇ ਵਰਕੇ ਫੋਲਦਿਆਂ ਇਹ ਗੱਲ ਪੇਸ਼ ਕੀਤੀ ਕਿ ਲਿਖਾਰੀ ਆਪਣੀ ਲਿਖਤ ਕਰਕੇ ਰਹਿੰਦੀ ਦੁਨੀਆਂ ਤੱਕ ਪਛਾਣਿਆ ਜਾਂਦਾ ਹੈ। ਮਾਸਟਰ ਜੀ ਨਾਲ ਉਹਨਾਂ ਆਪਣੀ ਨਿਜੀ ਸਾਂਝ ਨੂੰ ਦਰਸਾਉਂਦਿਆਂ ਉਹਨਾਂ ਦੇ ਹੌਲਾਸ਼ੇਰੀ ਦੇਣ ਦੇ ਸੁਭਾਅ ਬਾਰੇ ਦਸਿਆ।

ਗੁਰਮੁਖ ਸਿੰਘ ਰਤਨ ਅਤੇ ਭਗਵਾਨ ਸਿੰਘ ਦੀਪਕ ਨੇ ਮਾਸਟਰ ਜੀ ਨੂੰ ਕਵਿਤਾ ਰਾਹੀਂ ਸ਼ਰਧਾਂਜਲੀਆਂ ਪੇਸ਼ ਕੀਤੀਆਂ। ਰਿਸਰਚ ਸਕਾਲਰ ਜਸਵਿੰਦਰ ਸਿੰਘ ਨੇ ਕਿਹਾ ਕਿ ਮਾਸਟਰ ਜੀ ਸਦਾ ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਵਿਚ ਸ੍ਰੀ ਸਤਿਗੁਰੂ ਜੀ ਪ੍ਰਤੀ ਸ਼ਰਧਾ ਭਾਵਨਾ ਪੈਦਾ ਕਰਦੇ ਸਨ। ਉਹਨਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮਾਸਟਰ ਜੀ ਨਾਲ ਬੈਠ ਕੇ ਕਈ ਦੁਰਲਭ ਖਰੜਿਆਂ ਦਾ ਪਾਠ ਕਰਨ ਅਤੇ ਉਹਨਾਂ ਨੂੰ ਛਾਪਣ ਯੋਗ ਬਣਾਉਣ ਦੀਆਂ ਬੈਠਕਾਂ ਦੇ ਹਵਾਲੇ ਦਿੱਤੇ। ਸੰਤ ਤਰਨ ਸਿੰਘ ਵਹਿਮੀ ਦੇ ਪੋਤਰੇ ਸ. ਗੁਰਭੇਜ ਸਿੰਘ ਵਕੀਲ ਨੇ ਕਿਹਾ ਕਿ ਮਾਸਟਰ ਜੀ ਦੀ ਬਾਪੂ ਜੀ (ਵਹਿਮੀ) ਨਾਲ ਬੜੀ ਸਾਂਝ ਸੀ। ਸਾਡੇ ਸਕੂਲ ਵਿਚ ਪੜ੍ਹਨ ਜਾਣ ਤਕ ਉਹ ਰਿਟਾਇਰ ਹੋ ਚੁੱਕੇ ਸਨ ਪਰ ਵਿਦਿਅਕ ਸੰਮੇਲਨਾਂ ਨੇ ਸਾਡੀ ਉਹਨਾਂ ਨਾਲ ਸਾਂਝ ਪਾਈ ਸੀ। ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਲੋਕਾਂ ਵਿਚ ਉਹਨਾਂ ਪ੍ਰਤੀ ਜੋ ਸਦਭਾਵਨਾ ਸੀ, ਉਹ ਅੱਜ ਵੀ ਕਾਇਮ ਹੈ। ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਸਕੱਤਰ ਬੀਬੀ ਨਰਿੰਦਰ ਕੌਰ ਨੇ ਕਿਹਾ ਕਿ ਮਾਸਟਰ ਜੀ ਦਾ ਜੀਵਨ ਬੜਾ ਉੱਚਾ ਸੁੱਚਾ ਸੀ। ਉਹ ਸਿਖਿਆ ਦੇ ਖੇਤਰ ਨਾਲ ਜੁੜੇ ਹੋਏ ਸਨ। ਬੀਬੀ ਜੀ ਨੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਬੱਚਿਆਂ ਨੂੰ ਦਾਖਲ ਕਰਵਾ ਕੇ ਸਤਿਗੁਰੂ ਜੀ ਦਾ ਹੁਕਮ ਮੰਨਣ ਬਾਰੇ ਕਿਹਾ। ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਪ੍ਰਿੰਸੀਪਲ ਸ੍ਰੀ ਐਸ. ਬੀ. ਸਿੰਘ ਨੇ ਕਿਹਾ ਕਿ ਉਹਨਾਂ ਨੂੰ ਖੁਸ਼ੀ ਹੈ ਕਿ ਉਹਨਾਂ ਦੇ ਸਕੂਲ ਦੇ ਅਧਿਆਪਕ ਨੂੰ ਇਹ ਸਨਮਾਨ ਮਿਲ ਰਿਹਾ ਹੈ। ਉਹਨਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਸਕੂਲ ਦੇ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਚੰਗੇਰੇ ਹੋ ਰਹੇ ਨਤੀਜਿਆਂ ਦੇ ਵੇਰਵੇ ਪੇਸ਼ ਕੀਤੇ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਸੰਤ ਸਤਨਾਮ ਸਿੰਘ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਵੇਂ ਸ਼ੁਰੂ ਤੋਂ ਹੀ ਇਹਨਾਂ ਦਾ ਰੁਝਾਨ ਸਾਧ ਸੰਗਤ ਪ੍ਰਤੀ ਸੀ। ਇਹ ਸਾਧੂ ਸੰਤਾਂ ਦੀ ਸੰਗਤ ਨੂੰ ਮਹਾਨਤਾ ਦੇਂਦੇ ਰਹੇ ਪਰ ਇਹਨਾਂ ਦੀ ਵਿਸ਼ੇਸ਼ ਪਛਾਣ ਪਾਠਾਂ ਦੇ ਪ੍ਰਬੰਧਕ ਕਰਕੇ ਹੈ। ਦੰਦੀਆਂ ਜ਼ਿਲਾ ਗੁਜਰਾਂਵਾਲਾ ਪਾਕਿਸਤਾਨ ਤੋਂ ਇਹ ਪਰਵਾਰ ਨਾਲ ਦਿੱਲੀ ਆ ਕੇ ਵੱਸ ਗਏ। ਏਥੇ ਹੀ ੧੯੫੨ ਵਿਚ ੧੭ ਕੁ ਸਾਲ ਦੀ ਉਮਰ ਵਿਚ ਇਹਨਾਂ ਦਾ ਅਨੰਦ ਕਾਰਜ ਹੋਇਆ। ਸੰਤ ਅਮਰ ਸਿੰਘ ਭਾਗੋਵਾਲੀ ਅਤੇ ਸੰਤ ਬਲਕਾਰ ਸਿੰਘ ਸੇਵਕ ਤੋਂ ਸ਼ੁੱਧ ਪਾਠ ਕਰਨ ਦੀ ਸਿਖਿਆ ਲੈ ਕੇ ਇਹਨਾਂ ਦੀ ਵਿਸ਼ੇਸ਼ ਪਛਾਣ ਬਣੀ। ਇਹ ਵਿਦਿਅਕ ਜਥੇ ਵਿਚ ੧੯੬੬ ਵਿਚ ਮਾਸਟਰ ਨਿਹਾਲ ਸਿੰਘ ਜੀ ਦੀ ਲਗਨ ਵੇਖ ਕੇ ਹੀ ਸਰਗਰਮ ਹੋਏ। ਦਿੱਲੀ ਦੇ ਸ. ਹਰਵਿੰਦਰ ਸਿੰਘ ਹੰਸਪਾਲ, ਸੰਤ ਸੁਖਦਰਸ਼ਨ ਸਿੰਘ ਹੁਰਾਂ ਨਾਲ ਇਹਨਾਂ ਦਾ ਗੂੜ੍ਹਾ ਨੇੜ ਰਿਹਾ ਹੈ। ਇਹਨਾਂ ਸ਼ਤਾਬਦੀਆਂ ਮਨਾਉਂਦੇ ਸਮੇਂ ਸਵਾ ਲੱਖ ਪਾਠਾਂ ਦਾ ਪ੍ਰਬੰਧ ਕਰਨ ਸਮੇਂ ਸ੍ਰੀ ਸਤਿਗੁਰੂ ਜੀ ਦੀ ਨੇੜਤਾ ਪ੍ਰਾਪਤ ਕੀਤੀ। ੧੯੯੧ ਤੋਂ ਇਹ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੇ ਹਨ। ਸੰਤ ਸਤਨਾਮ ਸਿੰਘ ਧਾਰਮਿਕ ਵਿਸ਼ੇ ਦੇ ਅਧਿਆਪਕ ਸਨ।

ਸ. ਹਰਵਿੰਦਰ ਸਿੰਘ ਹੰਸਪਾਲ ਨੇ ਮਾਸਟਰ ਨਿਹਾਲ ਸਿੰਘ ਜੀ ਨੂੰ ਸਤਿਗੁਰ, ਸਿਖਿਆ, ਸਕੂਲ ਅਤੇ ਸ਼ਰਧਾ ਦੇ ਸੰਦਰਭ ਵਿਚ ਪੇਸ਼ ਕੀਤਾ। ਉਹਨਾਂ ਦੱਸਿਆ ਕਿ ਮਾਸਟਰ ਜੀ ਦਾ ਅੰਤਮ ਸਮਾਂ ਵੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਕਥਾ ਕਰਨ ਤੋਂ ਬਾਅਦ ਸਹਿਜੇ ਹੀ ਰਿਹਾ। ਕੋਈ ਬਿਮਾਰੀ ਜਾਂ ਸਰੀਰਕ ਕਸ਼ਟ ਉਹਨਾਂ ਨੂੰ ਨਹੀਂ ਹੋਇਆ। ਹੰਸਪਾਲ ਜੀ ਨੇ ਆਸ ਪ੍ਰਗਟ ਕੀਤੀ ਕਿ ਨਿਕਟ ਭਵਿਖਤ ਵਿਚ ਮਾਸਟਰ ਜੀ ਦੇ ਜੀਵਨ ਬਾਰੇ ਇਕ ਵਡਮੁੱਲੀ ਪੁਸਤਕ ਤਿਆਰ ਕੀਤੀ ਜਾਏਗੀ। ਸੰਤ ਮਨਮੋਹਨ ਸਿੰਘ ਨੇ ਮਾਸਟਰ ਜੀ ਦੇ ਪਰਵਾਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਸੰਤ ਦਲਜੀਤ ਸਿੰਘ ਭਮਰਾ, ਸਕੱਤਰ ਨਾਮਧਾਰੀ ਸੰਗਤ ਯੂ. ਕੇ. ਅਤੇ ਸੰਤ ਮਨਜੀਤ ਸਿੰਘ ਬਨਾਰਸ ਉਚੇਚੇ ਤੌਰ ਤੇ ਸ਼ਾਮਲ ਹੋਏ। ਇਹ ਮੇਲਾ ਮਹੰਤ ਗੁਰਦੇਵ ਸਿੰਘ ਰਾਹੀਂ ਹੁਕਮਨਾਮੇ ਦੇ ਪਾਠ ਅਤੇ ਸਧਾਰਨ ਪਾਠਾਂ ਦੇ ਭੋਗ ਉਪਰੰਤ ਅਰਦਾਸ ਪਿਛੋਂ ਸਮਾਪਤ ਹੋਇਆ।

—ਤਾਰਾ ਸਿੰਘ ਅਨਜਾਣ

ਬਰਤਾਨੀਆ ਦੇ ਨਾਮਧਾਰੀ ਸਿੱਖਾਂ ਵੱਲੋਂ ਵੈਸਾਖੀ ਮੇਲਾ

ਬਰਮਿੰਘਮ ੩੦ ਅਪਰੈਲ— ਅੱਜ ਏਥੇ ਸਮੂਚੀ ਯੂ.ਕੇ. ਦੀ ਨਾਮਧਾਰੀ ਸੰਗਤ ਵੱਲੋਂ ਵੈਸਾਖੀ ਮੇਲਾ ਮਨਾਇਆ ਗਿਆ। ਮੇਲੇ ਦਾ ਸੱਦਾ ਪੱਤਰ ਨਾਮਧਾਰੀ ਸੰਗਤ, ਬਰਮਿੰਘਮ ਦੇ ਪ੍ਰਧਾਨ ਸਰਜੀਤ ਸਿੰਘ, ਜਨਰਲ ਸਕੱਤਰ ਕੁਲਦੀਪ ਸਿੰਘ ਉੱਭੀ ਤੇ ਹੋਰ ਅਹੁਦੇਦਾਰਾਂ ਵੱਲੋਂ ਸੀ।

ਨਵੇਂ, ਸਵਾਰੇ, ਸ਼ਿੰਗਾਰੇ ਹਾਲ ਵਿਚ ਵਾਰੇ ਦੀਆਂ ਗੀਤਾਂ ਵਿਚ ਟਕਸਾਲੀ ਰੰਗ ਸੀ। "ਜਿੱਥੇ ਜਾਏ ਬਹੇ ਮੇਰਾ ਸਤਿਗੁਰੂ" ਦਾ ਗਾਇਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਜੋੜ ਰਿਹਾ ਸੀ। ਗੋਲ ਪੌੜੀਦਾਰ ਆਸਨ ਦੇ ਪਿੱਛੇ ਸ੍ਰੀ ਸਤਿਗੁਰੂ ਜੀ ਦੇ ਮੰਜੇ ਉੱਤੇ, ਚਰਨ ਲਮਕਾ ਕੇ, ਪਊਏ ਪਾਕੇ ਬੈਠਿਆਂ ਦੀ ਤਸਵੀਰ ਚਰਨ ਪਰਸਣ ਦਾ ਸੁੱਖ ਅਨੰਦ ਦੇ ਰਹੀ ਸੀ। ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਤੇ ਸਾਥੀ ਵਾਰਾ ਲਾ ਰਹੇ ਸਨ। ਦੂਰੋਂ ਨੇੜਿਓਂ ਆਈ ਸੰਗਤ ਹਾਲ ਵਿਚ ਬੈਠੀ ਸੀ। ਇਕ ਪਾਸੇ ਸਿੰਘ ਹਵਨ ਕਰ ਰਹੇ ਸਨ।

ਵਾਰੇ ਬਾਅਦ ਨਿਤਨੇਮ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਰਾਹੀਂ ਪ੍ਰਵਚਨ ਸੁਣ ਕੇ ਸਮਝ ਆ ਰਿਹਾ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਰਗਾਹ ਜਾ ਕੇ ਅਕਾਲ ਪੁਰਖ ਦੇ ਕਹਿਣ ਤੇ ਮੰਗ ਮੰਗੀ ਕਿ ਕੁਲ ਸ੍ਰਿਸ਼ਟੀ ਤੇਰਾ ਨਾਮ ਜਪੇ। ਸਭ ਜੀਆਂ ਉੱਤੇ ਦਇਆ ਹੋਵੇ। ਆਪ ਨੇ ਪ੍ਰਵਚਨ ਵਿਚ ਹੁਕਮ ਕੀਤਾ ਕਿ ਮਾਸ, ਸ਼ਰਾਬ, ਆਂਡਾ, ਸਿਗਰਟ ਤੇ ਹੋਰ ਨਸ਼ੇ ਛੱਡੋ। ਨਾਮ ਦਾ ਸਿਮਰਨ ਬੜੇ ਪਿਆਰੇ ਤਰੀਕੇ ਨਾਲ ਕਰੋ।

ਗਿਆਰਾਂ ਪਾਠਾਂ ਦੇ ਭੋਗ ਪਾਏ ਗਏ। ਇਹ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਲਈ, ਮਨੋਕਾਮਨਾਵਾਂ, ਭਾਵਨਾਵਾਂ ਲਈ ਵੱਖ-ਵੱਖ ਸਿੱਖਾਂ ਦੇ ਪਰਵਾਰਾਂ ਤੇ ਬਰਮਿੰਘਮ ਦੀ ਸੰਗਤ ਵੱਲੋਂ ਕੀਤੇ ਗਏ ਸਨ।

ਨੌਜਵਾਨ ਗੁਰਦੇਵ ਸਿੰਘ ਨੇ ਵੈਸਾਖੀ ਦੇ ਪਿਛੋਕੜ ਦੀ ਭੂਮਿਕਾ ਬੰਨ੍ਹਦਿਆਂ ਸਿਤਾਰਵਾਦਨ ਲਈ ਬੀਬੀ ਈਸ਼ਰ ਕੌਰ ਤਬਲੇ ਤੇ ਸੰਗਤ ਰਾਜਵੀਰ ਸਿੰਘ ਨੂੰ ਪੇਸ਼ ਕੀਤਾ। ਉਹਨਾਂ ਦੀ ਕਲਾ ਨੂੰ ਸ਼ਾਬਾਸ਼! ਸ਼ਾਬਾਸ਼! ਕਹਿਕੇ ਵਡਿਆਇਆ ਗਿਆ। ਇਹੀ ਵਡਿਆਈ ਹੋਰ ਜਥਿਆਂ ਦੇ ਹਿੱਸੇ ਆਈ।

ਲੈਸਟਰ ਤੋਂ ਆਏ ਫਲੋਰਾ ਪਰਿਵਾਰ ਦੇ ਜਥੇ ਨੇ ਸੰਗੀਤ ਵਾਦਨ ਨੂੰ ਅੱਗੇ ਤੋਰਿਆ। ਇਹਨਾਂ ਸਿਤਾਰਾਂ, ਦਿਲਰੁਬੇ, ਤਬਲੇ ਵਜਾਏ। ਪਰਿਵਾਰ ਉੱਤੇ ਸਤਿਗੁਰੂ ਦੀ ਐਸੀ ਕਿਰਪਾ ਸੀ ਕਿ ਸਾਜਿੰਦਿਆਂ ਵਿਚ ਮਾਂ-ਪੁੱਤ, ਭੂਆ-ਭਤੀਜਾ, ਭੈਣ-ਭਰਾ, ਮਾਸੀ-ਭਣੇਵੀਂ ਆਦਿ ਸਭ ਸਨ। ਉਹ ਉਸਤਾਦ ਤਰਲੋਕ ਸਿੰਘ ਦੇ ਸ਼ਗਿਰਦ ਸਨ।

ਲੰਡਨ ਤੋਂ ਆਈ ਬੀਬੀ ਨਰਿੰਦਰ ਕੌਰ ਤੇ ਸਾਥੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸ਼ਸਤਰ ਨਾਮ ਮਾਲਾ ਵਿਚੋਂ ਸ਼ਬਦ ਬੜੀ ਭਾਵਨਾ ਤੇ ਰਸਭਿੰਨੇ ਢੰਗ ਨਾਲ ਪੇਸ਼ ਕੀਤਾ।

ਨੌਜਵਾਨ ਗੁਰਪ੍ਰਤਾਪ ਸਿੰਘ, ਸੇਵਕ ਸਿੰਘ ਨੇ "ਮੇਰੇ ਲਾਲਨ ਕੀ ਸੋਭਾ" ਸ਼ਬਦ ਗਾਇਨ ਕੀਤਾ।

ਮਿੰਦਰ ਸਿੰਘ ਬਲਵਿੰਦਰ ਸਿੰਘ ਨੌਜਵਾਨ ਕਵੀਸ਼ਰੀ ਜਥੇ ਦੀ ਸ਼ੁਰੂਆਤ ਉਸ ਨੂੰ ਪ੍ਰਣਾਮ ਹਮਾਰੀ ਹੈ ਨਾਲ ਹੀ ਚੰਗੇਰੀ ਕਵੀਸ਼ਰੀ ਦੀ ਪਛਾਣ ਕਰਵਾਈ।

ਸਾਧ ਸੰਗਤ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੱਸੀ ਮਰਯਾਦਾ ਅਨੁਸਾਰ ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਸੰਬੰਧੀ ਜਾਣਕਾਰੀ ਭਰਪੂਰ ਵਰਕਾ ਵੰਡਿਆ ਗਿਆ। ਇਹ ਗਿਆਨੀ ਤੇਜਾ ਸਿੰਘ ਕਵੈਂਟਰੀ ਦਾ ਲਿਖਿਆ ਹੋਇਆ ਸੀ।

ਪ੍ਰਧਾਨ ਚਾਨਾ ਤੇ ਪਤਵੰਤੇ ਸਜਣਾਂ ਨੇ ਧੁਰ ਛੱਤ ਉੱਤੇ ਜਾ ਕੇ ਸੁਤੰਤਰਤਾ ਸੰਗਰਾਮ ਦਾ ਪ੍ਰਤੀਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਉਂਤਿਆ, ਨਾਮਧਾਰੀ ਸਿੱਖਾਂ ਵਿਚ ਪ੍ਰਵਾਨ ਝੰਡਾ ਝੁਲਾਇਆ।

ਹਾਲ ਤੋਂ ਬਾਹਰ ਸਿੱਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਤਸਵੀਰਾਂ ਲੈ ਰਹੇ ਸਨ।

ਉੱਤੇ ਇਕ ਹਾਲ (ਜਿਮ) ਵਿਚ ਕਾਲੇ-ਨੀਲੇ ਬਾਣਿਆਂ

ਵਾਲੇ ਸ਼ਸਤਰ ਵਿਦਿਆ ਦਾ ਅਭਿਆਸ ਤੇ ਜ਼ੋਰ-ਅਜ਼ਮਾਈ ਕਰ ਰਹੇ ਸਨ। ਇਸ ਨੂੰ ਪ੍ਰਬੰਧਕ ਸੈਲਫ ਪ੍ਰੋਟੈਕਸ਼ਨ ਗਰੁਪ ਦਾ ਨਾਂ ਦੇਂਦੇ ਹਨ।

ਸੰਤ ਬਲਦੀਪ ਸਿੰਘ ਨੇ ਦੁਨੀਆ ਵਿਚ ਪੰਥ ਖਾਲਸਾ ਨਵਾਂ ਮੈਂ ਸਜਾਵਾਂਗਾ" ਕਵਿਤਾ ਅੰਦਾਜ਼ ਵਿਚ ਪੇਸ਼ ਕੀਤੀ। ਜਥੇਦਾਰ ਜੋਗਾ ਸਿੰਘ ਦਿੱਲੀ ਨੇ ਆਦਿ ਕਾਲ ਵੈਦਿਕ ਕਾਲ ਤੋਂ ਚਲਿਆ ਆ ਰਿਹਾ ਵੈਸਾਖੀ ਦਾ ਇਤਿਹਾਸ ਸਮਝ ਆਉਣ ਵਾਲੀ ਅੰਗਰੇਜ਼ੀ ਵਿਚ ਪੇਸ਼ ਕੀਤਾ।

ਜਥੇਦਾਰ ਦਿਆਲ ਸਿੰਘ ਨੇ "ਖੜਗ ਤੇਗ ਦੁਸ਼ਟਨ ਹਤੋਂ ਕਰੌਂ ਧਰਮ ਪ੍ਰਗਾਸ" ਧਾਰਨਾ ਨਾਲ ਦਸਮ ਪਾਤਸ਼ਾਹ ਦੀ ਭਾਵਨਾ ਪ੍ਰਗਟ ਕੀਤੀ। ਉਹਨਾਂ ਖੁਲ੍ਹ ਕੇ ਹੱਲੇ ਦਾ ਦਿਵਾਨ ਲਗਾਇਆ ਤੇ ਇਕ ਹੋਰ ਧਾਰਨਾ ਪੜ੍ਹੀ "ਜੀ ਮੈਂ ਫੇਰ ਕਰੂੰਗਾ ਖਾਲਸਾ।" ਉਹਨਾਂ ਨਾਮ ਸਿਮਰਨ ਦੀ ਮਹਿਮਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੀ ਸ਼ਤਾਬਦੀ ਤੱਕ ਦਾ ਸਫਰ ਵੈਰਾਗ ਤੇ ਭਾਵੁਕਤਾ ਨਾਲ ਕੀਤਾ।

ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ "ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ" ਤੋਂ ਸ਼ੁਰੂ ਕਰਕੇ "ਪੰਥ ਚਲੈ ਤਬ ਜਗਤ ਮੇਂ ਜਬ ਤੁਮ ਕਰਹੁ ਸਹਾਇ ਧਾਰਨਾ ਰਾਹੀਂ ਇਤਿਹਾਸ ਦੇ ਪੰਨੇ ਪਰਤੇ। ਉਹਨਾਂ ਦੱਸਿਆ ਕਿ ਸ਼ਹਿਨਸ਼ਾਹ ਔਰੰਗਜ਼ੇਬ ਦੇ ਜਸੂਸ ਅਬਦੁਲ ਤੁਰਾਨੀ ਦੇ ਅੱਖੀਂ ਡਿਠੇ ਹਾਲ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜ ਸਿੱਖਾਂ ਦੇ ਸੀਸ ਕਲਮ ਕਰਕੇ ਫਿਰ ਇਕ ਦਾ ਸਿਰ ਦੂਜੇ ਦੇ ਧੜ ਉੱਤੇ ਲਾਇਆ ਸੀ। ਉਹ ਜ਼ਿੰਦਾ ਖੁਦਾ ਸੀ। ਉਹਨਾਂ ਬਾਰ੍ਹਵੇਂ ਪਾਤਸ਼ਾਹ ਦੇ ਸਿੰਘਾਂ ਦੇ ਨਾਲ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਵਿਸ਼ੇਸ਼ ਕਿਰਪਾ ਦਾ ਜ਼ਿਕਰ ਕੀਤਾ।

ਪ੍ਰੋ. ਤਾਰਾ ਸਿੰਘ ਅਨਜਾਣ ਨੇ ਵੈਸਾਖੀ ਨੂੰ ਖਾਲਸੇ ਦਾ ਜਨਮ ਦਿਨ ਆਪਣਾ ਜਨਮ ਦਿਨ ਬਣਾ ਕੇ ਪੇਸ਼ ਕੀਤਾ। ਉਹਨਾਂ ਦੁਆਦਸ ਪੁਰਖ ਰਾਹੀਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਗੱਲ ਕਹੀ ਕਿ ਸਤਿਗੁਰੂ ਜੀ ਨੇ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਦੇ ਕੋਝੇ ਰਿਵਾਜ ਬੰਦ ਕਰਵਾਏ। ਅੱਜ ਬੀਬੀਆਂ ਘਰ ਪਰਿਵਾਰ ਵਿਚ ਸਿੱਖੀ ਸੰਭਾਲ ਤੇ, ਪ੍ਰਫੁਲਤ ਕਰ ਸਕਦੀਆਂ ਹਨ। ਉਹਨਾਂ ਨੂੰ ਅੰਮ੍ਰਿਤ ਛਕਾਉਣ ਦਾ ਦਿਨ ੧-ਜੂਨ ਮਨਾਇਆ ਜਾਏ ਤਾਂ ਬਹੁਤ ਚੰਗਾ ਹੋਏ।

ਨਾਮਧਾਰੀ ਸੰਗਤ ਬਰਮਿੰਘਮ ਵੱਲੋਂ ਅਨਜਾਣ ਜੀ ਨੂੰ ਦਸਤਾਰ, ਮਾਲਾ, ਮਾਇਆ ਆਦਿ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਧਾਨ ਚਾਨਾ ਜੀ ਨੇ ਆਈ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਅਰਜ਼ ਕਰਿਆਂ ਉਹਨਾਂ ਨਵੇਂ ਬਣੇ ਹਾਲ ਦਾ ਨਾਂ "ਨਾਮਧਾਰੀ ਹਾਲ" ਰੱਖਿਆ ਹੈ ਅਤੇ ਸਭ ਨੂੰ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਦਾ ਹੁਕਮ ਕੀਤਾ ਹੈ।

ਨਾਮਧਾਰੀ ਸੰਗਤ ਯੂ.ਕੇ ਦੇ ਅਹੁਦੇਦਾਰ ਸੰਤ ਰਣਜੀਤ ਸਿੰਘ ਫਲੋਰਾ ਮੀਤ ਪ੍ਰਧਾਨ, ਬੀਬੀ ਦਲਜੀਤ ਕੌਰ ਗਾਇਤ ਜਨਰਲ ਸਕੱਤਰ, ਸੰਤ ਦਲਜੀਤ ਸਿੰਘ ਭਮਰਾ ਸਕੱਤਰ ਤੇ ਸੂਬਾ ਤਰਸੇਮ ਸਿੰਘ ਉਚੇਚੇ ਤੌਰ ਉੱਤੇ ਮੇਲੇ ਵਿਚ ਪਹੁੰਚੇ।

ਸਟੇਜ ਸਕੱਤਰ ਦੀ ਜ਼ੁੰਮੇਵਾਰੀ ਕੁਲਦੀਪ ਸਿੰਘ ਉੱਭੀ ਨੇ ਬੜੇ ਵਿਉਂਤਬਧ ਤਰੀਕੇ ਨਾਲ ਨਿਭਾਈ।

ਲੈਸਟਰ ਵਿਚ ਨਾਮ ਸਿਮਰਨ ਤੇ ਸੰਗੀਤ

ਯੂ. ਕੇ ਦੇ ਸ਼ਹਿਰ ਲੈਸਟਰ ਵਿਖੇ ਸ਼ਨੀਚਰਵਾਰ ੨੯ ਅਪ੍ਰੈਲ ਨੂੰ ਸਪਤਾਹਿਕ ਨਾਮ ਸਿਮਰਨ ਕੀਤਾ ਗਿਆ। ਉਸ ਤੋਂ ਬਾਦ ਨੌਜਵਾਨ ਬੀਬੀਆਂ ਨੇ ਸੰਗੀਤਕ ਧੁਨਾਂ ਵਜਾਈਆਂ। ਉਹਨਾਂ ਵਿਚੋਂ ਰਵਜੀਤ ਕੌਰ ਨੇ ਸਿਤਾਰ, ਗੁਰਦੇਵ ਕੌਰ ਨੇ ਤਾਰ ਸ਼ਹਿਨਾਈ, ਪਰਮਜੀਤ ਕੌਰ ਤੇ ਗੁਰਦੇਵ ਕੌਰ ਨੇ ਦਿਲਰੁਬਾ ਵਜਾਇਆ। ਉਹਨਾਂ ਦਾ ਤਬਲੇ ਤੇ ਸਾਥ ਸਤਵੰਤ ਸਿੰਘ ਤੇ ਰਮਣੀਕ ਕੌਰ ਨੇ ਦਿੱਤਾ। ਅਜੀਤ ਸਿੰਘ ਨੇ ਕਥਾ ਰਾਹੀਂ ਦੱਸਿਆ ਕਿ ਸਤਿਗੁਰੂ ਆਦਿ ਕਾਲ ਤੋਂ ਹੈ, ਅਸੀਂ ਭਾਗਾਂ ਵਾਲੇ ਹਾਂ ਜੋ ਸਤਿਗੁਰੂ ਦੇ ਸ਼ਰਨੀਂ ਲਗੇ ਹਾਂ। ਇਸ ਪ੍ਰੋਗਰਾਮ ਵਿਚ ਹੋਰ ਸਿੰਘ ਸਾਧਾਂ ਬੀਬੀਆਂ ਤੋਂ ਬਿਨਾਂ ਯੂ.ਕੇ ਨਾਮਧਾਰੀ ਸੰਗਤ ਦੇ ਮੀਤ ਪ੍ਰਧਾਨ ਸੰਤ ਰਣਜੀਤ ਸਿੰਘ ਫਲੋਰਾ ਪਹੁੰਚੇ। ਸਦਾ ਵਾਂਗ ਪ੍ਰੋਗਰਾਮ ਗੁਜਰਾਤੀਆਂ ਦੇ ਵਾਂਜ਼ਾ ਕਮਿਊਨਿਟੀ ਸੈਂਟਰ ਵਿਖੇ ਹੋਇਆ। ਸਤਿਗੁਰੂ ਦੇ ਸੰਗੀਤ ਬਾਗ ਦੀ ਖੁਸ਼ਬੋ ਏਥੇ ਫੈਲਣ ਦੀ ਖੁਸ਼ੀ ਸੀ।

—ਅਜੀਤ ਸਿੰਘ ਇੰਜੀਨਿਅਰ

ਮੇਹਰ ਸਿੰਘ ਰਵੇਲ ਮੈਮੋਰੀਅਲ ਪੱਤਰਕਾਰ ਐਵਾਰਡ ਪ੍ਰੋ. ਨਰਿੰਦਰ ਸਿੰਘ ਕਪੂਰ ਨੂੰ

ਚੰਡੀਗੜ੍ਹ ੩੦ ਅਪ੍ਰੈਲ, ੨੦੦੬— ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਚੈਰੀਟੇਬਲ ਸੁਸਾਇਟੀ ਵੱਲੋਂ ਸ. ਨਰਿੰਦਰ ਸਿੰਘ ਕਪੂਰ ਪੰਜਾਬੀ ਪੱਤਰਕਾਰ ਤੇ ਸਾਬਕਾ ਪ੍ਰੋਫੈਸਰ ਜਰਨਲਿਜ਼ਮ ਤੇ ਮਾਸ ਕਮਯੂਨਿਕੇਸ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਰੋਟਰੀ ਕਲੱਬ ਹਾਲ ਚੰਡੀਗੜ੍ਹ ਵਿਖੇ ਹੋਏ ਇਕ ਖਾਸ ਸਮਾਰੋਹ ਸਮਾਗਮ ਵਿਚ ਛੇਵੇਂ ਸ. ਮੇਹਰ ਸਿੰਘ ਰਵੇਲ ਮੈਮੋਰੀਅਲ ਪੰਜਾਬੀ ਪੱਤਰਕਾਰ ਐਵਾਰਡ ਸਾਲ ੨੦੦੬ ਨਾਲ ਸਨਮਾਨਿਆ ਗਿਆ। ਉਨ੍ਹਾਂ ਨੂੰ ਇਹ ਐਵਾਰਡ ਪ੍ਰੋ. ਵਿਜੇ ਗੁਪਤਾ ਡਾਇਰੈਕਟਰ ਪੰਜਾਬ ਇੰਜੀਨਿਰਿੰਗ ਕਾਲਜ (ਡੀਮਡ ਯੂਨੀਵਰਸਿਟੀ) ਚੰਡੀਗੜ੍ਹ ਜੋ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ, ਦੇ ਹੱਥੀਂ ਪ੍ਰਦਾਨ ਕੀਤਾ ਗਿਆ। ਸੁਸਾਇਟੀ ਵੱਲੋਂ ਇਹ ਐਵਾਰਡ. ਸ. ਮੇਹਰ ਸਿੰਘ ਰਵੇਲ ਜੋ ਆਪਣੇ ਸਮੇਂ ਦੇ ਉੱਘੇ

ਐਡੀਟਰ, ਪੱਤਰਕਾਰ ਅਤੇ ਲੇਖਕ ਹੋ ਗੁਜਰੇ ਹਨ ਅਤੇ ਜੋ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਦੇ ਪੰਜਾਬੀ ਦੇ ਪ੍ਰਮੁੱਖ ਅਖ਼ਬਾਰ 'ਖਾਲਸਾ ਐਡਵੋਕੇਟ' ਦੇ ੧੯੩੪ ਤੋਂ ੧੯੭੪ ਤੱਕ ਨਿਰੰਤਰ ਚਾਲੀ ਸਾਲ ਐਡੀਟਰ ਰਹੇ, ਦੀ ਯਾਦ ਵਿਚ ਹਰ ਸਾਲ ਦਿੱਤੇ ਜਾਣ ਲਈ ਸਾਲ ੨੦੦੦ ਵਿਚ ਸਥਾਪਿਤ ਕੀਤਾ ਗਿਆ ਸੀ।

ਇਸ ਐਵਾਰਡ ਲਈ ਜੋ ੧੫੦੦੦ ਰੁਪਏ ਦੀ ਨਕਦ ਰਾਸ਼ੀ ਅਤੇ ਇਕ ਸਨਮਾਨ-ਪੱਤਰ ਦੇ ਰੂਪ ਵਿੱਚ ਦਿੱਤਾ ਜਾ ਰਿਹਾ ਹੈ, ਇਸ ਸਾਲ ਸਵੈ-ਨੁਮਾਇੰਦਗੀ ਦੇ ਆਧਾਰ ਜੋ ਛੇਵੀਂ ਚੋਣ ਪ੍ਰਕਿਰਿਆ ਕੀਤੀ ਗਈ, ਉਸਦੇ ਫਲਸਰੂਪ ਪਹਿਲਾ ਸਥਾਨ ਪ੍ਰਾਪਤ ਕਰਨ ਦਾ ਮਾਨ ਪ੍ਰੋ. ਕਪੂਰ ਜੀ ਨੂੰ ਪ੍ਰਾਪਤ ਹੋਇਆ ਹੈ। ਪ੍ਰੋ. ਸਾਹਿਬ ਨੇ ਐਮ. ਏ. (ਪੰਜਾਬੀ, ਅੰਗਰੇਜ਼ੀ ਅਤੇ ਫਿਲਾਸਫੀ) ਤੇ ਜਰਨਲਿਜ਼ਮ ਦੀਆਂ ਡਿਗਰੀਆਂ ਹਾਸਲ ਕਰਨ ਤੋਂ ਇਲਾਵਾ ਜਰਨਲਿਜ਼ਮ ਵਿਸ਼ੇ ਵਿੱਚ ਰੀਸਰਚ ਉਪਰੰਤ ਪੀ. ਐਚ. ਡੀ. ਦੀ ਡਿਗਰੀ ਵੀ ਲਈ। ਪਿਛਲੇ ਤੀਹ ਸਾਲਾਂ ਤੋਂ ਉਹ ਲਗਾਤਾਰ ਪੰਜਾਬੀ ਪੱਤਰਕਾਰੀ ਦਾ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਵੱਖ-ਵੱਖ ਵਿਸ਼ਿਆਂ ਤੇ ਪੰਜਾਬੀ ਦੇ ਬਹੁਤ ਸਾਰੇ ਸਿਰਕੱਢ ਰੋਜ਼ਾਨਾ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪੀਆਂ ਅਤੇ ਛੱਪ ਰਹੀਆਂ ਹਨ। ਪੱਤਰਕਾਰ ਤੋਂ ਇਲਾਵਾ ਉਹ ਇਕ ਸੁਲਝੇ ਹੋਏ ਲੇਖਕ ਵੀ ਹਨ। ਉਨ੍ਹਾਂ ਲਿਖਿਤ ੨੬ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਉਨ੍ਹਾਂ ਦਾ ਇਕ ਵੱਡਾ ਪਾਠਕ ਖੇਤਰ ਵੀ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ ੨੦੦੩ ਲਈ ਇਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਸ. ਅ.ਸ. ਰਵੇਲ ਆਨਰੇਰੀ ਸਕੱਤਰ ਨੇ ਸੁਸਾਇਟੀ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਇਹ ਵੀ ਦੱਸਿਆ ਕਿ ਇਹ ਹੋਰ ਸ. ਮੋਹਰ ਸਿੰਘ ਮੈਮੋਰੀਅਲ ਐਵਾਰਡ ਜੋ ਗਿਆਰਾਂ ਸੌ ਰੁਪਏ ਅਤੇ ਰੋਲ ਆਫ ਆਨਰਜ਼ ਸਰਟੀਫਿਕੇਟ ਨਾਲ ਸਮਿਲਿਤ ਹੈ, ਡਾਕਟਰ ਸੁਰਿੰਦਰ ਕੁਮਾਰ ਬੰਗੜ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ 'ਭਗਤ ਕਬੀਰ ਜੀ ਦੀ ਬਾਣੀ ਵਿੱਚ ਦਲਿਤ ਚੇਤਨਾ' ਦੇ ਵਿਸ਼ੇ ਤੇ ਰਿਸਰਚ ਕਰਕੇ ਪੀ. ਐਚ.ਡੀ. ਡਿਗਰੀ ਪ੍ਰਾਪਤ ਕੀਤੀ ਹੈ।

ਅ.ਸ.ਰਵੇਲ

'ਵਾ-ਵਰੋਲਿਆਂ 'ਚ ਘਿਰੀ ਹੋਂਦ' ਰਿਲੀਜ਼

ਲੁਧਿਆਣਾ— ਬੀਤੇ ਦਿਨੀਂ ਇੱਥੇ ਪੰਜਾਬੀ ਭਵਨ 'ਚ ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ ਕਰਵਾਏ ਗਏ ਸਾਰੀ ਰਾਤ ਦੇ ਨਾਟਕ ਮੇਲੇ ਦੌਰਾਨ ਬਲਬੀਰ ਪਰਵਾਨਾ ਦੇ ਨਵੇਂ ਛਪੇ ਕਾਵਿ ਸੰਗ੍ਰਹਿ 'ਵਾ-ਵਰੋਲਿਆਂ 'ਚ ਘਿਰੀ ਹੋਂਦ' ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ. ਅਜਮੇਰ ਸਿੰਘ ਔਲਖ ਅਤੇ ਜਨਰਲ ਸਕੱਤਰ ਹਰਮੀਤ ਵਿਦਿਆਰਥੀ ਵੱਲੋਂ ਰਿਲੀਜ਼ ਕੀਤਾ ਗਿਆ। ਪੁਸਤਕ ਨਾਲ ਜਾਣ-ਪਛਾਣ ਕਰਵਾਉਂਦਿਆਂ ਕੰਵਲਜੀਤ ਖੰਨਾ ਨੇ ਪਰਵਾਨਾ ਦੀ ਲਹਿਰ ਪ੍ਰਤੀ ਪ੍ਰਤੀਬੱਧਤਾ ਤੇ ਲਿਖਤਾਂ 'ਚ ਸੱਤਾ-ਵਿਰੋਧ ਦੀ ਸੁਰ ਨੂੰ ਵਿਸ਼ੇਸ਼ ਤੌਰ 'ਤੇ ਰੇਖਾਂਕਿਤ ਕੀਤਾ। ਇਸ ਮੌਕੇ ਸਟੇਜ 'ਤੇ ਅਮੋਲਕ ਸਿੰਘ ਵੀ ਹਾਜ਼ਰ ਸਨ।

ਬਾਬਾ ਪਰਤਾਪ ਸਿੰਘ ਗੁਰੂ-ਚੱਕੀਆ ਨਮਿੱਤ ਨਿੰਮ ਵਾਲੀ ਹਾਰਨੀ ਵਿਖੇ ਪਾਠ ਦਾ ਭੋਗ

ਇਲਾਕਾ ਜੀਵਨ ਨਗਰ ਦੇ ਪਿੰਡ ਹਾਰਨੀ ਨਿੰਮ ਵਾਲੀ ਵਿਖੇ, ੧੦੨ ਸਾਲਾ ਬਜ਼ੁਰਗ ਸੰਤ ਬਾਬਾ ਪਰਤਾਪ ਸਿੰਘ ਜੀ ਬਾਜਵਾ ਨਮਿਤ ੩ ਮਈ ਨੂੰ ਪਾਠ ਦਾ ਭੋਗ ਪਾਇਆ ਗਿਆ। ਉਹਨਾਂ ਦਾ ਨਿਧਨ ੨੪ ਅਪ੍ਰੈਲ ਨੂੰ ਹੋ ਗਿਆ ਸੀ। ਪਿੰਡ ਗੁਰੂ ਚੱਕ ਦਾ ਪਹਿਲਾਂ ਨਾਂ ਉੱਗੂ ਚੱਕ ਸੀ। ਜ਼ਮੀਨ ਕਲਰਾਠੀ ਸੀ। ਸੱਪ ਬਹੁਤ ਸਨ। ਜਦੋਂ ੧੮੬੭ ਈ. ਵਿਚ ਦੜਪ ਅਤੇ ਬਾਰ ਦੇ ਪਹਿਲੇ ਦੌਰੇ ਤੇ ਸਤਿਗੁਰੂ ਰਾਮ ਸਿੰਘ ਜੀ ਆਏ ਤਾਂ ਉਹਨਾਂ ਦੇ ਹੁਕਮ ਅਨੁਸਾਰ 'ਗੁਰੂ ਚੱਕ' ਨਾਂ ਹੇਠ ਨਵਾਂ ਪਿੰਡਾ ਬੱਧਾ। ਫਿਰ ਰਿਜ਼ਕ ਵੀ ਹੋਣ ਲੱਗ ਪਿਆ। ਸੱਪਾਂ ਦਾ ਪ੍ਰਭਾਵ ਵੀ ਘੱਟ ਗਿਆ। ਗੁਰੂ ਹਰੀ ਸਿੰਘ ਜੀ ਨੇ ਮਨਜ਼ੂਰੀ ਮਿਲਣ ਬਾਅਦ ਪਹਿਲਾ ਹੋਲਾ ਮਹੱਲਾ ੧੯੯੯ ਈ. ਵਿਚ ਗੁਰੂ ਚੱਕ ਵਿਖੇ ਕੀਤਾ। ਹੁਣ ਇਥੋਂ ਦੇ ਨਾਮਧਾਰੀ ਐਨੇ ਸੰਪਨ ਹੋ ਚੁੱਕੇ ਸਨ ਕਿ ਇਕ ਹੋਰ ਹੋਲਾ ਕੁਝ ਸਾਲਾਂ ਬਾਅਦ ਗੁਰੂ ਹਰੀ ਸਿੰਘ ਜੀ ਨੇ ਫਿਰ ਗੁਰੂ ਚੱਕ ਵਿਖੇ ਕੀਤਾ। ਇਸ ਨਗਰ ਦੇ ਨਾਮਧਾਰੀ ਸੰਤ ਆਲਾ ਸਿੰਘ ਅਤੇ ਮਾਈ ਚੀਮੀ ਦੇ ਘਰ ਆਪਣੇ ਹੋਰ ਚਾਰ ਭਰਾਵਾਂ ਸਾਹਿਬ ਸਿੰਘ, ਹਰਨਾਮ ਸਿੰਘ, ਹਰਭਜਨ ਸਿੰਘ ਅਤੇ ਸ਼ਿੰਗਾਰਾ ਸਿੰਘ ਅਤੇ ਇਕ ਭੈਣ ਬੀਬੀ ਬਾਲ ਕੌਰ ਸਹਿਤ ਪਰਤਾਪ ਸਿੰਘ ਦਾ ੧੯੦੪ ਈ. ਵਿਚ ਜਨਮ ਹੋਇਆ। ਉਹ ਮਹਿਮਦ ਵਾਲੀ ਪਿੰਡ ਦੀ ਬੀਬੀ ਸੰਤ ਕੌਰ ਨਾਲ ਵਿਆਹਿਆ ਗਿਆ। ਦੋ ਪੁੱਤਰੀਆਂ ਜੋਗਿੰਦਰ ਕੌਰ ਅਤੇ ਸੁਵਰਨ ਕੌਰ ਅਤੇ ਇਕ ਪੁੱਤਰ ਗੁਰਚਰਨ ਸਿੰਘ ਜੋ ਸਵਾ ਸਾਲ ਦਾ ਸੀ, ਨੂੰ ਛੱਡ ਕੇ ਬੀਬੀ ਸੰਤ ਕੌਰ ਪ੍ਰਲੋਕ ਸਿਧਾਰ ਗਈ। ਏਵਨੇਤ ਕਿ ਵੱਡੀ ਭੈਣ ਪਰਤਾਪ ਸਿੰਘ ਦੀ ਬਾਲ ਕੌਰ ਜੋ ਮਲੇਕੇ ਵਾਲੀ ਪਿੰਡ ਦੇ ਨਾਮਧਾਰੀ ਪਰਿਵਾਰ ਵਿਚ ਵਿਆਹੀ ਸੀ ਉਹ ਵੀ ਸ਼ਾਦੀ ਤੋਂ ਛੇਤੀ ਬਾਦ ਵਿਧਵਾ ਹੋ ਗਈ। ਉਸ ਸਾਰੀ ਉਮਰ ਪੇਕੇ ਕੱਟਣ ਦਾ ਫੈਸਲਾ ਕੀਤਾ। ਉਸ ਤੋਂ ਪ੍ਰਭਾਵਿਤ ਹੋ ਕੇ ਭਾਈ ਪਰਤਾਪ ਸਿੰਘ ਨੇ ਵੀ ਦੁਬਾਰਾ ਵਿਆਹ ਨਾ ਕਰਵਾਉਣ ਦਾ ਫੈਸਲਾ ਲਿਆ ਅਤੇ ਤੋੜ ਨਿਭਾਇਆ। ਬੀਬੀ ਜੋਗਿੰਦਰ ਕੌਰ ਮਾਂਗੇ ਪਿੰਡ ਦੇ ਦਲੀਪ

ਸਿੰਘ ਨਾਲ ਵਿਆਹੀ ਸੀ ਜੋ ਗੁਜ਼ਰ ਚੁੱਕੀ ਹੈ। ਸੁਵਰਨ ਕੌਰ ਮਹਿੰਦਰ ਸਿੰਘ ਨੱਥੋਕਾ, ਕਰੀਵਾਲਾ ਨਾਲ ਵਿਆਹੀ ਗਈ ਬਾਬਾ ਪਰਤਾਪ ਸਿੰਘ ਲੰਮੀ ਉਮਰ ਚੰਗੀ ਸਿਹਤ ਸਣੇ ਭੋਗ ਕੇ ਗਿਆ ਹੈ। ਉਹ ਵਿਨੋਦੀ ਸੁਭਾਅ ਦਾ ਮਿਹਨਤਕਸ਼ ਕਿਸਾਨ ਸੀ। ਗਰੀਬਾਂ ਦੀ ਮੱਦਦ ਕਰਨ ਲਈ ਪੁੱਤਰ ਨੂੰ ਅਤੇ ਪੋਤਰਿਆਂ ਤਿੰਨਾਂ ਨੂੰ ਪਰੇਰਦਾ ਰਹਿੰਦਾ। ਇੱਕ ਪੋਤਰਾ ਬਲਕਾਰ ਸਿੰਘ ਸਾਬਕਾ ਸਰਪੰਚ ਹੈ। ਇਕ ਦੋਹਤਰਾ ਕੁਲਦੀਪ ਸਿੰਘ ਕਰੀਵਾਲਾ ਕਾਂਗਰਸ ਦਾ ਸਰਗਰਮ ਵਰਕਰ ਹੈ। ਭੋਗ ਦੇ ਸਮੇਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਹਰਬੰਸ ਸਿੰਘ ਘੁੱਲਾ, ਸੰਤ ਗੁਰ ਲਾਲ ਸਿੰਘ ਆਦਿ ਹਜ਼ੂਰੀ ਜਥੇ ਨੇ ਸ੍ਰੀ ਭੈਣੀ ਸਾਹਿਬ ਤੋਂ ਪੁੱਜ ਕੇ, ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਜੀ ਦੇ ਸਾਊ ਸੁਭਾਅ ਅਤੇ ਪੁਰਸ਼ਾਰਥੀ ਗੁਰ ਸਿੱਖ ਜੀਵਨ ਬਾਰੇ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਭਾਵਪੂਰਤ ਸ਼ਰਧਾਂਜਲੀ ਭੇਟ ਕੀਤੀ। ਰਘੁਵੀਰ ਸਿੰਘ ਬਾਜਵਾ, ਜੀਵਨ ਨਗਰ ਕਾਲਜ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਸੰਧੂ ਅਤੇ ਕੁਲਦੀਪ ਸਿੰਘ ਕਰੀਵਾਲਾ ਨੇ ਵੀ ਸ਼ਰਧਾ ਪੁਸ਼ਪ ਅਰਪਿਤ ਕੀਤੇ। ਇਲਾਕੇ ਭਰ ਦੀ ਨਾਮਧਾਰੀ ਸੰਗਤ ਅਤੇ ਹੋਰ ਰਾਜਨੀਤਕ ਸਮਾਜਿਕ ਹਸਤੀਆਂ ਵੱਡੀ ਗਿਣਤੀ ਵਿਚ ਸਮਾਰੋਹ ਵਿਚ ਸ਼ਾਮਲ ਹੋਈਆਂ। ਸਪੁੱਤਰ ਗੁਰਚਰਨ ਸਿੰਘ ਵੀ ਉਨ੍ਹਾਂ ਜਿਉਂ ਸਾਧ ਸੇਵੀ ਹੈ।

—ਚਰਨਜੀਤ ਸਿੰਘ ਚਾਨਣਾ
ਕਰੀਵਾਲਾ ਸਿਰਸਾ

ਕੁਰੁਖੇਤਰੋਂ ਹਰਿਦੁਆਰ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ. ਆਰ. ਮੁਦਗਿਲ ਵਲੋਂ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਸਾਧੂ ਸਿੰਘ ਕਿਸਾਨ, ਜੁਗਿੰਦਰ ਸਿੰਘ ਮੁਕਤਾ, ਸਭਾ ਦੇ ਪ੍ਰਧਾਨ ਨੂੰ ਕੌਮਾਂਤਰੀ ਕਵਿਤਾ ਦਿਵਸ ਦੇ ਸਬੰਧ ਪਾਸੋਂ ਸਦਾ ਆਇਆ।

ਅਸੀਂ ਦੋਵੇਂ ੨੧ ਮਾਰਚ ਦਸ ਵਜੇ ਕੁਰੂਖੇਤਰ ਯੂਨੀਵਰਸਿਟੀ ਦੇ ਸੈਨੇਟਰ ਹਾਲ ਵਿਚ ਪੁੱਜ ਗਏ। ਥੋੜੇ ਚਾਹ ਪਾਣੀ ਬਾਦ ਪਹਿਲਾ ਸੈਸ਼ਨ ਸ਼ੁਰੂ ਹੋਇਆ। ਪਹਿਲਾਂ ਯੂਨੀਵਰਸਿਟੀ ਦੇ ਵੀ.ਸੀ. ਵਲੋਂ ਸਭ ਦਾ ਸਨਮਾਨ ਹਾਰਾਂ ਨਾਲ ਕੀਤਾ ਗਿਆ। ਫਿਰ ਰਾਈਟਰ ਕਲੱਬ ਇੰਡੀਆ ਦੇ ਦੇਵ ਭਾਰਦਵਾਜ ਦੀ ਸਟੇਜ ਸਕੱਤਰੀ ਹੇਠ ਜਾਣ ਪਛਾਣ ਤੇ ਕਵੀ ਦਰਬਾਰ ਹੋਇਆ। ਪੋਲੈਂਡ, ਰੋਮਾਨੀਆ, ਬੰਗਲਾ, ਸਰਬੀਆ, ਫ਼ਲਸਤੀਨ ਅਤੇ ਹਜ਼ਾਰ ਸਾਲ ਪਹਿਲਾਂ ਭਾਰਤੋਂ ਵਿਦੇਸ਼ਾ ਵਿਚ ਵੇਚੇ ਗਏ ਲੋਕ ਰੋਮਾਂ ਵੀ ਆਏ ਹੋਏ ਸਨ। ਜਿੰਨਾਂ ਦੇ ਅੱਜ ਵੀ ਸਾਡੇ ਨਾਲ ਕਈ ਸ਼ਬਦ ਸਾਂਝੇ ਹਨ।

ਭਾਰਤ ਵਿਚੋਂ ਪੰਜਾਬੀ, ਹਿੰਦੀ, ਉਰਦੂ, ਉੜੀਆ, ਅਸਮੀ, ਤਾਮਲ, ਬੰਗਲਾ, ਮਰਾਠੀ ਆਦਿ ਅਨੇਕ ਬੋਲੀਆਂ ਦੇ ਕਵੀ ਲੇਖਕਾਂ ਨੇ ਸੰਖੇਪ ਕਲਾਮ ਪੇਸ਼ ਕੀਤੇ। ਰਾਤ ਵਧੀਆ ਰੋਟੀ ਬਾਦ ਜਾਟ ਧਰਮ ਸ਼ਾਲਾ ਵਿਚ ਵਿਸ਼ਰਾਮ ਕੀਤਾ। ਦਿਨ ਦੀ ਰੋਟੀ ਡਾ. ਅਮਰਜੀਤ ਸਿੰਘ ਕਾਂਗ ਵੱਲੋਂ ਸੀ।

੨੨ ਮਾਰਚ ਗਵਰਨਰ ਹਰਿਆਣਾ, ਡਾ. ਕਿਦਵਾਈ ਨੇ ਸੰਖੇਪ ਸੈਸ਼ਨ ਬਾਦ ਦੋ ਬੱਸਾਂ ਵਿਚ ਬੈਠੇ ਕ੍ਰੀਬ ਸੋ ਕੁ ਸਾਹਿਤਕਾਰਾਂ ਨੂੰ ਜਮਨਾ ਨਗਰ ਵੱਲ ਰਵਾਨਾ ਕੀਤਾ। ਜਿਥੋਂ ਵਧੀਆ ਲੰਗਰ ਤੇ ਨਿਕੇ ਜਹੇ ਸਮਾਗਮ ਬਾਦ, ਸੰਗਤਾਂ ਸ੍ਰੀ ਮੁਦਗਿਲ ਦੀ ਅਗਵਾਈ ਵਿਚ ਪੌਂਟਾ ਸਾਹਿਬ ਪੁੱਜ ਗਈਆਂ। ਦੇਸੀਆਂ ਵਿਦੇਸੀਆਂ ਦਾ ਵਧੀਆ ਕਵੀ ਦਰਬਾਰ ਹੋਇਆ। ਪ੍ਰਬੰਧਕਾਂ ਮੁਦਗਿਲ ਸਮੇਤ ਸਭ ਨੂੰ ਸਿਰੋ ਪਾਓ ਨਾਲ ਨਿਵਾਜਿਆ। ਰਾਤ ਵਿਸ਼ਰਾਮ ਬਾਦ, ਸਵੇਰੇ ਜਮਨਾ ਕੰਢੇ, ਸ੍ਰੀ ਦਸ਼ਮੇਸ਼ ਜੀ ਦੇ ਕਵੀ ਦਰਬਾਰ ਸਥਾਨ ਤੇ ਫਿਰ ਕਵੀ ਦਰਬਾਰ ਹੋਇਆ। ਏਥੇ ਦੇਵ, ਨੇ ਸਿੱਖੀ ਸਾਜਣ ਸਮੇਂ ਬੱਕਰੇ ਮਾਰੇ ਦੱਸੇ ਤਾਂ ਕਿਸਾਨ ਵਲੋਂ ਹਵਾਲਾ ਦੇ ਕੇ ਸਿੱਖ ਮਾਰ ਕੇ ਜ਼ਿੰਦਾ ਕਰਨੇ ਦੱਸੇ। ਬਾਦ ਮੁਕਤਾ ਨੇ ਵੀ ਏਸੇ ਪਰਥਾਇ ਗਾ ਕੇ ਕਵਿਤਾ ਪੜ੍ਹੀ। ਪ੍ਰਬੰਧਕਾਂ ਨੇ ਮੁਕਤਾ ਜੀ ਨੂੰ ਵਸਾਖੀ ਵਾਸਤੇ ਪੱਕਿਆਂ ਕਰ ਲਿਆ। ਦੋਵੇਂ ਬੱਸਾਂ ਹਰਦੁਆਰ ਨੂੰ ਹੋ ਤੁਰੀਆਂ। ਡਾ. ਮੁਦਗਿਲ ਨੇ ਉਥੇ ਪਹੁੰਚ ਕੇ ਪਹਿਲਾਂ ਯੋਗੀ ਰਾਮਦੇਵ ਦਾ ਨਵਾਂ ਆਸ਼੍ਰਮ ਦਿਖਾਇਆ। ਰਾਤ ਨੂੰ ਜਿੱਥੇ ਜੜੀ-ਬੂਟੀਆਂ ਪੈਦਾ ਕਰ ਕੇ ਦਵਾਈਆਂ ਤਿਆਰ ਕਰਦੇ ਹਨ, ਓਥੇ ਲੈ ਗਏ। ਅੱਗੇ ਸਾਰਿਆਂ ਵਾਸਤੇ ਰਸਦਾਰ ਅਤੇ ਖੁਸ਼ਕ ਮੁਰੱਬੇ ਪ੍ਰੋਸੇ ਗਏ। ਨਾਲ ਜੜੀ ਬੂਟੀਆਂ ਦੀ ਚਾਹ। ਫਿਰ ਹਰ ਇਕ ਨੂੰ ਸੋਹਣੇ ਸੂਹੇ ਝੋਲੇ ਚਾਰ ਪੁਸਤਕਾਂ ਸਮੇਤ ਭੇਟ ਕੀਤੇ ਗਏ। ਕਨਖਲੋਂ ਆ ਕੇ ਰਾਤ ਹਰਦੁਆਰ ਹੋਟਲਾਂ ਵਿਚ ਠਹਿਰਾਓ ਕੀਤਾ ਗਿਆ। ਸਵੇਰੇ ੨੪ ਨੂੰ ਫਿਰ ਦਵਾਈਆਂ ਤੇ ਮੁਰੱਬੇ ਲੋੜ ਅਨੁਸਾਰ ਮੁੱਲ ਖ੍ਰੀਦ ਕੇ ਸਾਰੇ ਆਪੋ ਆਪਣੇ ਰਾਹੇ ਪੈ ਗਏ। ਇਸ ਸਾਰੇ ਕਾਫ਼ਲੇ ਦਾ ਕਾਫਲਾ ਸਾਲਾਰ ਸੀ. ਆਰ. ਮੁਦਗਿਲ ਹੀ ਸਨ। ਪਰ ਏਹਨਾਂ ਦੇ ਸਹਾਇਕ ਸ੍ਰ. ਜੁਗਿੰਦਰ ਸਿੰਘ ਨੇ ਵੀ ਪ੍ਰਬੰਧ ਬਾਰੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਏਹ ਜਦੋਂ ਦੇ ਅਕਾਦਮੀ ਡਾਇਰੈਕਟਰ ਬਣੇ ਹਨ ਲਗਾਤਾਰ ਕੋਈ ਨਾ ਕੋਈ ਸਰਗਰਮੀ ਜਾਰੀ ਕਰੀ ਹੀ ਰੱਖਦੇ ਹਨ। ਸ਼ਾਲਾ ਏਹ ਤੰਦਰੁਸਤ ਰਹਿ ਕੇ ਏਦਾਂ ਹੀ ਤੁਰੇ ਰਹਿਣ।

ਉਚੇਚੇ ਸੱਦੇ ਤੇ ਵਿਸਾਖੀ ਦੇ ਤਿਉਹਾਰ ਤੇ ਢਿਲੋਂ ਪ੍ਰੀਤ, ਮੁਕਤਾ ਜੀ. ਕਿਸਾਨ ਪੌਂਟਾ ਸਾਹਿਬ ਪਹੁੰਚੇ ਕਵੀ ਦਰਬਾਰ ਵਿਚ ਸ਼ਾਮਲ ਹੋਏ ਪੰਜ ਸਟੇਟਾਂ ਤੋਂ ਆਏ ਕਵੀਆਂ ਵਿਚ ਸ਼ਾਮਲ ਹੋ ਕੇ ਹਿਸਾ ਲਿਆ। ਵਾਹ ਵਾ ਏਸ ਸਭਾ ਦੇ ਕਵੀਆਂ ਨੇ ਖੱਟੀ ਪਹਿਲੇ ਨੰ. ਦੇ ਨਕਦ ਰਾਸ਼ੀ ਦੇ ਇਨਾਮ ਪ੍ਰਾਪਤ ਕੀਤੇ।

—ਢਿਲੋਂ ਪ੍ਰੀਤ

ਲੇਖਕਾਂ ਬਾਰੇ ਜਾਰੀ ਕੀਤੇ ਜਾਂਦੇ ਵਿਸ਼ੇਸ਼ ਅੰਕ ਉਸ ਭਾਸ਼ਾ ਦੀ ਅਮੀਰੀ ਦਾ ਪ੍ਰਤੀਕ ਹਨ

—ਜਸਵੰਤ ਸਿੰਘ ਕੰਵਲ

ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸਹਿਯੋਗ ਨਾਲ ਸਾਹਿਤ ਸਭਾ ਧੂਰੀ ਵੱਲੋਂ ਸਾਹਿਤਕ ਕਲਾਕਾਰ ਦਾ ਡਾ. ਤੇਜਵੰਤ ਮਾਨ ਵਿਸ਼ੇਸ਼ ਅੰਕ ਰਿਲੀਜ਼ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸ. ਜਸਵੰਤ ਸਿੰਘ ਕੰਵਲ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੇ ਕੀਤੀ। ਸਾਹਿਤਕ ਕਲਾਕਾਰ ਦਾ ਡਾ. ਤੇਜਵੰਤ ਮਾਨ ਵਿਸ਼ੇਸ਼ ਅੰਕ ਰਿਲੀਜ਼ ਕਰਦਿਆਂ ਜਸਵੰਤ ਸਿੰਘ ਕੰਵਲ ਨੇ ਕਿਹਾ ਕਿ ਲੇਖਕਾਂ ਬਾਰੇ ਜਾਰੀ ਕੀਤੇ ਜਾਂਦੇ ਵਿਸ਼ੇਸ਼ ਅੰਕ ਉਸ ਭਾਸ਼ਾ ਦੀ ਅਮੀਰੀ ਦਾ ਪ੍ਰਤੀਕ ਹਨ। ਡਾ. ਮਾਨ ਬਾਰੇ ਸੰਪਾਦ ਕੀਤਾ ਗਿਆ ਇਹ ਵਿਸ਼ੇਸ਼ ਅੰਕ ਸਹੀ ਅਰਥਾਂ ਵਿਚ ਡਾ. ਤੇਜਵੰਤ ਮਾਨ ਦੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਕੀਤੀ ਗਈ ਕਮਾਈ ਦਾ ਮੁਲੰਕਣ ਕਰਦਾ ਹੈ। ਡਾ. ਮਾਨ ਨੇ ਲੋਕਾਂ ਦੇ ਹਿਤਾਂ,ਉਨ੍ਹਾਂ ਦੀ ਭਾਸ਼ਾ ਅਤੇ ਸੱਭਿਆਚਾਰਕ ਸੰਕਟਾਂ ਪ੍ਰਤੀ ਬੜੀ ਪ੍ਰਤੀਬੱਧਦਤਾ ਨਾਲ ਲਿਖਿਆ ਹੈ। ਪੰਜਾਬ ਵਿਚ ਸਾਹਿਤ ਸਭਾਵਾਂ ਦੀ ਲਹਿਰ ਦਾ ਉਹ ਵਰਤਮਾਨ ਵਿਚ ਥੰਮ ਹੈ। ਪੰਜਾਬੀਅਤ ਦਾ ਸਿੱਕੇਬੰਦ ਸਿਪਾਹੀ। ਡਾ. ਮਾਨ ਅਤੇ ਸਾਹਿਤਕ ਕਲਾਕਾਰ ਬਾਰੇ ਆਪਣੇ ਵਿਚਾਰ ਰੱਖਣ ਵਾਲਿਆਂ ਵਿਚ ਪ੍ਰੋ. ਪ੍ਰੀਤਮ ਸਿੰਘ ਰਾਹੀ, ਡਾ. ਜਸਪਾਲ ਸਿੰਘ ਮਾਨ, ਡਾ. ਤੇਜਾ ਸਿੰਘ ਤਿੱਲਕ, ਕੰਵਰਜੀਤ ਭੱਠਲ, ਪਵਨ ਹਰਚੰਦਪੁਰੀ, ਗੁਰਮੇਲ ਮਡਾਹੜ, ਹਰਭਜਨ ਨੀਰ, ਸ਼ਰਨਜੀਤ ਕੌਰ, ਸੁਰਜੀਤ ਤਲਵਾਰ, ਗੁਲਜ਼ਾਰ ਸਿੰਘ ਸ਼ੌਂਕੀ ਸ਼ਾਮਿਲ ਸਨ। ਸਾਰਿਆਂ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਡਾ. ਤੇਜਵੰਤ ਮਾਨ ਵੱਲੋਂ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ 'ਸਾਹਿਤਕ ਕਲਾਕਾਰ' ਦੇ ਸੰਪਾਦਕ ਕੰਵਰਜੀਤ ਭੱਠਲ ਦਾ ਇਹ ਵਿਸ਼ੇਸ਼ ਅੰਕ ਕੱਢਣ ਉਤੇ ਧੰਨਵਾਦ ਕੀਤਾ। ਡਾ. ਤੇਜਵੰਤ ਮਾਨ ਨੇ ਆਪਣੇ ਧੰਨਵਾਦੀ ਸ਼ਬਦਾਂ ਵਿਚ ਪੰਜਾਬੀ ਲੇਖਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੱਜ 'ਸ਼ਬਦ' ਉਤੇ ਬਿਜਲਈ ਕਰਨ ਅਤੇ ਸੰਸਾਰ ਮੰਡੀ ਨੇ ਵੱਡਾ ਹਮਲਾ ਬੋਲ ਰੱਖਿਆ ਹੈ। ਇਸ ਦੀ ਰਾਖੀ ਕਰਨੀ ਸਾਡੇ-ਸਾਰੇ ਲੇਖਕਾਂ ਦਾ ਪਹਿਲਾ ਫਰਜ਼ ਹੈ। ਸ਼ਬਦ ਚੇਤਨਾ ਦੀ ਲਹਿਰ ਉਸਾਰਨ ਵਿਚ ਪੰਜਾਬ ਵਿਚ ਕੰਮ ਕਰਦੀਆਂ ਸਾਹਿਤਕ ਸਭਾਵਾਂ ਬੜਾ ਹੀ ਉਸਾਰੂ ਰੋਲ ਅਦਾ ਕਰ ਸਕਦੀਆਂ ਹਨ। ਇਸ ਮੌਕੇ ਉਤੇ ਕਵੀ ਦਰਬਾਰ ਵੀ ਹੋਇਆ। ਸਟੇਜ ਦੀ ਕਾਰਵਾਈ ਗੁਲਜ਼ਾਰ ਸ਼ੌਕੀ ਨੇ ਨਿਭਾਈ।

—ਗੁਲਜ਼ਾਰ ਸਿੰਘ ਸ਼ੌਕੀ
ਸਕੱਤਰ

ਸੰਤ ਗੁਰਭਜਨ ਸਿੰਘ ਸ਼ਰਧਾਂਜਲੀ ਸਮਾਰੋਹ

੧੪ ਮਈ ੨੦੦੬ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਜੇਲ ਰੋਡ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਸੈਕਟਰੀ ਸੰਤ ਗੁਰਭਜਨ ਸਿੰਘ ਨਾਮਧਾਰੀ ਦੀ ਯਾਦ ਵਿਚ ਉਹਨਾਂ ਦੇ ਪਰਿਵਾਰ (ਸੰਤ ਗੁਰਪ੍ਰੀਤ.ਸਿੰਘ, ਗੁਰਪ੍ਰਤੀਤ ਸਿੰਘ) ਵਲੋਂ ਸਮਾਗਮ ਕਰਵਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ ਤੇ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਪਹੁੰਚੇ। ਹੰਸਪਾਲ ਜੀ ਨੇ ਸ਼ਰਧਾਂਜਲੀ ਦਿੰਦਿਆ ਦੱਸਿਆ ਕਿ ਗੁਰਭਜਨ ਸਿੰਘ ਨੇ ਕਰੀਬ ੧੭ ਸਾਲ ਸ੍ਰੀ ਸਤਿਗੁਰੂ ਜੀ ਦੀ ਸੇਵਾ ਸੈਕਟਰੀ ਦੇ ਰੂਪ ਵਿਚ ਕੀਤੀ। ਜਿਥੇ ਉਹ ਇਕ ਸੂਝਵਾਨ ਇਨਸਾਨ ਸਨ ਉਥੇ ਉਹਨਾਂ ਨੂੰ ਇਤਿਹਾਸ ਅਤੇ ਕਵਿਤਾਵਾਂ ਲਿਖਣ ਦਾ ਵੀ ਸ਼ੌਕ ਸੀ। ਉਹ ਸਾਹਿਤ ਸਭਾ ਦੇ ਮੈਂਬਰ ਵੀ ਰਹੇ ਉਦੋਂ ਅੱਜ ਵਰਗੇ ਸਾਧਨ ਵੀ ਨਹੀਂ ਸਨ ਫਿਰ ਵੀ ਭੱਜ ਦੌੜ ਕਰ ਚਿੱਠੀਆਂ ਲਿਖਣੀਆਂ ਡੇਰੇ ਦੇ ਸਰਕਾਰੀ ਕੰਮ ਕਰਨੇ ਅਤੇ ਕਰਵਾਉਣੇ। ਹਮੇਸ਼ਾ ਸੇਵਾ ਵਿਚ ਰਹਿਣਾ। ਹੰਸਪਾਲ ਜੀ ਨੇ ਸੰਤਾਂ ਦੇ ਬੱਚਿਆਂ ਨੂੰ ਉਹਨਾਂ ਦੀ ਯਾਦ ਵਿਚ ਸਮਾਗਮ ਕਰਨ ਲਈ ਸ਼ਾਬਾਸ਼ੀ ਦਿੰਦਿਆ ਉਹਨਾਂ ਦੀਆਂ ਲਿਖਤਾਂ, ਚਿੱਠੀਆਂ ਆਦਿ ਨੂੰ ਇਕੱਤਰ ਕਰ ਕਿਤਾਬ ਛਾਪਣ ਲਈ ਵੀ ਉਤਸਾਹਿਤ ਕੀਤਾ। ਅੱਜ ਦੇ ਸਮਾਗਮ ਵਿਚ ਸਵ. ਸੰਤ ਦਲੀਪ ਸਿੰਘ ਨਾਮਧਾਰੀ ਅਤੇ ਜਥੇ. ਦਰਸ਼ਨ ਸਿੰਘ ਜੀ ਨੂੰ ਵੀ ਯਾਦ ਕੀਤਾ ਗਿਆ ਜੋ ਕਿ ਪਿਛਲੇ ਦਿਨੀ ਸਾਥੋਂ ਵਿਛੜ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਜਥੇਦਾਰ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ ਨੇ ਤੇ ਦੀਵਾਨ ਲਗਾਉਂਦਿਆਂ ਉਹਨਾਂ ਦੇ ਜੀਵਨ ਦੀਆਂ ਕੁਝ ਯਾਦਗਾਰੀ ਗਲਾਂ ਸਾਂਝੀਆਂ ਕੀਤੀਆਂ।

ਸ੍ਰੀ ਜੀਵਨ ਨਗਰ ਇਲਾਕੇ ਤੋਂ ਆਏ ਸਾਹਿਤ ਸਭਾ ਦੇ ਮੈਂਬਰਾਂ ਸਰਵ ਸ੍ਰੀ ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਜੋਗਿੰਦਰ ਸਿੰਘ ਮੁੱਕਤਾ, ਦਿਲੋਂ ਪ੍ਰੀਤ, ਕੁਲਦੀਪ ਸਿੰਘ ਨੇ ਜਿਥੇ ਉਹਨਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਉਥੇ ਕਵੀ ਦਰਬਾਰ ਕਰ ਉਹਨਾਂ ਦੀ ਯਾਦ ਵਿਚ ਕਵਿਤਾਵਾਂ ਵੀ ਪੜ੍ਹੀਆਂ।

ਸੂਬਾ ਹਰਭਜਨ ਸਿੰਘ ਜੀ ਨੇ ਸ਼ਰਧਾਂਜਲੀ ਦਿੰਦਿਆਂ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਰਹਿ ਸੇਵਾ ਕਰਨ ਲਈ ਪ੍ਰੇਰਿਆ ਉਹਨਾਂ ਕਿਹਾ ਕਿ ਸਾਨੂੰ ਵੀ ਸੇਵਾ ਪ੍ਰਤੀ ਸੰਤਾਂ ਵਾਂਗ ਹਰ ਵਕਤ ਸਮਰਪਿਤ ਰਹਿਣਾ ਚਾਹੀਦਾ ਹੈ।

ਇਹਨਾਂ ਤੋਂ ਇਲਾਵਾ ਸ੍ਰੀ ਪ੍ਰਸ਼ੋਤਮ ਲਾਲ ਖਲੀਫਾ (ਕੌਂਸਲਰ) ਗਿਆਨੀ ਜੋਗਿੰਦਰ ਸਿੰਘ, ਗੁਰਮੁੱਖ ਸਿੰਘ ਰਹਿਬਰ, ਅਜੀਤ ਸਿੰਘ ਨਾਮਧਾਰੀ, ਅਜੀਤ ਸਿੰਘ ਲਾਇਲ, ਨਵਤੇਜ ਸਿੰਘ, ਸੂਬਾ ਚਰਨਜੀਤ ਸਿੰਘ ਅਤੇ ਸੰਤ ਜਸਬੀਰ ਸਿੰਘ ਜੀ ਨੇ ਸ਼ਰਧਾਂਜਲੀ ਦਿੱਤੀ।

ਪ੍ਰਤੀਕਿਰਿਆ

ਮਈ ਅੰਕ ਵਿਚ ਸ. ਸਾਧੂ ਸਿੰਘ ਕਿਸਾਨ ਦੀ ਆਪਣੇ ਪਿਤਾ ਸੰਤ ਤਰਨ ਸਿੰਘ ਵਹਿਮੀ ਬਾਰੇ ਲੇਖ 'ਗ੍ਰਹਿਸਤੀ ਸੰਤ' ਦੀ ਤੀਜੀ ਕਿਸ਼ਤ ਵਿਚ ਦੁਧਾਰੂ ਡੰਗਰਾਂ ਵਿਚ ਇਕ ਗਊ ਦੀ ਜ਼ਰੂਰੀ ਹੋਂਦ ਬਾਰੇ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਬਚਨ ਅਤੇ ਬਚਨ ਪ੍ਰਤੀਪਾਲਨਾ ਤੋਂ ਬਾਦ ਕਾਮਧੇਨੂ ਵਿਕਾਸ ਦਾ ਪ੍ਰਸੰਗ ਪੜ੍ਹਿਆ। ਗਊ ਪਾਲਨ ਤੇ ਸੇਵਾ ਦਾ ਇਕ ਸਜਰਾ ਸਬਬ ਯਾਦ ਆ ਗਿਆ ਹੈ। ਸਬਬੀਂ ਢਕਾਣਸੂ (ਰਾਜਪੁਰੇ) ਡੇਰੇ ਦੀ ਇਕ ਗਊ ਨਿਰਮਲ ਸਿੰਘ ਗੁਰੂ ਮਾਜਰੇ ਵਾਲੇ ਨੂੰ ਦੇ ਕੇ ਕਿਹਾ ਕੇ ਅੱਧਾ ਦੁੱਧ ਡੇਰੇ ਪੁਚਾ ਦਿਆ ਕਰੀਂ। ਉਸ ਸਮੇਂ ਨਿਰਮਲ ਸਿੰਘ ਤੇ ਉਸਦਾ ਪਿਤਾ ਦੋਵੇਂ ਡੇਰੇ ਦੀ ਉਸਾਰੀ ਵਿਚ ਦਿਹਾੜੀਦਾਰ ਮਜ਼ੂਰ ਸਨ। ਘਰ ਦੇ ਹਾਲਾਤ ਪੁੱਠੇ ਪੈ ਚੁੱਕੇ ਸਨ ਤੇ ਕੇਵਲ ੪ ਕਿੱਲੇ ਜ਼ਮੀਨ ਹੈ ਸੀ। ਜਿਹੜੀ ਗਊ ੨ ਕਿਲੋ ਦੁੱਧ ਦਿੰਦੀ ਸੀ ਸੇਵਾ ਨਾਲ ੬-੮ ਕਿਲੋ ਤਕ ਪੁੱਜ ਗਈ ਪਰ ਨਾਲ ਉਨ੍ਹਾਂ ਦੇ ਘਰ ਵਿਚ ਲਹਿਰ ਬਹਿਰ ਹੋਣੀ ਸ਼ੁਰੂ ਹੋ ਗਈ। ਦੁੱਧ ਡੇਰੀ ਦਾ ਕੰਮ ਮੁੜ ਪੁਰਾਣੇ ਟਿਕਾਨੇ ਤੇ ਆ ਗਿਆ। ਚਾਰ ਕਿੱਲੇ ਜ਼ਮੀਨ ਠੇਕੇ ਤੇ ਲੈ ਲਈ ਤੇ ਨਵਾਂ ਟਰੈਕਟਰ ਲੈ ਕੇ ਮਿੱਟੀ ਰੇਤ ਦੀ ਢੁਆਈ ਲਈ ੫-੭ ਮਜ਼ੂਰ ਪੱਕੇ ਰੱਖੇ ਹੋਏ ਹਨ। ਮਕਾਨ ਵੀ ਪੱਕੇ ਪੈ ਗਏ ਹਨ। ਗਊ ਦੀ ਸੇਵਾ ਕਾਮਧੇਨੂ ਫਲ ਕਿਵੇਂ ਦਿੰਦੀ ਹੈ ਇਹ ਪ੍ਰਤੱਖ ਦੇਖੀ ਹੈ, ਅਤੇ ਵਹਿਮੀ ਜੀ ਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਵੱਲੋਂ ਕੀਤੇ ਬਚਨ ਦੀ ਗੰਭੀਰਤਾ ਪ੍ਰਤੱਖ ਪ੍ਰਮਾਣਿਤ ਹੋਈ ਲਗਦੀ ਹੈ।

ਕਿਸਾਨ ਜੀ ਨੂੰ ਨਿਜੀ ਤੌਰ ਤੇ ਖ਼ਤ ਲਿਖੇ ਹਨ, ਉੱਤਰ ਨਹੀਂ ਆਇਆ। ਇਸ ਪਰਚੇ ਮਾਰਫਤ ਬੇਨਤੀ ਹੈ ਕਿ 'ਜਸਜੀਵਨ' ਦਾ ਤੀਜਾ ਭਾਗ ਭਿਜਵਾ ਦੇਣ ਤਾਂ ਬੜੀ ਕਿਰਪਾ ਹੋਵੇਗੀ, ਬਾਕੀ ਪੰਜ ਭਾਗ ਮੇਰੇ ਕੋਲ ਹੈਣ। ਬੀਜਾ ਸੋਰਠ ਦਾ ਵਹਿਮੀ ਜੀ ਦਾ ਲਿਖਿਆ ਪ੍ਰਸੰਗ ਨੂੰ ਵਰਿਆਮ ਵਿਚ ਛਪਵਾਣ ਦੀ ਖੇਚਲ ਕਰਨਾ।

ਕਰਤਾਰ ਸਿੰਘ ਨੀਲਧਾਰੀ, ਚੰਡੀਗੜ੍ਹ

(ਲੋੜੀਂਦਾ ਜਸ ਜੀਵਨ ਕਿਸਾਨ ਜੀ ਵੱਲੋਂ ਆਪ ਨੂੰ ਪੁੱਜ ਜਾਵੇਗਾ — ਸੰਪਾਦਕ)

***

'ਵਰਿਆਮ' ਪੜ੍ਹਕੇ ਆਨੰਦ ਆ ਜਾਂਦਾ ਹੈ। ਬਹੁਤ ਕੁਝ ਵੱਖਰਾ ਅਤੇ ਮੇਰੀ ਰੁਚੀ ਦੇ ਮੁਤਾਬਕ ਸਮੱਗਰੀ ਹੁੰਦੀ ਹੈ। ਮੇਹਨਤ ਸਫ਼ਲ ਹੋ ਰਹੀ ਹੈ। ਵਧਾਈ ਹੋਵੇ।

ਹਰਮਹਿੰਦਰ ਸਿੰਘ ਬੇਦੀ, ਹਿੰਦੀ ਵਿਭਾਗ
ਗੁਰੂ ਨਾਨਕ ਦੇਵ, ਯੂਨੀਵਰਸਟੀ, ਅੰਮ੍ਰਿਤਸਰ

***

ਮਈ ਦੇ ਵਰਿਆਮ ਦੇ ਮੁੱਖ ਪੰਨੇ ਉੱਪਰ ਛਪੀ ਕਵਿਤਾ ਹੇਠਾਂ 'ਅੰਮ੍ਰਿਤਾ ਪ੍ਰੀਤਮ' ਦਾ ਨਾਂ ਅਤੇ ਤਸਵੀਰ ਹੈ। ਪਰ ਮੇਰੀ ਜਾਚੇ ਇਹ ਕਵਿਤਾ ਪ੍ਰੋ: ਮੋਹਨ ਸਿੰਘ ਦੀ ਹੈ। ਜਾਪਦਾ ਹੈ ਕੋਈ ਭੁੱਲ ਹੋ ਗਈ ਹੈ। ਸੰਭਵ ਹੈ ਮੈਂ ਗ਼ਲਤ ਹੋਵਾਂ। ਕਿਰਪਾ ਕਰਕੇ ਸਪੱਸ਼ਟ ਕਰਨ ਦੀ ਖੇਚਲ ਕਰਨਾ ਜੀ। ਕਵਿਤਾ ਦੀ ਛਪਾਈ ਵਿੱਚ ਵੀ ਗ਼ਲਤੀਆਂ ਹਨ- ਜਿਵੇਂ 'ਗੋਲ ਗੋਲ ਬਾਹੀਂ' ਨੂੰ ਗੱਲ ਗੱਲ ਬਾਹੀਂ ਲਿਖਿਆ ਗਿਆ ਹੈ। ਖਿਮਾਂ ਚਾਹੁੰਦਾ ਹਾਂ। ਸ਼ੁਭ ਇੱਛਾਵਾਂ ਸਹਿਤ,

—ਨਵਰਾਹੀ ਘੁਗਿਆਣਵੀ

(ਇਸ ਗੱਲ ਵਲ ਸਤਿਕਾਰਤ ਸ. ਸੰਤੋਖ ਸਿੰਘ ਧੀਰ ਹੋਰਾਂ ਸਮੇਤ ਕਈ ਪਾਠਕਾਂ ਧਿਆਨ ਦੁਆਇਆ ਹੈ। ਇਹ ਤਕਨੀਕੀ ਕਾਰਨ ਕਰਕੇ ਹੋਇਆ ਹੈ। ਸਭ ਪਾਠਕਾਂ ਦਾ ਧੰਨਵਾਦ ਹੈ। *—ਸੰਪਾਦਕ)*

***

ਪਰਚਾ ਲਗਾਤਾਰ ਮਿਲ ਰਿਹਾ ਹੈ। ਭਾਪਾ ਪ੍ਰੀਤਮ ਸਿੰਘ ਜੀ ਨੂੰ ਆਪਣੇ ਸ਼ਬਦਾਂ ਵਿਚ ਯਾਦ ਕੀਤਾ ਚੰਗਾ ਲਗਾ। ਸੰਪਾਦਕੀ ਨੋਟ 'ਚ 'ਅਸੀਂ ਪੁੱਛ ਰਹੇ ਹਾਂ' ਤਾਂ ਤੁਸੀਂ ਮੇਰੇ ਮਨ ਦੀ ਤਰਜਮਾਨੀ ਹੀ ਕਰ ਦਿੱਤੀ ਹੈ। ਜਿਵੇਂ ਇਕ ਲਾਗਲੇ ਘਰ ਵਿਆਹ ਸੀ। ਸ਼ਾਮ ਨੂੰ ਵਿਆਹ ਦੇ ਧੂਤੂਆਂ ਤੇ ਪਟਾਕਿਆਂ ਨੇ ਕੰਨ ਪਾੜਨੇ ਹੀ ਸਨ ਸੋ ਖੂਬ ਪਾੜੇ। ਰਾਤ ਕੋਠੇ ਤੇ ਪਿਆ ਸਾਂ ੧੦ ਵਜੇ ਦੇ ਕਰੀਬ ਬੰਬਾਂ ਨੇ ਵਾਹਵਾ ਕੰਨ ਪਾੜੇ। ਏਥੇ ਹੀ ਬੱਸ ਨਹੀਂ ਰਾਤ ੧੧ ਵਜੇ ਫਿਰ ਕੰਨ ਪਾੜੇ। ਮੈਂ ਪੁੱਛਦਾ ਹਾਂ ਕਿ ਇਹ ਬੰਬ ਆਪਣੀ ਖੁਸ਼ੀ ਲਈ ਚਲਾਏ ਸਨ ਜਾਂ ਸਾਡੇ ਕੰਨ ਪਾੜਨ ਲਈ। ਏਸੇ ਤਰ੍ਹਾਂ ਸਿਆਸਤ ਦੇ ਰੂਪ 'ਤੇ ਡਾ. ਹਰਚਰਨ ਸਿੰਘ ਜੀ ਬਾਰੇ ਵਿਚਾਰ ਚੰਗੇ ਲੱਗੇ। ਇਸ ਲਈ ਸ਼ਾਬਾਸ਼ ਭੇਜ ਰਿਹਾ ਹਾਂ।

—ਚਰਨ ਸੀਚੇਵਾਲਵੀ - ਜਲੰਧਰ

***

'ਨੀਤਸ਼ੇ ਦਾ ਸ਼ਕਤੀ-ਸਿਧਾਂਤ', ਪਛਮੀ ਸਭਿਆਚਾਰ ਇਸ ਫਲਸਫੇ ਦਾ ਸਦਾ ਹੀ ਕਾਇਲ ਰਿਹਾ ਹੈ ਅੱਜ ਭੀ ਨਜ਼ਰ ਆ ਰਿਹਾ ਹੈ ਪ੍ਰੰਤੂ ਇਸ ਦੀ ਗੁਰੂ ਗੋਬਿੰਦ ਸਿੰਘ ਜੀ ਸੰਗ ਤੁਲਨਾ ਕਰਨੀ ਮੈਨੂੰ ਯੋਗ ਜਹੀ ਨਹੀਂ ਲਗਦੀ ਜੋ ਅਕਾਲ ਪੁਰਖ ਤੋਂ ਬਾਹਰ ਕਦੇ ਦੇਖਦੇ ਹੀ ਨਹੀਂ ਸਨ। ਅਸੀਂ ਭੀ ਉਸ ਦੇ ਫਤਿਹ ਭੀ ਉਸ ਦੀ ਪਰਮ-ਪੁਰਖ ਕਾ ਦਾਸਾ ਤੋ ਵਿਚ ਆਉਂਦਾ ਹੀ ਕਿਧਰੇ ਨਹੀਂ।

ਇੱਕ ਵਿਆਖਿਆਕਾਰ ਦੇ ਪੱਖੋਂ ਅਨਜਾਣ ਜੀਆਂ ਨੂੰ,

ਵਿਰਕ ਜੀਆਂ ਦਾ ਬੜੇ ਹੀ ਵਿਸਥਾਰ ਨਾਲ ਦਰਸਾਉਣਾ ਇਸ ਕਰਕੇ ਭੀ ਬਹੁਤ ਉੱਤਮ ਲੱਗ ਰਿਹਾ ਹੈ ਕਿ ਇਨ੍ਹਾਂ ਲਿਖਣ ਲੱਗਿਆਂ ਬੋਲੀ ਦੀ ਸਰਲਤਾ ਵਲ ਬੜਾ ਧਿਆਨ ਦਿੱਤਾ ਹੈ। ਲਫ਼ਜ਼ਾਂ ਦੀ ਬਨਾਵਟ ਤੇ ਚਾਲ ਵਿਚ ਕਿਧਰੇ ਭੀ ਐਨੇ ਡੂੰਘੇ ਨਹੀਂ ਗਏ ਕਿ ਪ੍ਰੋ. ਅਨਜਾਣ ਨੂੰ ਸਮਝੌਣ ਤੋਂ ਪਹਿਲਾਂ ਇਨ੍ਹਾਂ ਦੀ ਲੇਖਣੀ ਸਮਝਣ ਤੇ ਹੀ ਜ਼ੋਰ ਲੱਗ ਜਾਏ। ਧੰਨਵਾਦ

'ਰੂਪ ਰੱਬ ਦਾ' ਵੇਖਣ ਵਾਲੀ ਗੱਲ ਇਹ ਹੈ ਕਿ ਇਹ ਘਰ-ਘਰ ਕਿਵੇਂ ਤੇ ਕਿਸ ਕੀਮਤ ਤੇ ਪੁਜਾਈ ਜਾਵੇਗੀ। ਮਾਇਆਵੀ ਯੁੱਗ ਹੈ। ਇਸ ਨਾਲ ਟਕਰਾਉਣਾ ਹੈ ਜਾਂ ਇਸ ਦੀ ਧਾਰਾ ਸੰਗ ਵਹਿ ਜਾਣਾ ਹੈ। ਬਾਰਾਂ ਮਾਹਾਂ ਭਾਈ ਚੰਦਾ ਸਿੰਘ ਦੀ ਅਲੋਚਨਾ ਵਿਚ ਸਨੇਹੀ ਜੀ ਦੇ ਪੈਰ ਪੈਰ ਤੇ ਫੁਟਨੋਟ ਲੇਖ ਨੂੰ ਬੜਾ ਮਜ਼ਬੂਤ ਬਣਾ ਰਹੇ ਹਨ। ਕਿਸਾਨ ਜੀਆਂ ਦੇ ਇਸ ਲੇਖ ਨੇ ਪਾਠਕਾਂ ਦੀ ਵਹਿਮੀ ਜੀਆਂ ਦੇ ਪ੍ਰੀਵਾਰ ਤੇ ਉਹਨਾਂ ਦੇ ਜੀਵਨ ਨਾਲ ਚੰਗੀ ਗਾੜ੍ਹੀ, ਸਾਂਝ ਬਣਾ ਦਿੱਤੀ ਹੈ।

ਸਤਿਗੁਰ ਦਰਸ਼ਨ ਕਲਸੀ ਜੀਆਂ ਦੀ ਯਾਦਾਂ ਦਾ ਕ੍ਰਿਸ਼ਮਾ ਹੈ।

ਸਿਮ੍ਰਤੀ ਗ੍ਰੰਥ ਵਿਚੋਂ ਇਹ ਲੇਖ ਦੇ ਤੁਸਾਂ ਭਾਪਾ ਪ੍ਰੀਤਮ ਸਿੰਘ ਨਾਲ ਪਾਠਕਾਂ ਦੀ ਰਸੀਲੀ ਜਾਣ ਪਛਾਣ ਕਰਾਈ ਹੈ, ਪਤਾ ਲਗਦਾ ਹੈ ਕਿ ਨਾਮਧਾਰੀ ਕਿੱਥੇ ਕਿੱਥੇ ਤੱਕ ਪੁੱਜੇ ਹੋਏ ਹਨ। ਧੰਨਵਾਦ ।

ਜੁਗਿੰਦਰ ਸਿੰਘ ਮੁਕਤਾ ਦੇ ਸਾਹਿਤਕ ਦਰਸ਼ਨ ਭੀ ਬੜੇ ਲਾਭਦਾਇਕ ਹਨ।

ਕਵਿਤਾ ਵਿਚ ਲਿਖਣ ਲੱਗਿਆ— ਅੰਮ੍ਰਿਤਾ ਪ੍ਰੀਤਮ ਦੀ ਨਜ਼ਰ ਪੀਂਘ ਝੂਟਕੇ ਬਣੇ ਪਤਲੇ ਲੱਕ ਨੂੰ ਰੂਪਮਾਨ ਕਰਦੀ ਹੈ ਤੇ ਅੱਜ ਦੀ ਕੁੜੀ ਦਰਸ਼ਕਾਂ ਅੱਗੇ ਸਟੇਜ ਤੇ ਇਸ ਦੀ ਪਰਦਰਸ਼ਨੀ ਕਰਦਿਆਂ ਜ਼ਰਾ ਨਹੀਂ ਸ਼ਰਮਾਉਂਦੀ ਤੇ ਅਸੀਂ ਸਭ ਨਸ਼ਈ ਹੋ, ਸਲਾਹਣਾ ਵਜੋਂ ਉਸ ਤੇ ਨੋਟਾਂ ਦੀ ਵਰਖਾ ਕਰਦੇ ਹਾਂ। ਕੈਸਟਾਂ ਵਿਚ ਜੋ ਗੀਤ ਸੁਣਨ ਵਿਚ ਆਉਂਦੇ ਹਨ ਉਹ ਤੇ ਇਸ ਲੱਕ ਨੂੰ ਭੀ ਪਾਸੇ ਕਰ ਗਏ ਹਨ। ਇਹ ਪੰਜਾਬ ਮਾਤਾ ਗੁਜਰੀ, ਮਾਤਾ ਸੁੰਦਰੀ ਤੇ ਮਾਤਾ ਚੰਦ ਕੌਰ ਦਾ ਹੈ ਜਾਂ......। ਅਪ੍ਰੈਲ ਦਾ ਮੇਰਾ ਅੰਕ ਨਹੀਂ ਪੁਜਿਆ ਪ੍ਰੰਤੂ ਮਈ ਦਾ ਜ਼ਰੂਰ ਪੁੱਜ ਗਿਆ ਇਸ ਨਵੇਂ ਪਤੇ ਤੇ। ਜੂਨ-ਜੁਲਾਈ ਅਗਸਤ ਪਿੰਡ ਦੇ ਪਤੇ ਤੇ ਪੋਸਟ ਕਰਵਾ ਦੇਣੇ ੨੯ ਮਈ ਨੂੰ ਅਮ੍ਰਿਤਸਰ ਪੁੱਜ ਜਾਵਾਂਗੇ।

ਪਿੰਡ ਦਾ ਪਤਾ: ਦਲਬੀਰ ਸਿੰਘ ਤਰਸ ਅਸ਼ਟਰੇਲੀਆ ਪਿੰਡ-ਡਾਕ ਮੁਠੱਡਾ ਕਲਾਂ ਵਾਇਆ ਗੁਰਾਇਆ, (ਜਲੰਧਰ)

—ਦਲਬੀਰ ਸਿੰਘ ਤਰਸ, ਸਿਡਨੀ

***

ਆਸ ਕਰਦੀ ਹਾਂ ਕਿ ਆਪ 'ਵਰਿਆਮ ਪਰਿਵਾਰ ਸਹਿਤ ਚੜਦੀਆਂ ਕਲਾਂ ਵਿਚ ਹੋਵੋਗੇ। ਇਸ ਬੇਹੱਦ ਗਰਮ ਮੌਸਮ ਵਿੱਚ 'ਵਰਿਆਮ' ਦਾ ਘਰ ਵਿੱਚ ਆਉਣਾ ਠੰਡਕ ਦਾ ਅਹਿਸਾਸ ਕਰਵਾਉਂਦਾ ਹੈ। ਇਸ ਵਿੱਚ ਵਿਲੱਖਣ ਜਾਣਕਾਰੀ ਭਰਪੂਰ ਸਮੱਗਰੀ ਹੀ ਇਸ ਦੀ ਵੱਖਰੀ ਪਹਿਚਾਣ ਹੈ। ਪ੍ਰਮਾਤਮਾ ਕਰੇ ਇਸੇ ਤਰ੍ਹਾਂ ਬੁਲੰਦੀਆਂ ਨੂੰ ਛੂਹੰਦਾ ਹੋਇਆ 'ਵਰਿਆਮ' ਆਪ ਜੀ ਦੀ ਅਣਥੱਕ ਮੇਹਨਤ ਸਦਕਾ ਅਤੇ ਆਪ ਜੀ ਦੇ ਮੇਹਨਤੀ ਸਟਾਫ ਦੇ ਸਹਿਯੋਗ ਸਦਕਾ ਪਾਠਕਾਂ ਦੇ ਮਨਾਂ ਵਿੱਚ ਵਸੰਦਾ ਰਹੇ, ਗੱਲ ਬਾਤ ਕਰਦਾ ਰਹੇ।

—ਨੀਲਮ ਸੰਜੀਵ, ਨੰ੦ 19
ਸ਼ੂਗਰ ਮਿਲ ਫਗਵਾੜਾ

***

ਵਰਿਆਮ ਮਈ ੨੦੦੬ ਅੰਕ ਮਿਲਿਆ ਸੰਪਾਦਕੀ ਨੋਟ ਬਹੁਤ ਪਸੰਦ ਆਇਆ। ਸ੍ਰੀਮਤੀ ਅੰਮ੍ਰਿਤਾ ਦੀ ਪੰਜਾਬ ਦੀ ਕੁੜੀ ਅਤੇ ੫੦ ਵਰ੍ਹੇ ਪਹਿਲਾਂ ਦੀ ਫੋਟੋ ਚੰਗੀ ਲੱਗੀ। ਨਿਤਸ਼ੇ ਦਾ ਸ਼ਕਤੀ ਸਿਧਾਂਤ ਲੇਖ ਚੰਗੀ ਸਿਧਾਂਤਕ ਜਾਣਕਾਰੀ ਉਪਲਬਧ ਕਰਦਾ ਹੈ।

ਸੌ ਸਾਲ ਦੀ ਉਮਰ ਦਾ ਵੇਰਵਾ ਪੁਰਾਣੇ ਮਾਖਿਓਂ ਵਿਚ ਅਤਿ ਢੁਕਵਾਂ ਹੈ। ਇਹ ਗੱਲ ਚੰਗੀ ਲਗੀ ਤੁਸੀਂ ਇਕ ਸਾਧੂ ਸੁਭਾ ਵਾਲੇ ਕਵੀ ਨੂੰ ਯਾਦ ਕੀਤਾ ਹੈ ਸ਼ਾਇਦ ਏਸ ਲਈ ਕਿ ਤੁਸੀਂ ਵੀ ਸਾਧੂ ਸੁਭਾ ਵਾਲੇ ਬੁੱਧੀਜੀਵੀ ਹੋ।

—ਸਿਰੀ ਰਾਮ ਅਰਸ਼
ਮੋਹਾਲੀ

***

ਵਰਿਆਮ ਲਗਾਤਾਰ ਮਿਲ ਰਿਹਾ ਹੈ। ਤਕਰੀਬਨ ਸਾਰੇ ਹੀ ਮੈਟਰ ਤੇ ਅਕਸਰ ਝਾਤ ਮਾਰ ਲੈਂਦੀ ਹਾਂ। ਮਈ ਅੰਕ ਵਿਚੋਂ ਮੈਂ ਭਾਪਾ ਜੀ ਬਾਰੇ ਲਿਖਿਆ ਆਪ ਦਾ ਆਰਟੀਕਲ ਦੁਬਾਰਾ ਪੜ੍ਹਿਆ ਭਾਵੇਂ ਪਹਿਲਾਂ ਵੀ ਸਿਮਰਤੀ ਗ੍ਰੰਥ ਵਿਚ ਉਸ ਨੂੰ ਪੜ੍ਹ ਚੁਕੀ ਸਾਂ। ਬਹੁਤ ਔਖਾ ਲਗਿਆ। ਖ਼ਬਰਨਾਮਾ ਵੀ ਬਹੁਤ ਚੰਗਾ ਲਗਦਾ ਹੈ। ਬਹੁਤ ਸਮਾਂ ਪਹਿਲਾਂ ਮੈਂ ਇਕ ਕਵਿਤਾ ਭੇਜੀ ਸੀ ਪਤਾ ਨਹੀਂ ਕੀ ਹੋਇਆ ਉਸ ਦਾ ? ਖੈਰ ਵਰਿਆਮ ਭੇਜਣ ਲਈ ਬਹੁਤ ਧੰਨਵਾਦ। ਬੈਠੇ ਬਿਠਾਏ ਬਹੁਤ ਕੁਝ ਜਾਣ ਲਈਦਾ ਹੈ। ਵਰਿਆਮ ਦੀ ਲੰਬੀ ਉਮਰ ਲਈ ਦੁਆ ਕਰਦੀ ਹਾਂ।

—ਬਚਿੰਤਰ ਕੌਰ
ਖਿਆਸ ਹਾਸਪੀਟਲ ਖਿਆਸ

***



ਸਾਹਿਤ ਸਭਾ ਧੂਰੀ ਵੱਲੋਂ ਸਾਹਿਤਕ ਕਲਾਕਾਰ ਦਾ ਡਾ. ਤੇਜਵੰਤ ਮਾਨ ਵਿਸ਼ੇਸ਼ ਅੰਕ ਰੀਲੀਜ਼ ਕਰਦੇ ਹੋਏ
ਸ. ਜਸਵੰਤ ਸਿੰਘ ਕੰਵਲ ਤੇ ਹੋਰ ਸਾਥੀ।



ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਸਮਾਹੋਰ "ਸ਼ਿਵ ਦੀ ਸ਼ਾਇਰੀ ਦੀ ਸ਼ਾਮ" ਦੌਰਾਨ ਮੁੱਖ ਮਹਿਮਾਨ ਜੇ. ਐਸ. ਕੇਸਰ (ਆਈ ਏ ਐਸ)
ਅਤੇ ਜੇ ਆਰ ਕੁੰਡਲ (ਆਈ ਏ ਐਸ) ਦਾ ਸਵਾਗਤ ਕਰਦੇ ਸ. ਜਨਕ ਰਾਜ ਸਿੰਘ (ਪ੍ਰਧਾਨ) ਅਤੇ ਕਰਮ ਸਿੰਘ ਵਕੀਲ (ਮੀਤ ਪ੍ਰਧਾਨ)

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75 June-2006

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫ਼ੋਨ : 0181-2222543, ਨਿਵਾਸ : 0181-2456289